ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

7-13 ਜੂਨ 2023

ਸਾਲ 14ਵਾਂ - ਅੰਕ 24

email : info@sadelok.com

Ph. : 510-706-1300

Fax : 925-373-1300

## ਕੈਲੀਫੋਰਨੀਆ ਸੈਨੇਟ ਨੇ ਮੋਟਰਸਾਈਕਲ ਚਲਾਉਣ ਵੇਲੇ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਵਾਲਾ ਬਿੱਲ ਪਾਸ ਕੀਤਾ



(ਦੇਖੋ ਸਫ਼ਾ 6 'ਤੇ)

### ਰਾਹੁਲ ਗਾਂਧੀ ਨੇ '84 ਵਿੱਚ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਦੁੱਖ ਪ੍ਰਗਟਾਇਆ



6

### ਸਿੱਧੂ ਸਾਹਿਬ ਤੁਸੀਂ ਵੀ ਦੂਜੀ ਪਤਨੀ ਦੇ ਪੁੱਤਰ ਹੋ ਤੇ ਬਦਲਾਅ ਨਾਲ ਹੀ ਦੁਨੀਆ 'ਚ ਆਏ ਹੋ : ਭਗਵੰਤ ਮਾਨ



21

### ਕੈਨੇਡਾ ਤੋਂ ਵਾਪਸ ਭੇਜੇ ਜਾ ਰਹੇ ਪੰਜਾਬੀਆਂ ਦੇ ਮਸਲੇ ਸਬੰਧੀ ਮੰਤਰੀ ਧਾਲੀਵਾਲ ਨੇ ਕੇਂਦਰ ਨੂੰ ਲਿਖਿਆ ਪੱਤਰ



20

## ਸ਼੍ਰੀ ਗੁਰੂ ਅਰਜਨ ਦੇਵ ਦੀ ਦਾ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 39ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਭਾਰੀ ਇਕੱਠ



ਸੈਨ ਫਰਾਂਸਿਸਕੋ, ਕੈਲੀਫੋਰਨੀਆ : ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 39 ਵੀਂ ਵਰ੍ਹ ਗੰਢ ਸੈਨ ਫਰਾਂਸਿਸਕੋ ਵਿਖੇ ਨਗਰ ਕੀਰਤਨ ਦੇ ਰੂਪ 'ਚ ਸਮੂਹਕ ਤੌਰ 'ਤੇ ਮਨਾਈ। ਇਸ ਮੌਕੇ ਵਿਸ਼ਾਲ ਸਮਾਗਮ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਕੇਂਦਰੀ ਵਾਦੀ ਤੇ ਹੋਰ ਵੱਖ-ਵੱਖ ਥਾਵਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ।

(ਦੇਖੋ ਸਫ਼ਾ 30-37 'ਤੇ)

## ਬੱਚਿਆਂ ਦੇ ਅੰਤਰਰਾਸ਼ਟਰੀ ਹਾਕੀ Cal Cup International Hockey Tournament 'ਚ Tracy kids' Hockey Club ਟਰੇਸੀ ਨੇ ਜਿੱਤਿਆ ਦੂਸਰਾ ਸਥਾਨ



(ਦੇਖੋ ਸਫ਼ਾ 14 'ਤੇ)

## ਸਿੱਖਾਂ 'ਤੇ ਹਮਲਿਆਂ ਖ਼ਿਲਾਫ਼ ਇਕਜੁੱਟ ਹੋਵੇ ਕੌਮ: ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ 1984 'ਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਅੱਜ ਘੱਲੂਘਾਰਾ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂਅ ਖਾਸ ਸੰਦੇਸ਼ ਦਿੱਤਾ। ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਅਤੇ ਹੋਰ ਹਮਲਿਆਂ ਦਾ ਨਿਆਂ ਹੁਕਮਰਾਨਾਂ ਕੋਲੋਂ ਮੰਗਣ ਦੀ ਲੋੜ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਸਮੁੱਚੀ ਸਿੱਖ ਸ਼ਕਤੀ ਇਕਜੁੱਟ ਹੋਵੇ, ਜਿਸ ਅੱਗੇ ਸਰਕਾਰਾਂ ਖੁਦ ਝੁਕਣ ਵਾਸਤੇ ਮਜਬੂਰ ਹੋਣਗੀਆਂ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਨੂੰ ਇੱਕਜੁਟ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ। ਇਹ ਘੱਲੂਘਾਰਾ ਸਿੱਖਾਂ ਦੇ ਦਿਲ 'ਤੇ ਲੱਗੇ ਗਹਿਰੇ ਜ਼ਖ਼ਮ ਹਨ। ਉਨ੍ਹਾਂ ਸਮੇਂ ਦੀਆਂ ਸਰਕਾਰਾਂ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ 1984 ਦਾ ਘੱਲੂਘਾਰਾ ਸਿੱਖਾਂ ਦੀ ਕਮਜ਼ੋਰੀ ਨਹੀਂ ਹੈ, ਬਲਕਿ

(ਦੇਖੋ ਸਫ਼ਾ 24 'ਤੇ)


















# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

# RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਜੇ ਸਿੰਘ ਬੰਗਾ ਨੇ ਵਿਸ਼ਵ ਬੈਂਕ ਦੇ 14ਵੇਂ ਮੁਖੀ ਵਜੋਂ ਸੰਭਾਲਿਆ ਅਹੁਦਾ



ਵਾਸ਼ਿੰਗਟਨ : ਭਾਰਤੀ-ਅਮਰੀਕੀ ਅਜੇ ਬੰਗਾ ਨੇ ਬੀਤੇ ਦਿਨੀਂ ਵਿਸ਼ਵ ਬੈਂਕ ਦੇ ਮੁਖੀ ਦਾ ਅਹੁਦਾ ਸੰਭਾਲ ਲਿਆ। ਇਸ ਦੇ ਨਾਲ ਹੀ ਉਹ ਦੋ ਗਲੋਬਲ ਵਿੱਤੀ ਸੰਸਥਾਨਾਂ-ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਫੰਡ (ਆਈ. ਐੱਮ. ਐੱਫ.) ਦੀ ਪ੍ਰਧਾਨਗੀ ਕਰਨ ਵਾਲੇ ਪਹਿਲੇ ਅਸ਼ਵੇਤ ਵਿਅਕਤੀ ਬਣ ਗਏ ਹਨ। ਵਿਸ਼ਵ ਬੈਂਕ ਦੇ ਕਾਰਜਕਾਰੀ ਡਾਇਰੈਕਟਰਾਂ ਨੇ 3 ਮਈ ਨੂੰ ਬੰਗਾ (63) ਨੂੰ ਵਿਸ਼ਵ ਬੈਂਕ ਦੇ 14ਵੇਂ ਮੁਖੀ ਵਜੋਂ ਚੁਣਿਆ ਸੀ। ਉਨ੍ਹਾਂ ਦਾ ਕਾਰਜਕਾਲ ਪੰਜ ਸਾਲ ਦਾ ਹੋਵੇਗਾ। ਰਾਸ਼ਟਰਪਤੀ ਜੋ ਬਾਈਡੇਨ ਨੇ ਫਰਵਰੀ ਵਿਚ ਐਲਾਨ ਕੀਤਾ ਸੀ ਕਿ ਵਿਸ਼ਵ ਬੈਂਕ ਦੇ ਮੁਖੀ ਦੇ ਅਹੁਦੇ ਲਈ ਅਮਰੀਕਾ ਬੰਗਾ ਨੂੰ ਨਾਮਜ਼ਦ ਕਰੇਗਾ।

ਵਿਸ਼ਵ ਬੈਂਕ ਨੇ ਬੀਤੇ ਦਿਨੀਂ ਬੰਗਾ ਦੀ ਮੁੱਖ ਦਫਤਰ ਵਿਚ ਐਂਟਰੀ ਕਰਦੇ ਹੋਏ ਫੋਟੋ ਪੋਸਟ ਕਰਦੇ ਹੋਏ ਟਵੀਟ ਕੀਤਾ, "ਸਾਡੇ ਨਾਲ ਮਿਲ ਕੇ ਵਿਸ਼ਵ ਬੈਂਕ ਸਮੂਹ ਦੇ ਨਵੇਂ ਮੁਖੀ ਵਜੋਂ ਅਜੇ ਬੰਗਾ ਦਾ ਸਵਾਗਤ ਕਰੀਏ। ਅਸੀਂ ਗਰੀਬੀ ਤੋਂ ਮੁਕਤ ਦੁਨੀਆ ਬਣਾਉਣ ਲਈ ਵਚਨਬੱਧ ਹਾਂ। ਆਈ. ਐੱਮ. ਐੱਫ. ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲਿਨਾ ਜਾਰਜੀਵਾ ਨੇ ਟਵੀਟ ਕੀਤਾ, "ਮੈਂ ਅਜੇ ਬੰਗਾ ਨੂੰ ਸ਼ੁੱਭਕਾਮਾਨਾਵਾਂ ਦਿੰਦੀ ਹਾਂ, ਕਿਉਂਕਿ ਉਹ ਅੱਜ ਵਿਸ਼ਵ ਬੈਂਕ ਦੇ ਮੁਖੀ ਵਜੋਂ ਆਪਣੀ ਨਵੀਂ ਭੂਮਿਕਾ ਗ੍ਰਹਿਣ ਕਰ ਰਹੇ ਹਨ। ਮੈਂ ਚੰਗਾ ਕਰਨ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਸਾਡੇ ਸੰਸਥਾਨਾਂ ਦਰਮਿਆਨ ਡੂੰਘੀ ਸਾਂਝੇਦਾਰੀ ਜਾਰੀ ਰੱਖਣ ਦੀ ਉਮੀਦ ਕਰਦੀ ਹਾਂ। ਬੰਗਾ ਵਿਸ਼ਵ ਬੈਂਕ ਦੀ ਪ੍ਰਧਾਨਗੀ ਕਰਨ ਵਾਲੇ ਪਹਿਲੇ ਭਾਰਤੀ-ਅਮਰੀਕੀ ਹਨ। ਉਹ ਡੇਵਿਡ ਮਾਲਪਾਸ ਦੀ ਥਾਂ 'ਤੇ ਆਏ ਹਨ, ਜਿਨ੍ਹਾਂ ਨੇ ਫਰਵਰੀ ਵਿਚ ਅਸਤੀਫਾ ਦੇਣ ਦਾ ਫੈਸਲਾ ਲਿਆ ਸੀ। ਇਸ ਤੋਂ ਪਹਿਲਾਂ ਜਨਰਲ ਅਟਲਾਂਟਿਕ ਦੇ ਵਾਈਸ ਚੇਅਰਮੈਨ ਸਨ। ਉਸ ਤੋਂ ਪਹਿਲਾਂ ਉਹ ਗਲੋਬਲ ਕੰਪਨੀ ਮਾਸਟਰਕਾਰਡ ਦੇ ਮੁਖੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸਨ। ਮਾਸਟਰਕਾਰਡ 'ਵਿਚ ਲਗਭਗ 24,000 ਕਰਮਚਾਰੀ ਕੰਮ ਕਰਦੇ ਹਨ।

# ਕੈਲੀਫੋਰਨਿਆ ਸਟੇਟ ਅਸੈਂਬਲੀ ਵੱਲੋਂ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਦਾ ਵਿਸ਼ੇਸ਼ ਸਨਮਾਨ



ਬਟਾਲਾ : ਕੈਲੀਫੋਰਨਿਆ ਅਮਰੀਕਾ ਸਟੇਟ ਅਸੈਂਬਲੀ ਵੱਲੋਂ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆ ਵੱਲੋਂ ਇੰਗਲੈਂਡ, ਅਮਰੀਕਾ, ਕੈਨੇਡਾ ਆਸਟਰੇਲੀਆ ਨਿਊਜ਼ੀਲੈਂਡ ਅਤੇ ਯੂਰਪ ਆਦਿ ਗੁਰੂ-ਘਰ ਨਾਲ ਸਬੰਧਤ ਬਹੁਤ ਵੱਡੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਤੇਜਿੰਦਰ ਸਿੰਘ ਧਾਮੀ ਡੈਲੀਗੇਟ ਕੈਲੀਫੋਰਨਿਆ ਸਟੇਟ ਅਸੈਂਬਲੀ ਅਤੇ ਹਿਊਮਨ ਰਿਲੇਸਨਜ ਨੇ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਨੂੰ ਸਨਮਾਨ ਪੱਤਰ ਦਿੱਤਾ ਤੇ ਕਿਹਾ ਕਿ ਲੈਜਿਸਲੈਟਿਵ ਆਫ ਕੈਲੀਫੋਰਨੀਆ ਬਾਬਾ ਹਰਜੀਤ ਸਿੰਘ ਨੂੰ ਸਨਮਾਨ ਦੇਣ ਉਪਰੰਤ ਫ਼ਖ਼ਰ ਮਹਿਸੂਸ ਕਰਦੀ ਹੈ। ਦੱਸਣਯੋਗ ਹੈ ਕਿ ਜ਼ਕਿਰਯੋਗ ਹੈ ਕਿ ਅੱਜਕੱਲ੍ਹ ਬਾਬਾ ਜੀ ਅਮਰੀਕਾ ਦੀ ਪ੍ਰਚਾਰ ਫੇਰੀ 'ਤੇ ਹਨ, ਜਿੱਥੇ ਉਨ੍ਹਾਂ ਵੱਲੋਂ ਟਰੈਸੀ, ਸੈਕਰਾਮੈਂਟੋ, ਸੈਨਤੌਂਜੇ, ਐਲ ਏ, ਫਰਿਜ਼ਨੋ ਆਪ ਗੁਰੂ ਘਰ ਚ ਸੰਗਤ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਨਵਦੀਪ ਸਿੰਘ ਦਿਓ, ਕਰਮਨਦੀਪ ਸਿੰਘ ਗਿੱਲ, ਬਚਿੱਤਰ ਸਿੰਘ ਮਿਸ਼ਨ ਪੂਰਾ, ਅਮਰਜੀਤ ਸਿੰਘ ਵਿਰਕ, ਦਲੀਪ ਸਿੰਘ, ਬੀਬਾ ਰਵਜੀਤ ਕੌਰ, ਆਰ ਨੇਤ ਬਾਬਾ ਹਰਜੀਤ ਸਿੰਘ ਨੂੰ ਮੁਬਾਰਕਵਾਦ ਦਿੱਤੀ।

# ਅਮਰੀਕਾ 'ਚ ਪੰਜਾਬੀ ਨੌਜੁਆਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



ਸ੍ਰੀ ਹਰਗੋਬਿੰਦਪੁਰ ਸਾਹਿਬ : ਸ੍ਰੀ ਹਰਗੋਬਿੰਦਪੁਰ ਪੁਰ ਅਧੀਨ ਨੇੜਲੇ ਪਿੰਡ ਮਾੜੀ ਟਾਂਡਾ ਦੇ ਇਕ ਨੌਜੁਆਨ ਜੋ ਅਮਰੀਕਾ ਵਿਚ ਪੀਆਰ ਸੀ, ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਿਤਾ ਸੁਰਿੰਦਰ ਸਿੰਘ ਵਾਸੀ ਮਾੜੀ ਟਾਂਡਾ ਨੇ ਦਸਿਆ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ (37) 2017 ਵਿਚ ਅਮਰੀਕਾ ਦੇ ਸ਼ਹਿਰ ਨਿਊ ਮੈਸੀਕੋ ਵਿਚ ਇਕ ਸਟੋਰ 'ਤੇ ਕੰਮ ਕਰਦਾ ਸੀ ਅਤੇ ਸਰਕਾਰ ਵਲੋਂ ਉਸ ਨੂੰ ਪੀ ਆਰ ਦਿਤੀ ਹੋਈ ਸੀ।

ਸੁਰਿੰਦਰ ਸਿੰਘ ਨੇ ਅੱਗੇ ਦਸਿਆ ਹੈ ਕਿ ਹੈ ਮੇਰਾ ਲੜਕਾ ਸੁਖਜਿੰਦਰ ਸਿੰਘ ਜੋ ਕਿ ਹੈ ਇਕ ਸਟੋਰ 'ਤੇ ਕੰਮ ਕਰਦਾ ਸੀ, ਬੀਤੇ ਦਿਨੀਂ ਉਹ ਗੁਰਵਿੰਦਰ ਸਿੰਘ ਨਾਲ ਉਸ ਦੇ ਟਰਾਲੇ ਤੇ ਗਿਆ ਸੀ ਜਿਸ ਦੌਰਾਨ ਉਸ ਨੂੰ ਟਰਾਲੇ ਵਿਚ ਹੀ ਹਾਰਟ ਅਟੈਕ ਆ ਗਿਆ ਜਿਸ ਨਾਲ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੇ ਪਿਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਕੀਤੀ ਹੈ ਕਿ ਸੁਖਜਿੰਦਰ ਸਿੰਘ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਕਿ ਉਹ ਅਪਣੇ ਪੁੱਤਰ ਦਾ ਅਪਣੇ ਹੱਥੀਂ ਸਸਕਾਰ ਕਰ ਸਕਣ।

# ਭਾਰਤ ਹਰ ਮੋਰਚੇ 'ਤੇ ਜਿੱਤ ਰਿਹਾ ਹੈ, ਦੁਨੀਆ ਨੂੰ ਇਸ ਤੋਂ ਸਿੱਖਣਾ ਚਾਹੀਦਾ ਹੈ: ਪਾਕਿਸਤਾਨੀ ਅਮਰੀਕੀ ਕਾਰੋਬਾਰੀ



ਵਾਸ਼ਿੰਗਟਨ : ਪਾਕਿਸਤਾਨ ਦੇ ਇੱਕ ਮਸ਼ਹੂਰ ਅਮਰੀਕੀ ਕਾਰੋਬਾਰੀ ਨੇ ਕਿਹਾ ਹੈ ਕਿ ਭਾਰਤ ਹਰ ਮੋਰਚੇ 'ਤੇ ਜਿੱਤ ਰਿਹਾ ਹੈ ਅਤੇ ਦੁਨੀਆ ਨੂੰ ਇਸ ਤੋਂ ਸਿੱਖਣ ਦੀ ਲੋੜ ਹੈ। ਕਾਰੋਬਾਰੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੀ ਰਾਜਨੀਤਿਕ ਅਤੇ ਆਰਥਿਕ ਸਥਿਤੀ "ਦੁਖਦ ਅਤੇ ਭਿਆਨਕ" ਹੈ। ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਨੇਤਾ ਸਾਜਿਦ ਤਰਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਮਹੀਨੇ ਦੇ ਅਖੀਰ ਵਿਚ ਅਮਰੀਕਾ ਦੀ ਯਾਤਰਾ ਇਤਿਹਾਸਕ ਹੋਵੇਗੀ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਫਸਟ ਲੇਡੀ ਜਿਲ ਬਾਈਡੇਨ ਦੇ ਸੱਦੇ 'ਤੇ ਪੀ.ਐੱਮ. ਮੋਦੀ 21 ਤੋਂ 24 ਜੂਨ ਤੱਕ ਅਮਰੀਕਾ ਦਾ ਦੌਰਾ ਕਰਨਗੇ।

**ਭਾਰਤ ਨੂੰ ਨਾਟੋ ਪਲੱਸ ਮੈਂਬਰਸ਼ਿਪ ਦੀ ਪੇਸ਼ਕਸ਼ :** ਸਾਜਿਦ ਨੇ ਕਿਹਾ ਕਿ "ਇਹ ਮੋਦੀ ਦੀ ਅਮਰੀਕਾ ਦੀ ਇਤਿਹਾਸਕ ਯਾਤਰਾ ਹੋਵੇਗੀ। ਜੇਕਰ ਭਾਰਤ ਦੀ ਵਿਦੇਸ਼ ਨੀਤੀ ਦੀ ਕਲਪਨਾ ਕਰੀਏ ਤਾਂ ਅਮਰੀਕਾ ਇਸ ਨੂੰ ਨਾਟੋ ਪਲੱਸ ਮੈਂਬਰਸ਼ਿਪ ਦੀ ਪੇਸ਼ਕਸ਼ ਕਰ ਰਿਹਾ ਹੈ। ਭਾਰਤ ਇਸ ਵਿੱਚ ਦਿਲਚਸਪੀ ਨਹੀਂ ਰੱਖਦਾ ਕਿਉਂਕਿ ਉਹ ਰੂਸ ਨਾਲ ਆਪਣੇ ਸਬੰਧਾਂ ਨੂੰ ਮਹੱਤਵ ਦਿੰਦਾ ਹੈ।" ਤਰਾਰ ਚੀਨ ਬਾਰੇ ਪ੍ਰਤੀਨਿਧੀ ਸਭਾ ਦੀ ਚੋਣ ਕਮੇਟੀ ਦੁਆਰਾ ਪਾਸ ਕੀਤੇ ਇੱਕ ਤਾਜ਼ਾ ਮਤੇ ਦਾ ਹਵਾਲਾ ਦੇ ਰਹੇ ਸਨ, ਜਿਸ ਵਿੱਚ ਭਾਰਤ ਨੂੰ ਨਾਟੋ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਭਾਰਤ ਕੋਲ ਪਹਿਲਾਂ ਹੀ ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ) ਬਲਾਕ ਹੈ, ਉਸ ਕੋਲ ਪਹਿਲਾਂ ਹੀ ਜੀ-20 ਹੈ, ਉਸ ਕੋਲ ਪਹਿਲਾਂ ਹੀ ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ) ਹੈ। ਤਰਾਰ ਨੇ ਕਿਹਾ ਕਿ ਭਾਰਤ ਆਪਣੀ ਲੀਡਰਸ਼ਿਪ ਜਾਂ ਵਿਸ਼ਵ ਵਿੱਚ ਆਪਣੀ ਭਵਿੱਖੀ ਭੂਮਿਕਾ ਦਾ ਘੱਟ ਕਰ ਕੇ ਨਹੀਂ ਮੁਲਾਂਕਣ ਨਹੀਂ ਕਰਨਾ ਚਾਹੁੰਦਾ। ਉਸ ਨੇ ਕਿਹਾ ਕਿ ਭਾਰਤ ਹਰ ਮੋਰਚੇ 'ਤੇ ਜਿੱਤ ਪ੍ਰਾਪਤ ਕਰ ਰਿਹਾ ਹੈ ਅਤੇ ਦੁਨੀਆ ਨੂੰ ਇਸ ਤੋਂ ਸਿੱਖਣ ਦੀ ਲੋੜ ਹੈ। ਸੱਚ ਕਹਾਂ ਤਾਂ ਮੈਂ ਮੋਦੀ ਦੇ ਇੱਕ ਹੋਰ ਸ਼ਾਨਦਾਰ ਅਮਰੀਕਾ ਦੌਰੇ ਦੀ ਉਡੀਕ ਕਰ ਰਿਹਾ ਹਾਂ।"

**ਪਾਕਿਸਤਾਨ ਬਹੁਤ ਮੁਸ਼ਕਲ ਦੌਰ 'ਚ :** ਕਾਰੋਬਾਰੀ ਨੇ ਕਿਹਾ ਕਿ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਿਤ ਕਰਨਾ ਕਿਸੇ ਵੀ ਵਿਸ਼ਵ ਨੇਤਾ ਲਈ ਬਹੁਤ ਮਾਣ ਵਾਲੀ ਗੱਲ ਹੈ। ਇਹ ਕਮਾਲ ਦੀ ਗੱਲ ਹੋਵੇਗੀ। ਜ਼ਿਕਰਯੋਗ ਹੈ ਕਿ ਮੋਦੀ ਆਪਣੀ ਅਮਰੀਕਾ ਫੇਰੀ ਦੌਰਾਨ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਵੀ ਸੰਬੋਧਨ ਕਰਨਗੇ। ਪਾਕਿਸਤਾਨ ਨਾਲ ਜੁੜੇ ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਦੇਸ਼ ਬਹੁਤ ਮੁਸ਼ਕਿਲ ਦੌਰ 'ਚੋਂ ਲੰਘ ਰਿਹਾ ਹੈ। ਤਰਾਰ ਨੇ ਕਿਹਾ ਕਿ "ਨਾ ਸਿਰਫ ਤੁਹਾਡੀ ਰਾਜਨੀਤਿਕ ਸਥਿਰਤਾ, ਪਰ ਉਸੇ ਸਮੇਂ ਵਿੱਤੀ ਸੰਕਟ. ਪਾਕਿਸਤਾਨ ਵਿਚ ਇਸ ਸਮੇਂ ਇਹ ਬਹੁਤ ਦੁਖਦਾਈ ਅਤੇ ਗੰਭੀਰ ਸਥਿਤੀ ਹੈ।"ਇਸ ਸਥਿਤੀ ਲਈ ਹਰ ਪਾਕਿਸਤਾਨੀ ਦੇ ਜ਼ਿੰਮੇਵਾਰ ਹੋਣ ਦਾ ਜ਼ਿਕਰ ਕਰਦਿਆਂ, ਉਸਨੇ ਕਿਹਾ ਕਿ "ਤੁਸੀਂ ਇਕ ਵਿਅਕਤੀ ਜਾਂ ਇਕ ਧਿਰ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਇਹ ਸਾਰਾ ਦੇਸ਼ ਹੈ। ਕਿਉਂਕਿ ਇਸ ਸਮੇਂ ਪਾਕਿਸਤਾਨ ਦਾ ਨੰਬਰ ਇਕ ਮੁੱਦਾ ਭ੍ਰਿਸ਼ਟਾਚਾਰ ਹੈ।"

ਉਨ੍ਹਾਂ ਅੱਗੇ ਕਿਹਾ ਕਿ "ਕੋਈ ਜਵਾਬਦੇਹੀ ਨਹੀਂ ਹੈ। ਹਰ ਅਦਾਰਾ ਅਤੇ ਨਿਆਂਪਾਲਿਕਾ ਕੰਮ ਨਹੀਂ ਕਰ ਰਹੀ। ਵਿਧਾਨ ਇੱਕ ਮਜ਼ਾਕ ਹੈ, ਕੋਈ ਵਿਰੋਧੀ ਪਾਰਟੀ ਨਹੀਂ ਹੈ। ਸਾਰੀਆਂ ਸਿਆਸੀ ਪਾਰਟੀਆਂ, ਉਹ ਪਾਕਿਸਤਾਨ ਵਿੱਚ ਹਾਈਬ੍ਰਿਡ ਸਿਸਟਮ ਦਾ ਹਿੱਸਾ ਹਨ। ਮੈਂ ਸਾਰਿਆਂ ਨੂੰ ਦੋਸ਼ੀ ਠਹਿਰਾਉਂਦਾ ਹਾਂ। ਇਸ ਸਮੇਂ ਜੇ ਤੁਸੀਂ ਮੈਨੂੰ ਨਿੱਜੀ ਤੌਰ 'ਤੇ ਪੁੱਛੋ ਤਾਂ ਕੋਈ ਵੀ ਅਜਿਹੀ ਸੰਸਥਾ ਨਹੀਂ ਹੈ ਜਿਸ ਕੋਲ ਪਾਕਿਸਤਾਨ ਦਾ ਹੱਲ ਹੋਵੇ। ਇਹ ਬਹੁਤ ਦੁਖਦਾਈ ਸਥਿਤੀ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ ਦੇ ਲੋਕਾਂ ਨੂੰ ਹੱਲ ਲੱਭਣ ਲਈ ਪਾਕਿਸਤਾਨੀ ਬਣਨਾ ਪਵੇਗਾ। ਤਰਾਰ ਨੇ ਇਲਜ਼ਾਮ ਲਗਾਇਆ ਕ "ਇਸ ਸਮੇਂ ਪਾਕਿਸਤਾਨ ਨੂੰ ਚਲਾਉਣ ਵਾਲੇ ਸ਼ਾਸਨ ਕੋਲ ਪਾਕਿਸਤਾਨੀ ਪਾਸਪੋਰਟ ਹਨ, ਪਰ ਉਹ ਆਪਣੇ ਦਿਲ ਅਤੇ ਦਿਮਾਗ ਨਾਲ ਪੱਛਮ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਬੱਚੇ ਇੱਥੇ ਹਨ, ਉਨ੍ਹਾਂ ਦੀਆਂ ਜਾਇਦਾਦਾਂ ਇੱਥੇ ਹਨ, ਉਨ੍ਹਾਂ ਦੇ ਬੈਂਕ ਖਾਤੇ ਇੱਥੇ ਹਨ। ਉਹ ਪਾਰਟ-ਟਾਈਮ ਆਧਾਰ 'ਤੇ ਪਾਕਿਸਤਾਨ ਜਾਂਦੇ ਹਨ ਅਤੇ ਉਥੇ ਨੀਤੀਆਂ ਬਣਾਉਂਦੇ ਹਨ। ਫਿਰ ਉਹ ਵਾਪਸ ਆ ਜਾਂਦੇ ਹਨ।"


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜ਼ਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਪਾਕਿਸਤਾਨ ਨੇ ਨਿਊਯਾਰਕ 'ਚ 3 ਸਾਲ ਲਈ ਲੀਜ਼ ਤੇ ਦਿੱਤਾ ਆਪਣਾ ਮਸ਼ਹੂਰ ਹੋਟਲ ਰੂਜ਼ਵੈਲਟ

ਲਾਹੌਰ : ਨਕਦੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਨੇ ਨਿਊਯਾਰਕ ਵਿੱਚ ਆਪਣਾ ਮਸ਼ਹੂਰ ਰੂਜ਼ਵੈਲਟ ਹੋਟਲ ਤਿੰਨ ਸਾਲਾਂ ਲਈ ਨਿਊਯਾਰਕ ਪ੍ਰਸ਼ਾਸਨ ਨੂੰ ਲੀਜ਼ 'ਤੇ ਦਿੱਤਾ ਹੈ। ਇਸ ਸੌਦੇ ਤਹਿਤ ਪਾਕਿਸਤਾਨ ਨੂੰ 22 ਕਰੋੜ ਡਾਲਰ ਮਿਲਣਗੇ। ਇਸ ਹੋਟਲ ਦਾ ਨਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਥੀਓਡੋਰ ਰੂਜ਼ਵੈਲਟ ਦੇ ਨਾਂ 'ਤੇ ਰੱਖਿਆ ਗਿਆ ਸੀ। ਇਹ ਹੋਟਲ ਨਿਊਯਾਰਕ ਦੇ ਮੈਨਹਟਨ ਵਿੱਚ 1924 ਤੋਂ ਆਪਣੀ ਪਛਾਣ ਬਣਾਏ ਹੋਏ ਹੈ। ਸਰਕਾਰੀ ਮਾਲਕੀ ਵਾਲੀ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀਆਈਏ) ਨੇ 1979 ਵਿੱਚ ਹੋਟਲ ਨੂੰ ਲੀਜ਼ 'ਤੇ ਲਿਆ ਸੀ ਪਰ ਦੋ ਦਹਾਕਿਆਂ ਬਾਅਦ ਇਸਨੂੰ ਖਰੀਦ ਲਿਆ। ਸੌਦੇ ਦੇ ਤਹਿਤ ਨਿਊਯਾਰਕ ਸਿਟੀ ਪ੍ਰਸ਼ਾਸਨ ਇਸ ਨੂੰ ਤਿੰਨ ਸਾਲਾਂ ਲਈ ਸੰਚਾਲਿਤ ਕਰੇਗਾ ਅਤੇ ਪ੍ਰਵਾਸੀਆਂ ਲਈ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰੇਗਾ। ਰੇਲਵੇ ਅਤੇ ਹਵਾਬਾਜ਼ੀ ਮੰਤਰੀ ਖਵਾਜਾ ਸਾਦ ਰਫੀਕ ਨੇ ਸੋਮਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ 'ਪਾਕਿਸਤਾਨ ਸਰਕਾਰ ਨੂੰ ਲੀਜ਼ ਸਮਝੌਤੇ ਤੋਂ ਲਗਭਗ 22



ਕਰੋੜ ਡਾਲਰ ਦੀ ਕਮਾਈ ਹੋਣ ਦੀ ਉਮੀਦ ਹੈ।' ਜੀਓ ਟੀਵੀ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਕਿ "ਲੀਜ਼ 1,250 ਕਮਰਿਆਂ ਲਈ ਹੈ। ਤਿੰਨ ਸਾਲ ਦੀ ਲੀਜ਼ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਹੋਟਲ ਪਾਕਿਸਤਾਨ ਸਰਕਾਰ ਨੂੰ ਵਾਪਸ ਕਰ ਦਿੱਤਾ ਜਾਵੇਗਾ। ਹੋਟਲ ਕੋਵਿਡ ਮਹਾਮਾਰੀ ਦੌਰਾਨ 2020 ਵਿੱਚ ਬੰਦ ਕਰ ਦਿੱਤਾ ਗਿਆ ਸੀ ਅਤੇ ਇਸ ਸਾਲ ਸਿਰਫ ਪ੍ਰਵਾਸੀਆਂ ਲਈ ਦੁਬਾਰਾ ਖੋਲ੍ਹਿਆ ਗਿਆ ਸੀ। ਮੰਤਰੀ ਨੇ ਕਿਹਾ ਕਿ ਹੋਟਲ ਦਾ ਸਾਲਾਨਾ ਖਰਚਾ 2.5 ਕਰੋੜ ਡਾਲਰ ਹੈ। ਇਸ 'ਤੇ ਇਸ ਸਮੇਂ ਲਗਭਗ 2 ਕਰੋੜ ਡਾਲਰ ਦੀਆਂ ਦੇਣਦਾਰੀਆਂ ਹਨ।

# ਅਮਰੀਕੀ ਰਾਸ਼ਟਰਪਤੀ ਸਟੇਜ 'ਤੇ ਠੋਕਰ ਖਾ ਕੇ ਡਿੱਗੇ

ਕੋਲੋਰਾਡੋ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅੱਜ ਯੂਐੱਸ ਏਅਰ ਫੋਰਸ ਅਕੈਡਮੀ ਦੇ ਇਕ ਪ੍ਰੋਗਰਾਮ ਦੌਰਾਨ ਸਟੇਜ ਤੋਂ ਠੋਕਰ ਖਾ ਕੇ ਡਿੱਗ ਗਏ। ਉਂਜ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ ਹੈ। ਬਾਇਡਨ ਨੇ ਸਪੱਸ਼ਟ ਕੀਤਾ ਕਿ ਉਹ ਰੇਤ ਦੇ ਇਕ ਬੋਰੇ ਨਾਲ ਟਕਰਾ ਗਏ ਸਨ।

ਅਮਰੀਕੀ ਰਾਸ਼ਟਰਪਤੀ ਕੋਲੋਰਾਡੋ ਸਪਰਿੰਗਜ਼ 'ਚ ਹਵਾਈ ਸੈਨਾ ਅਕਾਦਮੀ ਦੇ ਮੰਚ 'ਤੇ ਗਰੈਜੂਏਟਸ ਨਾਲ ਹੱਥ ਮਿਲਾ ਕੇ ਜਦੋਂ ਆਪਣੀ ਸੀਟ ਵੱਲ ਜਾਣ ਲਈ ਮੁੜੇ ਤਾਂ ਉਹ ਠੋਕਰ ਖਾ ਕੇ ਡਿੱਗ ਪਏ। ਹਵਾਈ ਸੈਨਾ ਦੇ ਇਕ ਅਫ਼ਸਰ ਅਤੇ ਅਮਰੀਕੀ ਖ਼ੁਫ਼ੀਆ ਸੇਵਾ ਦੇ ਦੋ ਮੈਂਬਰਾਂ ਨੇ ਉਨ੍ਹਾਂ ਨੂੰ ਚੁੱਕਿਆ ਅਤੇ ਸੀਟ 'ਤੇ ਬਿਠਾਉਣ 'ਚ ਸਹਾਇਤਾ ਕੀਤੀ। ਰਾਸ਼ਟਰਪਤੀ ਦੇ ਡਿੱਗਣ ਨਾਲ ਪ੍ਰੋਗਰਾਮ 'ਚ ਮੌਜੂਦ ਲੋਕ ਫਿਕਰਮੰਦ ਹੋ ਗਏ ਅਤੇ ਉਹ ਉਨ੍ਹਾਂ ਵੱਲ ਦੇਖਣ ਲੱਗ ਪਏ। ਬਾਇਡਨ (80) ਅਮਰੀਕਾ ਦੇ ਇਤਿਹਾਸ 'ਚ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਉਨ੍ਹਾਂ ਵ ?ਹਾਈਟ ਹਾਊਸ ਪਰਤਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁਸਕਰਾਉਂਦਿਆਂ ਕਿਹਾ, "ਮੈਂ ਰੇਤ ਦੇ ਬੈਗ ਨਾਲ ਟਕਰਾ ਗਿਆ ਸੀ।" ਸਟੇਜ 'ਤੇ ਟੈਲੀਪ੍ਰੌਂਪਟਰ ਨੂੰ ਸਹਾਰਾ ਦੇਣ ਲਈ ਰੇਤੇ ਨਾਲ ਭਰੇ ਦੋ ਕਾਲੇ ਬੈਗ ਰੱਖੇ ਗਏ ਸਨ। ਇਹ



ਟੈਲੀਪ੍ਰੌਂਪਟਰ ਬਾਇਡਨ ਅਤੇ ਪ੍ਰੋਗਰਾਮ ਦੇ ਹੋਰ ਬੁਲਾਰਿਆਂ ਵੱਲੋਂ ਵਰਤੇ ਜਾਣੇ ਸਨ। ਵ੍ਹਾਈਟ ਹਾਊਸ ਦੇ ਸੰਚਾਰ ਨਿਰਦੇਸ਼ਕ ਬੇਨ ਲਾਬੋਲਟ ਨੇ ਘਟਨਾ ਮਗਰੋਂ ਟਵੀਟ ਕੀਤਾ, "ਬਾਇਡਨ ਠੀਕ ਹਨ।" ਬਾਇਡਨ ਦੇ ਠੋਕਰ ਖਾਣ ਦੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਹਨ ਅਤੇ ਇਸ ਨਾਲ ਸਿਆਸੀ ਵਿਰੋਧੀ ਉਨ੍ਹਾਂ ਦੀ ਉਮਰ ਅਤੇ ਸਿਹਤ ਨੂੰ ਲੈ ਕੇ ਲਗਾਤਾਰ ਸਵਾਲ ਖੜ੍ਹੇ ਕਰਦੇ ਆ ਰਹੇ ਹਨ। ਅਮਰੀਕੀ ਰਾਸ਼ਟਰਪਤੀ ਦੇ ਨਿੱਜੀ ਡਾਕਟਰ ਕੇਵਿਨ ਓਕੋਨੋਰ ਨੇ ਫਰਵਰੀ 'ਚ ਜਾਂਚ ਮਗਰੋਂ ਕਿਹਾ ਸੀ ਕਿ ਬਾਇਡਨ 80 ਸਾਲ ਦੇ ਸਿਹਤਮੰਦ ਅਤੇ ਫੁਰਤੀਲੇ ਇਨਸਾਨ ਹਨ ਜੋ ਰਾਸ਼ਟਰਪਤੀ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਬਿਲਕੁਲ ਠੀਕ ਹਨ।

# ਅਮਰੀਕਾ ਦੇ ਟੈਕਸਾਸ 'ਚ ਟਰਾਂਸਜੈਂਡਰ ਨਾਬਾਲਗਾਂ ਦੇ ਇਲਾਜ 'ਤੇ ਲਗਾਈ ਪਾਬੰਦੀ

ਵਾਸ਼ਿੰਗਟਨ : ਅਮਰੀਕਾ ਦੇ ਟੈਕਸਾਸ 'ਚ ਟਰਾਂਸਜੈਂਡਰ ਨਾਬਾਲਗਾਂ ਦੇ ਇਲਾਜ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਟਰਾਂਸਜੈਂਡਰ ਨਾਬਾਲਗਾਂ ਦੇ ਇਲਾਜ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ 'ਤੇ ਦਸਤਖਤ ਕੀਤੇ। ਐਬੋਟ ਨੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਅਜਿਹਾ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਮਈ ਵਿੱਚ ਵੀ ਇਸੇ ਤਰ੍ਹਾਂ ਦੇ ਇਕ ਬਿੱਲ 'ਤੇ ਦਸਤਖਤ ਕੀਤੇ ਸਨ। ਟੈਕਸਾਸ ਅਤੇ ਫਲੋਰੀਡਾ ਅਮਰੀਕਾ ਦੇ ਦੂਜੇ ਤੇ ਤੀਜੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਹਨ। ਇਹ ਅਜਿਹੇ ਇਲਾਜ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਸਭ ਤੋਂ ਵੱਡਾ ਰਾਜ ਬਣ ਗਿਆ ਹੈ।

AFP ਦੀ ਰਿਪੋਰਟ ਮੁਤਾਬਕ ਟੈਕਸਾਸ ਦਾ ਕਾਨੂੰਨ ਮੈਡੀਕਲ ਪੇਸ਼ੇਵਰਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ 'ਤੇ ਹਾਰਮੋਨ ਬਲੌਕਰ ਲਿਖਣ ਜਾਂ ਲਿੰਗ ਤਬਦੀਲੀ ਦੀ ਸਰਜਰੀ ਕਰਨ ਤੋਂ ਮਨ੍ਹਾ ਕਰਦਾ ਹੈ। ਇਹ 1 ਸਤੰਬਰ ਤੋਂ ਲਾਗੂ ਹੋ ਗਿਆ ਹੈ। ਕਾਨੂੰਨ 'ਚ ਉਨ੍ਹਾਂ ਨਾਬਾਲਗਾਂ ਲਈ ਇਕ ਅਪਵਾਦ ਸ਼ਾਮਲ ਹੈ, ਜੋ ਪਹਿਲਾਂ ਹੀ ਜਵਾਨ ਅਵਸਥਾ ਬਲੌਕਰਜ਼ ਜਾਂ ਹਾਰਮੋਨ ਥੈਰੇਪੀ ਪ੍ਰਾਪਤ ਕਰ ਰਹੇ ਹਨ ਪਰ ਇਸ ਦੇ ਲਈ ਲੋੜ ਹੈ ਕਿ ਉਹ 'ਸਮੇਂ ਦੀ ਇਕ ਮਿਆਦ ਦੇ ਨਾਲ ਅਤੇ ਇਕ ਸੁਰੱਖਿਅਤ ਤੇ ਡਾਕਟਰੀ ਤੌਰ 'ਤੇ ਢੁੱਕਵੇਂ ਢੰਗ ਨਾਲ' ਤਜਵੀਜ਼ ਕੀਤੀਆਂ ਦਵਾਈਆਂ ਨੂੰ ਬੰਦ ਕਰ ਦੇਣ।

ਅਮਰੀਕਾ ਦੀ ਰਾਜਨੀਤੀ ਵਿੱਚ ਟਰਾਂਸਜੈਂਡਰ ਅਧਿਕਾਰ ਤੇਜ਼ੀ ਨਾਲ ਇਕ ਹੌਟ-ਬਟਨ ਮੁੱਦਾ ਬਣ ਗਏ ਹਨ, ਡੈਮੋਕ੍ਰੇਟਸ ਟੈਕਸਾਸ ਅਤੇ ਫਲੋਰੀਡਾ ਕਾਨੂੰਨਾਂ ਵਰਗੀਆਂ ਹਰਕਤਾਂ ਦੀ ਨਿੰਦਾ ਕਰਦੇ ਹਨ, ਜੋ ਬੁਨਿਆਦੀ ਅਧਿਕਾਰਾਂ ਨੂੰ ਘੇਰਦੇ ਹਨ। ਸ਼ੁੱਕਰਵਾਰ ਨੂੰ ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ ਆਫ਼ ਟੈਕਸਾਸ ਨੇ ਕਿਹਾ ਕਿ ਉਹ ਰਾਜ ਦੀ ਪਾਬੰਦੀ ਦੇ ਖ਼ਿਲਾਫ਼ ਮੁਕੱਦਮਾ ਦਾਇਰ ਕਰੇਗੀ। ਅਧਿਕਾਰ ਸੰਗਠਨ ਨੇ ਇਕ ਟਵੀਟ 'ਚ ਕਿਹਾ, "ਐਬੋਟ ਟਰਾਂਸ ਨੌਜਵਾਨਾਂ ਨੂੰ ਟੈਕਸਾਸ ਵਿੱਚ ਵਧਣ-ਫੁੱਲਣ ਤੋਂ ਨਹੀਂ ਰੋਕ ਸਕਦਾ ਤੇ ਇਹ ਯਕੀਨੀ ਬਣਾਉਣ ਲਈ ਅਸੀਂ ਉਸ ਨੂੰ ਅਦਾਲਤ ਵਿੱਚ ਲੈ ਜਾਵਾਂਗੇ।"




**American Freight Corp.**

**ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ**

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver
With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 30 ਜੁਲਾਈ ਨੂੰ

## *ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੋਣਗੇ ਵਸ਼ੇਸ਼ ਖਿਚ ਦਾ ਕੇਂਦਰ*



ਫਰਿਜ਼ਨੋਂ, (ਕੁਲਵੀਰ ਹੇਅਰ) : ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 30 ਜੁਲਾਈ 2023 ਦਿਨ ਐਤਵਾਰ ਨੂੰ ਫਰਿਜ਼ਨੋਂ ਵਿਖੇ ਬਾਅਦ ਦੁਪਿਹਰ 2 ਵਜੇ ਇੰਡੀਆ ਓਵਨ ਰੇਸਟੋਰੈਂਟ ਚੋ ਕਰਵਾਏ ਜਾ ਰਹੇ ਹਨ। ਇਸ ਵਿਚ ਮਾਹਰਾਂ ਦੀਆਂ ਸਪੀਚਾਂ ਵੀ ਹੋਣਗੀਆਂ। ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਅਹਿਮ ਮੀਟਿੰਗ ਪ੍ਰਧਾਨ ਨਵਦੀਪ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਫੋਰਮ ਦੇ ਮੈਂਬਰਾਂ ਤੋਂ ਇਲਾਵਾ ਸਹਿਯੋਗੀ ਵੀ ਹਾਜਰ ਸਨ। ਮੀਟਿੰਗ ਵਿਚ ਅਪਰੈਲ ਮਹੀਨੇ ਫੋਰਮ ਵਲੋਂ ਹੋਏ 21 ਵੇਂ ਸਲਾਨਾ ਮੇਲੇ ਬਾਰੇ ਵੀ ਵੀਚਾਰਾਂ ਹੋਈਆਂ। ਮੀਟਿੰਗ ਦੀ ਸਰੂਆਤ ਵਿਚ ਭਾਰਤ ਦੇ ਉਡੀਸਾ ਵਿਚ ਹੋਏ ਰੇਲ ਹਾਦਸੇ ਮਰਨ ਵਾਲਿਆਂ ਦੇ ਪ੍ਰਵਾਰਾਂ ਨਾਲ ਦੁੱਖ ਦਾ ਪ੍ਰਗਟਵਾ ਕੀਤਾ ਗਿਆ ਅਤੇ ਜਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਇਸ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਹਰਜਿੰਦਰ ਢੇਸੀ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁੱਪ ਏ (ਪ੍ਰੀ-ਸਕੂਲ ਤੋਂ ਐਲੀਮੈਂਟਰੀ), ਗਰੁੱਪ ਬੀ (ਮਿਡਲ ਸਟੈਂਡਰਡ 7 ਅਤੇ 8 ਗਰੇਡ), ਗਰੁੱਪ ਸੀ (ਹਾਈ ਸਕੂਲ ਦੇ ਵਿਦਿਆਰਥੀ) ਗਰੁੱਪ ਡੀ (ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ) ਹੋਣਗੇ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ 28 ਜੁਲਾਈ ਤੋਂ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ ਐਡਰੈਸ IAHForum@Gmail.com 'ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੋ। ਸਾਰੇ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਪਾਰਟੀਸਿਪੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸਾਰੇ ਗਰੁੱਪਾਂ ਦੇ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲਿਆਂ ਨੂੰ ਨਗਦ ਇਨਾਮ ਵਜੋਂ ਦਿਤੇ ਜਾਣਗੇ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸ਼ਰਨ ਧਾਲੀਵਾਲ 559-974-8383 ਜਾਂ ਹਰਜਿੰਦਰ ਢੇਸੀ 559-618-0156 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ।

# ਭਾਰਤ ਜਿਊਂਦੀ-ਜਾਗਦੀ ਜਮਹੂਰੀਅਤ: ਵ੍ਹਾਈਟ ਹਾਊਸ

- *ਲੋਕਤੰਤਰ ਦੀ ਸਥਿਤੀ ਉੱਤੇ ਚਿੰਤਾਵਾਂ ਨੂੰ ਨਕਾਰਿਆ*
- *ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੀਨੇ ਦੇ ਅਖੀਰ ਵਿੱਚ ਅਮਰੀਕਾ ਦੌਰੇ 'ਤੇ ਜਾਣਗੇ*






ਵਾਸ਼ਿੰਗਟਨ : ਵ੍ਹਾਈਟ ਹਾਊਸ ਨੇ ਕਿਹਾ ਕਿ ਭਾਰਤ ਜਿਉਂਦੀ-ਜਾਗਦੀ ਜਮਹੂਰੀਅਤ ਹੈ ਅਤੇ ਉੱਥੇ ਜਾਣ ਵਾਲਾ ਕੋਈ ਵੀ ਵਿਅਕਤੀ ਇਸ ਗੱਲ ਨੂੰ ਖ਼ੁਦ ਮਹਿਸੂਸ ਕਰ ਸਕਦਾ ਹੈ। ਭਾਰਤ ਵਿੱਚ ਲੋਕਤੰਤਰ ਦੀ ਸਥਿਤੀ ਉੱਤੇ ਚਿੰਤਾਵਾਂ ਨੂੰ ਖਾਰਿਜ ਕਰਦਿਆਂ ਵ੍ਹਾਈਟ ਹਾਊਸ ਨੇ ਇਹ ਗੱਲ ਆਖੀ। ਗ਼ੌਰਤਲਬ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੀਨੇ ਦੇ ਅਖੀਰ ਵਿੱਚ ਅਮਰੀਕਾ ਦੇ ਦੌਰੇ 'ਤੇ ਆਉਣਗੇ।

ਵ੍ਹਾਈਟ ਹਾਊਸ ਵਿੱਚ ਕੌਮੀ ਸੁਰੱਖਿਆ ਕੌਂਸਲ ਵਿੱਚ ਰਣਨੀਤਕ ਵਾਰਤਾ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਕਿਹਾ, 'ਭਾਰਤ ਜਿਊਂਦੀ ਜਾਗਦੀ ਜਮਹੂਰੀਅਤ ਹੈ, ਜਿਹੜਾ ਵੀ ਭਾਰਤ ਜਾਂਦਾ ਹੈ, ਇਸ ਨੂੰ ਖ਼ੁਦ ਮਹਿਸੂਸ ਕਰ ਸਕਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਜਮਹੂਰੀ ਸੰਸਥਾਵਾਂ ਦੀ ਤਾਕਤ ਤੇ ਉਨ੍ਹਾਂ ਦੀ ਸਥਿਤੀ ਚਰਚਾ ਦਾ ਹਿੱਸਾ ਹੋਵੇਗੀ।' ਕਿਰਬੀ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ, 'ਅਸੀਂ ਕਦੇ ਝਿਜਕਦੇ ਨਹੀਂ ਹਾਂ। ਤੁਸੀਂ ਆਪਣੇ ਦੋਸਤਾਂ ਨਾਲ ਅਜਿਹਾ ਕਰ ਸਕਦੇ ਹੋ। ਤੁਹਾਨੂੰ ਦੋਸਤਾਂ ਨਾਲ ਅਜਿਹਾ ਹੀ ਕਰਨਾ ਚਾਹੀਦਾ ਹੈ। ਤੁਸੀਂ ਕਦੇ ਵੀ ਉਨ੍ਹਾਂ ਚਿੰਤਾਵਾਂ ਨੂੰ ਜ਼ਾਹਰ ਕਰਨ ਤੋਂ ਹਿਚਕਚਾਉਂਦੇ ਨਹੀਂ ਜੋ ਦੁਨੀਆ ਵਿੱਚ ਪੈਦਾ ਹੋ ਰਹੀਆਂ ਹੋਣ। ਹਾਲਾਂਕਿ ਇਹ ਯਾਤਰਾ ਰਿਸ਼ਤੇ ਗੂੜ੍ਹੇ ਕਰਨ, ਸਾਂਝੇਦਾਰੀ ਮਜ਼ਬੂਤ ਕਰਨ ਤੇ ਦੋਸਤੀ ਅੱਗੇ ਵਧਾਉਣ ਉੱਤੇ ਕੇਂਦਰਿਤ ਹੋਵੇਗੀ।' ਕਿਰਬੀ ਨੇ ਕਿਹਾ ਕਿ ਭਾਰਤ ਕਈ ਪੱਧਰਾਂ 'ਤੇ ਅਮਰੀਕਾ ਦਾ ਅਹਿਮ ਹਿੱਸੇਦਾਰ ਹੈ। ਉਨ੍ਹਾਂ ਕਿਹਾ ਕਿ ਭਾਰਤ ਨਾਲ ਵਧੀਕ ਰੱਖਿਆ ਤਾਲਮੇਲ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ,'ਭਾਰਤ ਦੇ ਅਹਿਮ ਹੋਣ ਦੇ ਕਈ ਕਾਰਨ ਹਨ, ਸਾਡੇ ਦੋਵਾਂ ਮੁਲਕਾਂ ਵਿਚਾਲੇ ਹੀ ਨਹੀਂ ਸਗੋਂ ਬਹੁਤ ਸਾਰੇ ਪੱਧਰਾਂ 'ਤੇ ਬਹੁਪੱਖੀ ਸਬੰਧ ਹਨ। ਰਾਸ਼ਟਰਪਤੀ ਪ੍ਰਧਾਨ ਮੰਤਰੀ ਮੋਦੀ ਨਾਲ ਇੱਥੇ ਸਾਂਝੇਦਾਰੀ ਤੇ ਦੋਸਤੀ ਨੂੰ ਗੂੜ੍ਹੀ ਕਰਨ ਜਿਹੇ ਮੁੱਦਿਆਂ 'ਤੇ ਗੱਲਬਾਤ ਕਰਨ ਲਈ ਆਸਵੰਦ ਹਨ।' ਮੋਦੀ 21 ਤੋਂ 24 ਜੂਨ ਨੂੰ ਅਮਰੀਕਾ ਦੇ ਦੌਰੇ 'ਤੇ ਜਾ ਰਹੇ ਹਨ।

# ਰਾਹੁਲ ਗਾਂਧੀ ਨੇ '84 ਵਿੱਚ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਦੁੱਖ ਪ੍ਰਗਟਾਇਆ




ਨਿਊਯਾਰਕ : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਇਥੇ ਸਿੱਖ ਪ੍ਰਤੀਨਿਧ ਮੰਡਲ ਨਾਲ ਗੱਲਬਾਤ ਕਰਦਿਆਂ '84 ਵਿੱਚ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਗਾਂਧੀ ਪਰਿਵਾਰ ਦੇ ਸਿੱਖਾਂ ਨਾਲ ਹਮੇਸ਼ਾ ਡੂੰਘੇ ਸੰਬੰਧ ਰਹੇ ਹਨ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਮੈਂ ਉਸ ਸਮੇਂ ਬੱਚਾ ਸੀ, ਸਾਰੀਆਂ ਗੱਲਾਂ ਨਹੀਂ ਸੀ ਸਮਝਦਾ ਪਰ ਅਪਰੇਸ਼ਨ ਬਲਿਊ ਸਟਾਰ ਤੋਂ ਅਗਲੇ ਦਿਨ ਮੈਂ ਆਪਣੀ ਦਾਦੀ (ਇੰਦਰਾ ਗਾਂਧੀ) ਨੂੰ ਅੱਥਰੂ ਕੇਰਦਿਆਂ ਦੇਖਿਆ ਸੀ।

ਵੇਰਵਿਆਂ ਅਨੁਸਾਰ ਇਥੇ ਪੱਤਰਕਾਰ ਬਲਦੇਵ ਸਿੰਘ ਗਰੇਵਾਲ ਅਤੇ ਸਿੱਖ ਆਗੂ ਮਾਸਟਰ ਮਹਿੰਦਰ ਸਿੰਘ ਦੀ ਅਗਵਾਈ ਵਿੱਚ ਸਿੱਖ ਪ੍ਰਤੀਨਿਧ ਮੰਡਲ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਅਪਰੇਸ਼ਨ ਬਲਿਊ ਸਟਾਰ ਕਾਰਨ ਪੰਜਾਬ ਵਿੱਚ ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਸਰਕਾਰ ਨੇ ਜੋ ਕੇਂਦਰੀ ਬਲ ਭੇਜੇ ਸਨ, ਉਸ ਦਾ ਸਮੁੱਚਾ ਖਰਚਾ ਪੰਜਾਬ ਸਿਰ ਕਰਜ਼ੇ ਦੇ ਰੂਪ ਵਿੱਚ ਕਿਉਂ ਪਾਇਆ ਗਿਆ ਜਦੋਂਕਿ ਇਹ ਕੇਂਦਰ ਦਾ ਮਸਲਾ ਸੀ? ਰਾਹੁਲ ਗਾਂਧੀ ਨੇ ਭਰੋਸਾ ਦਿੱਤਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਜੇ ਸਿਰਫ ਪੰਜਾਬ ਨਾਲ ਹੀ ਅਜਿਹਾ ਹੋਇਆ ਹੈ ਤਾਂ ਇਹ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਗਾਂਧੀ ਨਾਲ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਤੇ ਯੂਐੱਸ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਵੀ ਮੌਜੂਦ ਸਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਹ ਗੁਰੂ ਨਾਨਕ ਦੇਵ ਤੇ ਹੋਰਨਾਂ ਸਿੱਖ ਗੁਰੂਆਂ ਤੋਂ ਬਹੁਤ ਪ੍ਰਭਾਵਿਤ ਹਨ। ਸਟੈਨਫੋਰਡ ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਕਥਨ ਦਾ ਕੁਝ ਹਲਕਿਆਂ ਵਿਚ ਗਲਤ ਅਰਥ ਸਮਝਿਆ ਗਿਆ ਸੀ। ਸ੍ਰੀ ਗਾਂਧੀ ਨੇ ਸਪੱਸ਼ਟ ਕੀਤਾ ਕਿ ਉਹ ਗੁਰੂ ਸਾਹਿਬਾਨ ਦੇ ਚਰਨਾਂ ਦੀ ਧੂੜ ਬਰਾਬਰ ਵੀ ਨਹੀਂ ਹਨ। ਸਿੱਖ ਗੁਰੂ ਦੀਆਂ ਉਦਾਸੀਆਂ ਤੋਂ ਪ੍ਰੇਰਣਾ ਲੈ ਕੇ ਹੀ ਭਾਰਤ ਜੋੜੋ ਯਾਤਰਾ ਕੀਤੀ ਸੀ।

ਸਿੱਖ ਪ੍ਰਤੀਨਿਧ ਮੰਡਲ ਨੇ ਰਾਹੁਲ ਗਾਂਧੀ ਦਾ ਧਿਆਨ ਵਿੱਚ ਲਿਆਂਦਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਕੇਂਦਰ ਵੱਲੋਂ ਕੋਈ ਵੱਡੀ ਸਨਅਤ ਨਹੀਂ ਲਗਾਈ ਗਈ। ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਪੈਦਾ ਕੀਤੇ ਗਏ ਹਨ ਜਿਸ ਕਾਰਨ ਵੱਡੇ ਪੱਧਰ 'ਤੇ ਪਰਵਾਸ ਹੋਇਆ ਹੈ। ਇਸ ਦਾ ਹੋਰਨਾਂ ਦੇਸ਼ਾਂ ਨੂੰ ਬਹੁਤ ਲਾਭ ਹੋਇਆ ਹੈ। ਇਸ ਬਾਰੇ ਰਾਹੁਲ ਗਾਂਧੀ ਨੇ ਕਿਹਾ ਕਿ ਪੰਜਾਬ ਭਾਰਤ ਦਾ ਅਨਿੱਖੜਵਾਂ ਅੰਗ ਹੈ। ਪੰਜਾਬ ਤੋਂ ਬਗੈਰ ਭਾਰਤ ਕੁਝ ਵੀ ਨਹੀਂ ਹੈ। ਪੰਜਾਬ ਦੀ ਤਰੱਕੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਪਾਕਿਸਤਾਨ ਰਾਹੀਂ ਦੂਜੇ ਦੇਸ਼ਾਂ ਨਾਲ ਵਪਾਰ ਹੋਣ ਲੱਗ ਜਾਵੇ ਤਾਂ ਇਸ ਦਾ ਪੰਜਾਬ ਨੂੰ ਬਹੁਤ ਲਾਭ ਹੋਵੇਗਾ। ਇਸ ਮੌਕੇ ਸਿੱਖ ਆਗੂਆਂ ਨੇ '84 ਦੇ ਦੋਸ਼ੀਆਂ ਨੂੰ ਕਾਂਗਰਸ ਵਿੱਚ ਅਹੁਦੇ ਦੇਣ ਅਤੇ ਪੰਜਾਬ ਦੇ ਪਾਣੀਆਂ ਬਾਰੇ ਵੀ ਸਵਾਲ ਉਠਾਏ।

# ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਦੇ ਇਕਜੁੱਟ ਹੋਣ ਦੀ ਆਸ

## *ਕਾਂਗਰਸ ਆਗੂ ਮੁਤਾਬਕ 'ਬਦਲਵਾਂ ਦ੍ਰਿਸ਼ਟੀਕੋਣ' ਪੇਸ਼ ਕਰਨ ਲਈ ਹੱਥ ਮਿਲਾਉਣਗੀਆਂ ਪਾਰਟੀਆਂ*



ਵਾਸ਼ਿੰਗਟਨ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇੱਥੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੂੰ ਦੱਸਿਆ ਕਿ ਭਾਰਤ ਇਸ ਵੇਲੇ ਦੋ ਵੱਖ-ਵੱਖ ਵਿਚਾਰਧਾਰਾਵਾਂ ਵਿਚਾਲੇ 'ਜੰਗ' ਦੇਖ ਰਿਹਾ ਹੈ। ਉਨ੍ਹਾਂ ਭਰੋਸਾ ਜ਼ਾਹਿਰ ਕੀਤਾ ਕਿ ਸਾਰੀਆਂ ਵਿਰੋਧੀ ਧਿਰਾਂ ਦੇਸ਼ ਅੱਗੇ ਸੱਤਾਧਾਰੀ ਭਾਜਪਾ ਤੋਂ ਵੱਖਰਾ 'ਬਦਲਵਾਂ ਦ੍ਰਿਸ਼ਟੀਕੋਣ' ਰੱਖਣ ਲਈ ਇਕਜੁੱਟ ਹੋ ਰਹੀਆਂ ਹਨ। ਅਮਰੀਕਾ ਦੀ ਰਾਜਧਾਨੀ ਵਿਚ ਆਪਣੇ ਆਖ਼ਰੀ ਭਾਸ਼ਣ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਜਦ ਵੀ ਉਹ ਗੈਰ-ਕਾਂਗਰਸੀ ਪਾਰਟੀਆਂ ਨੂੰ ਮਿਲਦੇ ਹਨ ਤਾਂ ਉਹ ਹਮੇਸ਼ਾ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਇਕਜੁੱਟ ਹੋ ਕੇ ਭਾਜਪਾ ਵਿਰੁੱਧ ਲੜਨਾ ਚਾਹੀਦਾ ਹੈ। ਰਾਹੁਲ ਨੇ ਕਿਹਾ, 'ਮੀਡੀਆ ਦੇ ਕਈ ਲੋਕ ਭਾਜਪਾ ਨੂੰ ਸਭ ਤੋਂ ਵੱਡਾ ਕਰ ਕੇ ਦਿਖਾਉਣਾ ਪਸੰਦ ਕਰਦੇ ਹਨ, ਆਰਐੱਸਐੱਸ ਨੂੰ ਵੀ ਉਹ ਇਸੇ ਤਰ੍ਹਾਂ ਦਿਖਾਉਂਦੇ ਹਨ। ਤੁਸੀਂ ਕਿਰਪਾ ਕਰ ਕੇ ਹਿਮਾਚਲ ਦੀਆਂ ਚੋਣਾਂ ਦੇਖੋ, ਕਰਨਾਟਕ ਦੀਆਂ ਚੋਣਾਂ ਦੇਖੋ। ਹੁਣ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਚ ਚੋਣਾਂ ਹੋਣਗੀਆਂ...ਉਨ੍ਹਾਂ ਨੂੰ ਵੀ ਦੇਖੋ ਤੇ ਤੁਹਾਨੂੰ ਨਜ਼ਰ ਆਵੇਗਾ ਕਿ ਕਾਂਗਰਸ ਪਾਰਟੀ ਭਾਜਪਾ ਨੂੰ ਹਰਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ।' ਵਾਸ਼ਿੰਗਟਨ ਡੀਸੀ ਨੇੜਲੇ ਇਲਾਕਿਆਂ ਤੋਂ ਇਕੱਠੇ ਹੋਏ ਭਾਰਤੀ-ਅਮਰੀਕੀਆਂ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ, 'ਅਸੀਂ ਇਕੱਠੇ ਹੋਏ ਹਾਂ ਤੇ ਆਮ ਤੌਰ 'ਤੇ ਵਿਅਕਤੀਗਤ ਪੱਧਰ ਉਤੇ ਲੜਦੇ ਹਾਂ, ਪਰ ਇਹ ਲੜਾਈ ਭਾਰਤ ਲਈ ਇਕ ਵੱਖਰਾ ਦ੍ਰਿਸ਼ਟੀਕੋਣ ਸਾਹਮਣੇ ਰੱਖ ਕੇ ਲੜੀ ਜਾ ਰਹੀ ਹੈ, ਤੇ ਹੁਣ ਅਸੀਂ ਇਸੇ ਉਤੇ ਕੰਮ ਕਰ ਰਹੇ ਹਾਂ। ਸਾਰੀਆਂ ਵਿਰੋਧੀ ਧਿਰਾਂ ਵਿਚਾਲੇ ਤਾਲਮੇਲ ਹੋ ਰਿਹਾ ਹੈ। ਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਭ ਅਸਰਦਾਰ ਢੰਗ ਨਾਲ ਅੱਗੇ ਵਧ ਰਿਹਾ ਹੈ।' ਰਾਹੁਲ ਨੇ ਦੋਸ਼ ਲਾਇਆ ਕਿ ਭਾਜਪਾ ਨੇ ਸੰਸਥਾਵਾਂ ਉਤੇ ਕਬਜ਼ਾ ਕਰ ਲਿਆ ਹੈ, ਉਨ੍ਹਾਂ ਕੋਲ ਮੀਡੀਆ ਹੈ ਤੇ ਉਹ ਸੰਸਥਾਵਾਂ ਉਤੇ ਦਬਾਅ ਬਣਾਉਂਦੇ ਹਨ, ਲੋਕਾਂ ਨੂੰ ਡਰਾਉਂਦੇ ਹਨ। ਅਮਰੀਕਾ ਦੌਰੇ ਦੌਰਾਨ ਰਾਹੁਲ ਗਾਂਧੀ ਦੇ ਨਾਲ ਮੌਜੂਦ ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੁਖੀ ਸੈਮ ਪਿਤਰੌਦਾ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਗਾਮੀ ਅਮਰੀਕਾ ਦੌਰੇ ਦੇ ਸੰਦਰਭ ਵਿਚ ਕਿਹਾ ਕਿ ਉਹ ਦੁਨੀਆ ਦੇ ਸਭ ਤੋਂ ਵੱਧ ਅਬਾਦੀ ਵਾਲੇ ਮੁਲਕ ਦੀ ਨੁਮਾਇੰਦਗੀ ਕਰਦੇ ਹਨ, ਇਸ ਲਈ ਉਹ ਹਰ ਜਗ ?ਹਾ ਸਤਿਕਾਰ ਦੇ ਹੱਕਦਾਰ ਹਨ। ਪਿਤਰੌਦਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਸਤਿਕਾਰ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਮਿਲ ਰਿਹਾ ਹੈ ਨਾ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਵਜੋਂ। ਇਹ ਦੋਵੇਂ ਵੱਖ-ਵੱਖ ਚੀਜ਼ਾਂ ਹਨ।


# ਕੈਲੀਫੋਰਨੀਆ ਸੈਨੇਟ ਨੇ ਮੋਟਰਸਾਈਕਲ ਚਲਾਉਣ ਵੇਲੇ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਵਾਲਾ ਬਿੱਲ ਪਾਸ ਕੀਤਾ



ਨਿਊਯਾਰਕ : ਕੈਲੀਫੋਰਨੀਆ ਦੇ ਸੈਨੇਟਰਾਂ ਨੇ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਵੇਲੇ ਹੈਲਮੇਟ ਪਹਿਨਣ ਤੋਂ ਛੋਟ ਦੇਣ ਵਾਲੇ ਬਿੱਲ ਦੇ ਹੱਕ ਵਿੱਚ ਵੋਟ ਦਿੱਤੀ। ਇਸ ਹਫ਼ਤੇ ਬਿੱਲ ਰਾਜ ਦੀ ਸੈਨੇਟ ਨੂੰ 21-8 ਵੋਟਾਂ ਦੇ ਫਰਕ ਨਾਲ ਪਾਸ ਕਰ ਦਿੱਤਾ ਅਤੇ ਹੁਣ ਵਿਧਾਨ ਸਭਾ ਵਿੱਚ ਜਾਵੇਗਾ। 2021 ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਦਾਜ਼ੇ ਅਨੁਸਾਰ ਕੈਲੀਫੋਰਨੀਆ ਵਿੱਚ 211000 ਸਿੱਖ ਰਹਿੰਦੇ ਹਨ, ਜੋ ਅਮਰੀਕਾ ਵਿੱਚ ਰਹਿੰਦੇ ਸਿੱਖਾਂ ਦਾ ਤਕਰੀਬਨ ਅੱਧਾ ਹੈ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਹੁਣ ਤੱਕ ਬਜ਼ਾਰ ਵਿੱਚ ਅਜਿਹਾ ਕੋਈ ਵੀ ਹੈਲਮੇਟ ਨਹੀਂ ਹੈ ਜਿਸ ਨੂੰ ਪੱਗ ਜਾਂ ਪਟਕੇ ਦੇ ਉਪਰੋਂ ਪਾਇਆ ਜਾ ਸਕਦਾ ਹੈ। ਕੈਨੇਡਾ ਵਿੱਚ ਸਿੱਖਾਂ ਨੂੰ ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ ਅਤੇ ਓਂਟਾਰੀਓ ਸਮੇਤ ਕਈ ਸੂਬਿਆਂ ਵਿੱਚ ਮੋਟਰਸਾਈਕਲ ਹੈਲਮੇਟ ਕਾਨੂੰਨਾਂ ਤੋਂ ਛੋਟ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਅੰਕੜਿਆਂ ਦੇ ਆਧਾਰ 'ਤੇ ਹੋਣੇ ਚਾਹੀਦੇ ਹਨ ਭਾਸ਼ਾ ਸੰਬੰਧੀ ਫ਼ੈਸਲੇ



ਵਿਕਸਿਤ ਮੁਲਕਾਂ ਵਿਚ ਭਾਸ਼ਾ ਸੰਬੰਧੀ ਕੋਈ ਵੀ ਫ਼ੈਸਲੇ ਤੱਥਾਂ, ਅੰਕੜਿਆਂ 'ਤੇ ਆਧਾਰਿਤ ਹੁੰਦੇ ਹਨ। ਕਿਹੜੀ ਲਾਇਬ੍ਰੇਰੀ ਵਿਚ ਕਿਹੜੀ ਭਾਸ਼ਾ ਦੀਆਂ ਕਿੰਨੀਆਂ ਕਿਤਾਬਾਂ ਉਪਲਬਧ ਹੋਣਗੀਆਂ ਇਹ ਮੰਗ 'ਤੇ ਨਿਰਭਰ ਕਰਦਾ ਹੈ। ਕੈਨੇਡਾ ਦੀਆਂ ਲਾਇਬ੍ਰੇਰੀਆਂ ਵਿਚ ਪੰਜਾਬੀ ਦੀਆਂ ਕਿਤਾਬਾਂ ਇਸ ਲਈ ਰੱਖੀਆਂ ਜਾਂਦੀਆਂ ਹਨ ਕਿਉਂਕਿ ਪੰਜਾਬੀ ਪੜ੍ਹਨ ਵਾਲੇ ਪਾਠਕ ਉਨ੍ਹਾਂ ਦੀ ਮੰਗ ਕਰਦੇ ਹਨ। ਜਿਸ ਇਲਾਕੇ ਵਿਚ, ਜਿਸ ਸ਼ਹਿਰ ਵਿਚ ਪੰਜਾਬੀਆਂ ਦੀ ਜਿੰਨੀ ਵਸੋਂ ਹੋਵੇਗੀ, ਉਸ ਅਨੁਪਾਤ ਅਨੁਸਾਰ ਪੁਸਤਕਾਂ ਮੰਗਵਾਈਆਂ ਜਾਣਗੀਆਂ। ਬੋਰਡ ਪੰਜਾਬੀ ਵਿਚ ਲਿਖੇ ਜਾਣਗੇ। ਬੱਚਿਆਂ ਲਈ ਪੰਜਾਬੀ ਪੜ੍ਹਨ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸੇ ਨੂੰ ਕਹਿਣ ਦੀ ਲੋੜ ਨਹੀਂ, ਕਿਸੇ ਨੂੰ ਸਮਝਾਉਣ ਦੀ ਜ਼ਰੂਰਤ ਨਹੀਂ। ਕੈਨੇਡਾ ਵਿਚ ਅਕਸਰ ਦੁਨੀਆ ਭਰ ਦੀਆਂ ਭਾਸ਼ਾਵਾਂ ਦਾ ਇਸ ਪੱਖੋਂ ਦਰਜਾ ਉੱਪਰ ਹੇਠਾਂ ਹੁੰਦਾ ਰਹਿੰਦਾ ਹੈ। ਦਰਜਾ ਉੱਪਰ ਹੋਣ ਨਾਲ ਸੰਬੰਧਿਤ ਵਰਗ ਨੂੰ ਖ਼ੁਸ਼ੀ ਹੁੰਦੀ ਹੈ, ਦਰਜਾ ਘਟਣ ਨਾਲ ਮਾਯੂਸੀ। ਪਰੰਤੂ ਰੋਸ ਕੋਈ ਨਹੀਂ ਹੁੰਦਾ ਕਿਉਂਕਿ ਸਭ ਅਦਲ-ਬਦਲ ਅੰਕੜਿਆਂ ਦੇ ਆਧਾਰ 'ਤੇ ਹੋ ਰਿਹਾ ਹੁੰਦਾ ਹੈ। ਇਹੀ ਸਥਿਤੀ ਸਰਕਾਰੀ ਰੇਡੀਓ ਟੈਲੀਵਿਜ਼ਨ ਤੋਂ ਵੱਖ-ਵੱਖ ਭਾਸ਼ਾਵਾਂ ਦੇ ਪ੍ਰੋਗਰਾਮਾਂ ਅਤੇ ਖ਼ਬਰ ਬੁਲਿਟਨਾਂ ਦੇ ਪ੍ਰਸਾਰਨ ਦੀ ਹੁੰਦੀ ਹੈ। ਕਮਿਊਨਿਟੀ ਰੇਡੀਓ ਤੋਂ ਵੱਖ-ਵੱਖ ਭਾਸ਼ਾਵਾਂ ਦੇ ਸਰੋਤਿਆਂ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੋਗਰਾਮਾਂ ਲਈ ਸਮਾਂ ਨਿਸਚਿਤ ਕੀਤਾ ਜਾਂਦਾ ਹੈ।

ਪੰਜਾਬ ਦੀ ਵਸੋਂ ਦਾ ਅਤੇ ਭਾਸ਼ਾਈ ਨਕਸ਼ਾ ਦਿਨੋ-ਦਿਨ ਬਦਲ ਰਿਹਾ ਹੈ। ਇਸ ਪਿੱਛੇ ਪ੍ਰਵਾਸ ਅਤੇ ਪ੍ਰਸਥਾਨ ਦਾ ਰੁਝਾਨ ਕਾਰਜਸ਼ੀਲ ਹੈ। ਇਥੇ ਬੜਾ ਕੁਝ ਬਦਲ ਰਿਹਾ ਹੈ, ਬੜਾ ਕੁਝ ਬਦਲੇਗਾ। ਜਿਸ ਵਿਚ ਪੰਜਾਬ ਤੋਂ ਪ੍ਰਵਾਸ ਅਤੇ ਪੰਜਾਬ ਵੱਲ ਪ੍ਰਵਾਸ ਦੀ ਪ੍ਰਮੁੱਖ ਭੂਮਿਕਾ ਰਹੇਗੀ। ਕਿਤੇ ਪੰਜਾਬੀ ਖ਼ਬਰਾਂ ਬੰਦ ਹੋ ਰਹੀਆਂ ਹਨ, ਕਿਤੇ ਪੰਜਾਬੀ ਵਿਸ਼ਾ ਬੰਦ ਹੋ ਰਿਹਾ ਹੈ। ਪੰਜਾਬੀ ਲੋਕ ਆਪਣੀ ਭਾਸ਼ਾ, ਆਪਣੀ ਬੋਲੀ ਪ੍ਰਤੀ ਹਮੇਸ਼ਾ ਅਵੇਸਲੇ ਰਹੇ ਹਨ। ਇਨ੍ਹਾਂ ਦੀ ਬਿਰਤੀ ਬਦਲਾਅ ਵਾਲੀ, ਤਬਦੀਲੀ ਵਾਲੀ, ਪ੍ਰਵਾਸ ਵਾਲੀ, ਪ੍ਰਸਥਾਨ ਵਾਲੀ ਰਹੀ ਹੈ। ਇਹ ਤੇਜ਼ੀ ਨਾਲ ਆਪਣਾ ਥਾਂ-ਟਿਕਾਣਾ, ਆਪਣਾ ਰਹਿਣ-ਸਹਿਣ ਬਦਲਣ ਦੇ ਆਦੀ ਰਹੇ ਹਨ। ਸਕੂਲਾਂ, ਕਾਲਜਾਂ, ਪਿੰਡਾਂ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲਓ, ਸਰਵੇ ਕਰੋ, ਅੰਕੜੇ ਇਕੱਤਰ ਕਰੋ, ਤੁਹਾਨੂੰ ਤਸਵੀਰ ਸਪੱਸ਼ਟ ਹੋ ਜਾਵੇਗੀ।

ਦਿੱਲੀ, ਚੰਡੀਗੜ੍ਹ ਤੋਂ ਪੰਜਾਬੀ ਖ਼ਬਰਾਂ ਬੰਦ ਕਰਨ ਦੀ ਕਾਫ਼ੀ ਚਰਚਾ ਹੋ ਰਹੀ ਹੈ। ਮਹਿਕਮੇ ਦਾ ਕਹਿਣਾ ਹੈ ਕਿ ਇਹ ਰੁਟੀਨ ਦਾ ਅਦਲ-ਬਦਲ ਹੈ। ਕੁਝ ਸਟਾਫ਼ ਨੂੰ ਚੰਡੀਗੜ੍ਹ ਤੋਂ ਜਲੰਧਰ ਤਬਦੀਲ ਕੀਤਾ ਜਾ ਰਿਹਾ ਹੈ। ਕੁਝ ਤਬਦੀਲੀਆਂ ਹਰਿਆਣੇ ਵਿਚ ਕੀਤੀਆਂ ਜਾ ਰਹੀਆਂ ਹਨ।

ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚੋਂ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਖ਼ਬਰਾਂ ਆ ਰਹੀਆਂ ਹਨ। ਅਜਿਹੇ ਫ਼ੈਸਲੇ ਅੰਕੜਿਆਂ ਦੇ ਆਧਾਰ 'ਤੇ ਕਰ ਲਏ ਜਾਣ ਤਾਂ ਨਾ ਕਿਸੇ ਨੂੰ ਇਤਰਾਜ਼ ਹੋਵੇਗਾ, ਨਾ ਪ੍ਰੇਸ਼ਾਨੀ। ਚੰਡੀਗੜ੍ਹ ਅਤੇ ਦਿੱਲੀ ਵਿਚ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਪੰਜਾਬੀ ਖ਼ਬਰਾਂ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਕਿੰਨੀ ਹੈ, ਉਸ ਆਧਾਰ 'ਤੇ ਅੰਤਿਮ ਫ਼ੈਸਲਾ ਕਰ ਲਿਆ ਜਾਵੇ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਇਸ ਨਾਲ ਸੰਬੰਧਿਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇਨਜ਼ਰ ਫ਼ੈਸਲਾ ਲੈਣ ਦੀ ਲੋੜ ਹੈ। ਇਤਰਾਜ਼ ਉਦੋਂ ਹੁੰਦਾ ਹੈ ਜਦੋਂ ਅਜਿਹੇ ਫ਼ੈਸਲੇ ਜਾਣਬੁਝ ਕੇ ਲਏ ਜਾਂਦੇ ਹਨ। ਅੰਕੜੇ ਬੋਲਣੇ ਚਾਹੀਦੇ ਹਨ। ਅਜਿਹੇ ਫ਼ੈਸਲੇ ਪਾਰਦਰਸ਼ੀ ਢੰਗ ਨਾਲ ਲਏ ਜਾਣ ਤਾਂ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ।

ਮੈਨੂੰ ਯਾਦ ਹੈ ਇਕ ਵਾਰ ਇਕ ਕਾਲਜ ਵਿਚ ਹਿਸਾਬ ਵਿਸ਼ੇ ਦੇ ਵਿਦਿਆਰਥੀ ਨਾ ਰਹੇ। ਜਦ ਵਿਦਿਆਰਥੀ ਨਾ ਰਹੇ ਤਾਂ ਉਸ ਵਿਸ਼ੇ ਦੇ ਪ੍ਰੋਫ਼ੈਸਰ ਦੀ ਲੋੜ ਵੀ ਨਾ ਰਹੀ। ਉਸ ਨੂੰ ਤੁਰੰਤ ਦੂਸਰੇ ਸ਼ਹਿਰ ਦੇ ਕਾਲਜ ਵਿਖੇ ਭੇਜ ਦਿੱਤਾ ਗਿਆ, ਜਿੱਥੇ ਹਿਸਾਬ ਵਿਸ਼ੇ ਦੇ ਕਾਫ਼ੀ ਵਿਦਿਆਰਥੀ ਸਨ। ਮੇਰੀ ਜਾਣਕਾਰੀ ਅਨੁਸਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸੰਬੰਧਿਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ। ਸ਼ਾਇਦ ਇਸੇ ਲਈ ਯੂਨੀਵਰਸਿਟੀ ਨੂੰ ਆਪਣਾ ਫ਼ੈਸਲਾ ਤੁਰੰਤ ਬਦਲਣਾ ਪਿਆ ਹੈ।

ਇਸੇ ਤਰ੍ਹਾਂ ਅਜੇ ਦਿੱਲੀ ਅਤੇ ਚੰਡੀਗੜ੍ਹ ਵਿਚ ਪੰਜਾਬੀ ਬੋਲਣ, ਸੁਣਨ ਵਾਲੇ ਲੋਕ ਵੱਡੀ ਗਿਣਤੀ ਵਿਚ ਹਨ। ਲੋੜ ਹੋਵੇ ਤਾਂ ਸੰਬੰਧਿਤ ਮਹਿਕਮੇ ਸਰਵੇ ਕਰਵਾ ਸਕਦੇ ਹਨ ਅਤੇ ਉਸ ਅਨੁਸਾਰ ਬੁਲਿਟਨ ਜਾਰੀ ਰੱਖਣ ਜਾਂ ਬੰਦ ਕਰਨ ਦਾ ਫ਼ੈਸਲਾ ਲੈ ਸਕਦੇ ਹਨ। ਚੰਡੀਗੜ੍ਹ ਵਿਖੇ 55 ਸਾਲ ਤੋਂ ਅਤੇ ਦਿੱਲੀ ਵਿਖੇ 70 ਸਾਲ ਤੋਂ ਪੰਜਾਬੀ ਯੂਨਿਟ ਕਾਰਜਸ਼ੀਲ ਸਨ। ਹੁਣ ਇਨ੍ਹਾਂ ਨੂੰ ਜਲੰਧਰ ਤਬਦੀਲ ਕਰ ਦਿੱਤਾ ਗਿਆ ਹੈ। ਪ੍ਰਸਾਰ ਭਾਰਤੀ ਵਲੋਂ ਸਪੱਸ਼ਟੀਕਰਨ ਆਇਆ ਹੈ ਕਿ ਬਾਵਜੂਦ ਇਸ ਦੇ ਸਾਰੇ ਪੰਜਾਬੀ, ਖ਼ਬਰ ਬੁਲਿਟਨ, ਤਿੰਨ ਕੌਮੀ ਬੁਲਿਟਨ ਦਿੱਲੀ ਤੋਂ ਅਤੇ ਦੋ ਖੇਤਰੀ ਬੁਲਿਟਨ ਚੰਡੀਗੜ੍ਹ ਤੋਂ ਪਹਿਲਾਂ ਵਾਂਗ ਜਾਰੀ ਰਹਿਣਗੇ। ਭਾਰਤ ਵਿਚ ਆਕਾਸ਼ਵਾਣੀ ਦੀ ਕਾਰਗੁਜ਼ਾਰੀ ਦਾ ਮਾਣਮੱਤਾ ਇਤਿਹਾਸ ਹੈ। ਬੀਤੇ 50 ਸਾਲਾਂ ਦੌਰਾਨ ਅਨੇਕਾਂ ਉਤਰਾਅ-ਚੜ੍ਹਾਅ ਆਉਣ ਦੇ ਬਾਵਜੂਦ ਇਸ ਨੇ ਆਪਣੀ ਪ੍ਰਸੰਗਿਕਤਾ ਅਤੇ ਮਹੱਤਵ ਨੂੰ ਬਰਕਰਾਰ ਰੱਖਿਆ ਹੈ।

ਪ੍ਰੋ. ਕੁਲਬੀਰ ਸਿੰਘ

*ਭਾਂਬੜ ਮਚਾਉਂਦਾ ਬਿਰਤਾਂਤ*

# ਨਾਸੂਰ ਬਣ ਚੁੱਕੇ 'ਸਾਕਾ ਨੀਲਾ ਤਾਰਾ' ਦੇ ਦਿੱਤੇ ਸੱਲ

**ਵਰਿੰਦਰ ਸਿੰਘ ਵਾਲੀਆ**



ਸਾਕਿਆਂ ਦਾ ਸੇਕ ਪੀੜ੍ਹੀ-ਦਰ-ਪੀੜ੍ਹੀ ਸੇਕਿਆ ਜਾਂਦਾ ਹੈ। ਸਦੀਆਂ ਦੇ ਪੰਨੇ ਪਲਟਣ ਨਾਲ ਵੀ ਪੀੜਤ ਕੌਮਾਂ ਦੀ ਪੀੜਾ ਮੱਠੀ ਨਹੀਂ ਪੈਂਦੀ। ਘੱਲੂਕਾਰਿਆਂ ਦਾ ਦਰਦ ਸਮੋਈ ਕੁਸੈਲੀ ਤਵਾਰੀਖ਼ ਦੀ ਹਰ ਇਬਾਰਤ ਧੁਆਂਖੀ ਹੁੰਦੀ ਹੈ। ਜੂਨ ਚੁਰਾਸੀ ਨੂੰ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਕੀਤਾ ਗਿਆ ਫ਼ੌਜੀ ਹਮਲਾ (ਨੀਲਾ ਤਾਰਾ) ਵੀ ਅਜਿਹਾ ਸਾਕਾ ਸੀ ਜਿਸ ਦੇ ਦਿੱਤੇ ਸੱਲ ਨਾਸੂਰ ਬਣ ਚੁੱਕੇ ਹਨ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ ਅੰਜਾਮ ਦਿੱਤਾ ਗਿਆ 'ਸਾਕਾ ਨੀਲਾ ਤਾਰਾ' ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ। ਫ਼ੌਜੀ ਕਾਰਵਾਈ ਪਿੱਛੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀਆਂ ਨੌਂ ਸਾਲ ਪੁਰਾਣੀਆਂ ਨੀਤੀਆਂ ਸਨ ਜਿਨ੍ਹਾਂ ਨੂੰ ਮਾੜੀ ਨੀਅਤ ਨਾਲ ਘੜਿਆ ਗਿਆ ਸੀ। ਇਸ ਦਾ ਖ਼ੁਲਾਸਾ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦੇ ਸਾਬਕਾ ਉੱਚ ਅਧਿਕਾਰੀ ਜੀਬੀਐੱਸ ਸਿੱਧੂ ਨੇ ਆਪਣੀ ਪੁਸਤਕ 'ਖ਼ਾਲਿਸਤਾਨ ਦੀ ਸਾਜ਼ਿਸ਼' ਵਿਚ ਵਿਸਥਾਰ ਸਹਿਤ ਕੀਤਾ ਹੈ। ਸਿੱਧੂ ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਮਰਹੂਮ ਸਵਰਨ ਸਿੰਘ ਦੇ ਦਾਮਾਦ ਹਨ।

ਆਪ੍ਰੇਸ਼ਨ ਬਲਿਊ ਸਟਾਰ ਦੇ 29 ਸਾਲ ਪਿੱਛੋਂ ਆਈ ਕਿਤਾਬ ਉਨ੍ਹਾਂ ਤੱਥਾਂ ਦਾ ਦਸਤਾਵੇਜ਼ੀ ਮੁਲਾਂਕਣ ਹੈ ਜਿਸ ਦੇ ਜ਼ਰੀਏ 'ਖ਼ਾਲਿਸਤਾਨ ਲਹਿਰ' ਦੇ ਕਾਰਨਾਂ ਤੇ ਕਾਰਕਾਂ ਨੂੰ ਸਮਝਣ 'ਚ ਮਦਦ ਮਿਲਦੀ ਹੈ। ਸੰਨ 1971 ਦੀ ਭਾਰਤ-ਪਾਕਿ ਜੰਗ ਦੀ ਜਿੱਤ ਤੋਂ ਬਾਅਦ ਸੰਸਾਰ ਦੇ ਨਕਸ਼ੇ 'ਤੇ ਉੱਭਰੇ ਨਵੇਂ ਮੁਲਕ 'ਬੰਗਲਾਦੇਸ਼' ਨੇ ਇੰਦਰਾ ਗਾਂਧੀ ਨੂੰ 'ਦੁਰਗਾ' ਦਾ ਲਕਬ ਦਿੱਤਾ ਸੀ। ਇਕਬਾਲ ਬੁਲੰਦ ਹੋਣ ਦੇ ਬਾਵਜੂਦ ਇੰਦਰਾ ਗਾਂਧੀ ਨੂੰ ਮਹਿਜ਼ ਚਾਰ ਸਾਲਾਂ 'ਚ ਐਮਰਜੈਂਸੀ ਲਗਾਉਣੀ ਪਈ ਜਿਸ ਦਾ ਵਿਰੋਧ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਲਗਾ ਕੇ ਜੇਲ੍ਹਾਂ ਭਰ ਦਿੱਤੀਆਂ ਸਨ। ਇਸ ਮੋਰਚੇ ਨੂੰ ਵੱਡਾ ਹੁੰਗਾਰਾ ਮਿਲਿਆ ਜਿਸ ਕਾਰਨ ਜੇਲ੍ਹਾਂ 'ਚ ਕੋਈ ਥਾਂ ਹੀ ਨਾ ਬਚੀ। ਮਜਬੂਰਨ ਯੂਨੀਵਰਸਿਟੀਆਂ ਤੇ ਹੋਰ ਸਰਕਾਰੀ ਅਦਾਰਿਆਂ ਨੂੰ 'ਖੁੱਲ੍ਹੀ ਜੇਲ੍ਹ' ਵਿਚ ਤਬਦੀਲ ਕਰਨਾ ਪਿਆ। ਦਰਅਸਲ, 'ਖ਼ਾਲਿਸਤਾਨ' ਦੀ ਮੰਗ ਦੇ ਸਿਰਜੇ ਗਏ ਬਿਰਤਾਂਤ ਨੂੰ ਨੈਸ਼ਨਲ ਐਮਰਜੈਂਸੀ ਦੇ ਐਲਾਨ (26 ਜੂਨ 1975 ਤੋਂ 21 ਜਨਵਰੀ 1977) ਨੂੰ ਵਾਚੇ ਬਗੈਰ ਸਮਝਿਆ ਹੀ ਨਹੀਂ ਜਾ ਸਕਦਾ। ਐਮਰਜੈਂਸੀ ਦਾ ਡਟ ਕੇ ਵਿਰੋਧ ਕਰਨ ਵਾਲਾ ਅਕਾਲੀ ਦਲ ਸੱਤਾਧਾਰੀ ਜਮਾਤ ਦੀਆਂ ਅੱਖਾਂ 'ਚ ਰੜਕਣ ਲੱਗਾ। ਇੰਦਰਾ ਗਾਂਧੀ ਨੂੰ ਜਚਾਇਆ ਗਿਆ ਕਿ ਅਕਾਲੀਆਂ ਨੂੰ ਸਬਕ ਨਾ ਸਿਖਾਇਆ ਗਿਆ ਤਾਂ ਉਸ ਦਾ ਸਿੰਘਾਸਨ ਡਾਵਾਂਡੋਲ ਹੀ ਰਹੇਗਾ। ਦੇਸ਼ ਦੇ ਦੂਜੇ ਹਿੱਸਿਆਂ 'ਚ ਐਮਰਜੈਂਸੀ ਖ਼ਿਲਾਫ਼ ਪੰਜਾਬ ਜਿੰਨਾ ਰੋਹ ਨਹੀਂ ਸੀ ਉੱਠਿਆ। ਬੰਗਲਾਦੇਸ਼ ਬਣਾ ਕੇ ਮੁਲਕ ਵਾਸੀਆਂ ਦੀਆਂ ਅੱਖਾਂ ਦਾ ਤਾਰਾ ਬਣੀ ਇੰਦਰਾ ਹੁਣ ਆਪਣੇ ਚਾਹੁਣ ਵਾਲਿਆਂ ਦੀਆਂ ਅੱਖਾਂ 'ਚ ਰੜਕਣ ਲੱਗ ਪਈ ਸੀ।

ਐਮਰਜੈਂਸੀ ਦੌਰਾਨ ਸੰਜੇ ਗਾਂਧੀ ਨੇ ਦੇਸ਼ ਵਾਸੀਆਂ ਦੇ ਮੌਲਿਕ ਅਧਿਕਾਰਾਂ ਨੂੰ ਖ਼ੂਬ ਦਰੜਿਆ। ਅਕਾਲੀਆਂ ਦੇ ਡਟਵੇਂ ਵਿਰੋਧ ਤੋਂ ਬਾਅਦ ਗਿਆਨੀ ਜ਼ੈਲ ਸਿੰਘ (ਪੰਜਾਬ ਦੇ 1972 ਤੋਂ 1977 ਤਕ ਮੁੱਖ ਮੰਤਰੀ) ਪੰਜਾਬ ਮਾਮਲਿਆਂ 'ਤੇ ਸੰਜੇ ਗਾਂਧੀ ਤੇ ਇੰਦਰਾ ਗਾਂਧੀ ਨੂੰ ਪੁੱਠੀਆਂ ਮੱਤਾਂ ਦੇਣ ਵਿਚ ਸਭ ਤੋਂ ਮੋਹਰੀ ਸਨ। ਗਿਆਨੀ ਜ਼ੈਲ ਸਿੰਘ ਜਦੋਂ 1972 ਵਿਚ ਮੁੱਖ ਮੰਤਰੀ ਬਣੇ ਤਾਂ ਅਗਲੇ ਸਾਲ ਅਕਾਲੀਆਂ ਨੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰ ਕੇ ਸਰਕਾਰ ਖ਼ਿਲਾਫ਼ ਮੋਰਚਾਬੰਦੀ ਸ਼ੁਰੂ ਕਰ ਦਿੱਤੀ ਸੀ। ਗਿਆਨੀ ਜੀ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਹੋਣ ਨਾਤੇ ਟਕਸਾਲੀ ਅਕਾਲੀਆਂ ਵਾਂਗ ਸਿੱਖ ਇਤਿਹਾਸ ਦੇ ਗਿਆਤਾ ਸਨ। ਅਕਾਲੀਆਂ ਕੋਲੋਂ ਪੰਥਿਕ ਏਜੰਡਾ ਖੋਹਣ ਦੀ ਨੀਅਤ ਨਾਲ ਉਨ੍ਹਾਂ ਨੇ 'ਗੁਰੂ ਗੋਬਿੰਦ ਸਿੰਘ ਮਾਰਗ' ਬਣਵਾਇਆ ਜਿਸ ਨੂੰ ਸਿੱਖਾਂ ਵੱਲੋਂ ਖ਼ੂਬ ਹੁੰਗਾਰਾ ਮਿਲਿਆ।

ਐਮਰਜੈਂਸੀ ਦੀ ਮੁਖ਼ਾਲਫ਼ਤ ਕਰਨ ਮਗਰੋਂ ਉਸ ਨੇ ਅੰਗਰੇਜ਼ਾਂ ਵਾਲੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਨੂੰ ਅਪਨਾ ਕੇ ਅਜਿਹੇ ਸਿੱਖ ਸੰਤ ਦੀ ਭਾਲ ਸ਼ੁਰੂ ਕਰ ਦਿੱਤੀ ਜੋ ਪੰਜਾਬ ਨੂੰ ਬਲ਼ਦੀ ਭੱਠੀ 'ਚ ਝੋਕ ਦੇਵੇ। ਅਜਿਹੀ ਨੀਤੀ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਨੇ ਵੀ ਅਪਣਾਈ ਸੀ। ਉਸ ਵੇਲੇ ਵੀ ਸੰਤ ਚੰਨਣ ਸਿੰਘ ਤੇ ਮਾਸਟਰ ਤਾਰਾ ਸਿੰਘ ਵਿਚਾਲੇ ਪਾੜ ਪਿਆ ਪਰ ਅੱਤਵਾਦ ਨੂੰ ਕਿਸੇ ਵੀ ਤਰ੍ਹਾਂ ਦੀ ਹਵਾ ਨਹੀਂ ਸੀ ਮਿਲੀ। ਪੰਜਾਬ ਦੋਖੀਆਂ ਦੀਆਂ ਸਲਾਹਾਂ ਮੰਨ ਕੇ ਉਨ੍ਹਾਂ ਪੰਜਾਬੀਆਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਗਿਆ ਜਿਨ੍ਹਾਂ ਨੇ ਦੇਸ਼ ਵਾਸੀਆਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ। ਐਮਰਜੈਂਸੀ ਵੇਲੇ ਬੀਜੀ ਗਈ ਜ਼ਹਿਰੀਲੀ ਫ਼ਸਲ ਦੇ ਬੀਜ ਨਿਸਰਨ ਨੂੰ ਸਮਾਂ ਨਾ ਲੱਗਾ।

ਸਤੱਤਰ ਦੀਆਂ ਚੋਣਾਂ 'ਚ ਭਾਵੇਂ ਕਾਂਗਰਸ ਨੂੰ ਨਮੋਸ਼ੀਜਨਕ ਹਾਰ ਹੋਈ ਪਰ ਤਿੰਨ ਸਾਲਾਂ 'ਚ ਹੀ ਇੰਦਰਾ ਗਾਂਧੀ ਨੂੰ ਖੁੱਸਿਆ ਹੋਇਆ ਸਿੰਘਾਸਨ ਮੁੜ ਨਸੀਬ ਹੋਇਆ। ਗਿਆਨੀ ਜ਼ੈਲ ਸਿੰਘ ਦੇਸ਼ ਦੇ ਗ੍ਰਹਿ ਮੰਤਰੀ ਤੇ ਫਿਰ ਰਾਸ਼ਟਰਪਤੀ ਬਣੇ। ਅਕਾਲੀਆਂ ਨੂੰ ਕਮਜ਼ੋਰ ਕਰਨ ਪਿੱਛੋਂ ਪੰਜਾਬ 'ਚ 'ਖ਼ਾਲਿਸਤਾਨ' ਦਾ ਹਊਆ ਖੜ੍ਹਾ ਕਰਨ ਦਾ ਮਕਸਦ 1985 'ਚ ਆਉਣ ਵਾਲੀਆਂ ਚੋਣਾਂ 'ਚ ਵੱਧ ਤੋਂ ਵੱਧ ਸੀਟਾਂ ਜਿੱਤਣਾ ਸੀ। ਅੱਗ ਨਾਲ ਖੇਡਣ ਵਾਲਿਆਂ ਨੇ ਪੰਜਾਬ ਤੋਂ ਇਲਾਵਾ ਕੈਨੇਡਾ, ਇੰਗਲੈਂਡ ਤੇ ਅਮਰੀਕਾ 'ਚ ਵੀ ਖ਼ਾਲਿਸਤਾਨ ਦਾ ਬਿਰਤਾਂਤ ਸਿਰਜਣ ਲਈ ਖ਼ੁਫ਼ੀਆ ਏਜੰਸੀਆਂ ਨੂੰ ਸਰਗਰਮ ਕੀਤਾ। ਝੂਠ ਦੀ ਅਮਰਵੇਲ ਨੇ ਖ਼ੁਸ਼ਹਾਲ ਪੰਜਾਬ ਨੂੰ ਬਰਬਾਦ ਕਰਨਾ ਸ਼ੁਰੂ ਕਰ ਦਿੱਤਾ। ਐਮਰਜੈਂਸੀ ਤੋਂ ਬਾਅਦ 13 ਅਪ੍ਰੈਲ 1978 ਦੇ ਸਿੱਖ-ਨਿਰੰਕਾਰੀ ਖ਼ੂਨੀ ਕਾਂਡ ਨੇ ਨਰਮਦਲੀ ਅਕਾਲੀਆਂ ਨੂੰ ਢਹਿੰਦੀ ਕਲਾ ਵੱਲ ਤੋਰਿਆ। ਭਿੰਡਰਾਂਵਾਲੇ ਪੰਥਿਕ ਜ਼ਮੀਨ 'ਤੇ ਤੇਜ਼ੀ ਨਾਲ ਕਾਬਜ਼ ਹੋਣ ਲੱਗੇ। ਤੱਤੇ ਨਾਅਰਿਆਂ ਕਾਰਨ ਪੰਜਾਬ ਦੀ ਜ਼ਮੀਨ ਅੱਤਵਾਦ ਲਈ ਜਰਖ਼ੇਜ਼ ਸਾਬਿਤ ਹੋਈ। ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਨੇ ਬਲਦੀ ਅੱਗ 'ਤੇ ਤੇਲ ਪਾਉਣਾ ਸ਼ੁਰੂ ਕੀਤਾ। ਥਾਂ-ਥਾਂ ਭਾਂਬੜ ਮਚੇ ਜਿਸ 'ਚ ਅਣਗਿਣਤ ਬੇਦੋਸ਼ੇ ਜਿਉਂਦੇ ਝੁਲਸ ਗਏ। ਸਾਂਝੀਵਾਲਤਾ ਦੀ ਧਰਤੀ 'ਤੇ ਰਿਸ਼ਤੇ ਤਿੜਕ ਰਹੇ ਸਨ। ਰੋਮ ਬਲ ਰਿਹਾ ਸੀ ਤੇ ਨੀਰੋ ਬੰਸਰੀ ਵਜਾ ਰਿਹਾ ਸੀ। ਅਨੰਦਪੁਰ ਸਾਹਿਬ ਦੇ ਮਤੇ ਦੀ ਧਾਰਾ 'ਸਿੱਖਾਂ ਦੇ ਬੋਲਬਾਲੇ' ਨੂੰ ਰੱਜ ਕੇ ਭੰਡਿਆ-ਪ੍ਰਚਾਰਿਆ ਗਿਆ। ਅੱਤਵਾਦ ਦਾ ਬੀਜ ਬੀਜਣ ਵਾਲੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਤੇ ਖ਼ਾਲਿਸਤਾਨ ਦੀ ਲਹਿਰ ਨੂੰ ਕੁਚਲਣ ਲਈ ਸਖ਼ਤ ਕਦਮ ਚੁੱਕਣ ਦੇ ਦਮਗਜੇ ਮਾਰਨ ਲੱਗੇ। ਅਕਾਲੀ ਦਲ ਵੱਲੋਂ ਉਠਾਈਆਂ ਗਈਆਂ ਮੰਗਾਂ ਨੂੰ ਸੰਵਾਦ ਰਾਹੀਂ ਸਹਿਜੇ ਹੀ ਨਿਪਟਾਇਆ ਜਾ ਸਕਦਾ ਸੀ। ਮਸਲੇ ਨਿਪਟਾਣ ਦੀ ਥਾਂ ਇਨ੍ਹਾਂ ਨੂੰ ਲਟਕਾਉਣ 'ਚ ਸਰਕਾਰ ਨੂੰ ਫ਼ਾਇਦਾ ਸੀ।

ਬਿਜੜੇ ਦੇ ਆਲ੍ਹਣੇ ਵਾਂਗ ਉਣਤੀਆਂ-ਬੁਣਤੀਆਂ ਦੀ ਬਣਤ 'ਚ ਸਮਾਂ ਗੁਆਇਆ ਜਾਂਦਾ। 'ਇੰਦਰਾ ਭਾਰਤ ਤੇ ਭਾਰਤ ਹੀ ਇੰਦਰਾ ਹੈ' ਦਾ ਨਾਅਰਾ ਦੇ ਕੇ ਦੇਸ਼ ਵਾਸੀਆਂ ਨੂੰ ਗੁਮਰਾਹ ਕੀਤਾ ਜਾਣ ਲੱਗਾ। ਕੇਂਦਰ ਤੇ ਅਕਾਲੀ ਦਲ ਦੇ ਨੁਮਾਇੰਦਿਆਂ ਵਿਚਾਲੇ ਕਈ ਮੀਟਿੰਗਾਂ ਹੋਈਆਂ। ਆਪ੍ਰੇਸ਼ਨ ਬਲਿਊ ਸਟਾਰ ਤੋਂ ਚੰਦ ਦਿਨ ਪਹਿਲਾਂ ਵੀ ਕੁਝ ਮੀਟਿੰਗਾਂ ਹੋਈਆਂ ਜਿਨ੍ਹਾਂ ਦਾ ਜ਼ਿਕਰ ਸਮੇਂ ਦੀ ਸਰਕਾਰ ਵੱਲੋਂ ਜਾਰੀ ਕੀਤੇ ਗਏ 'ਵ ?ਹਾਈਟ ਪੇਪਰ' ਵਿਚ ਕੀਤਾ ਗਿਆ ਹੈ। ਵਾਜਿਬ ਮੰਗਾਂ ਪ੍ਰਤੀ ਸਰਕਾਰ ਦੀ ਉਦਾਸੀਨਤਾ ਨੇ ਪੰਜਾਬ ਵਾਸੀਆਂ ਨੂੰ ਉਦਾਸ ਕੀਤਾ। ਸਾਂਝੀਵਾਲਤਾ ਦੀ ਧਰਤੀ ਲਹੂ-ਲੁਹਾਣ ਹੁੰਦੀ ਰਹੀ। ਕਾਲੀਆਂ ਬਿੱਲੀਆਂ ਸ਼ੇਰਾਂ ਦਾ ਸ਼ਿਕਾਰ ਕਰਦੀਆਂ। ਉੱਚੇ ਬੁਰਜਾਂ ਦੇ ਕਿੰਙਰੇ ਭੁਰਨੇ ਸ਼ੁਰੂ ਹੋ ਗਏ। ਇਕ ਅਕਬਰ ਰੋਡ 'ਤੇ ਬੈਠੇ ਸੂਤਰਧਾਰ ਸਾਜ਼ਿਸ਼ਘਾੜਿਆਂ ਨੂੰ ਕਾਠ ਦੀਆਂ ਪੁਤਲੀਆਂ ਵਾਂਗ ਨਚਾਉਂਦੇ। ਸੇਹ ਦੇ ਤੱਕਲੇ ਗੱਡਣ ਵਾਲੇ ਆਪਣੀ ਕੋਝੀ ਰਣਨੀਤੀ ਨੂੰ ਕਾਮਯਾਬ ਹੁੰਦੇ ਦੇਖ ਕੇ ਬਾਗ਼ੋ-ਬਾਗ਼ ਸਨ। 'ਸਭੇ ਸਾਝੀਵਾਲ ਸਦਾਇਨਿ' ਵਾਲੀ ਧਰਤੀ 'ਤੇ ਫਿਰਕਾਪ੍ਰਸਤੀ ਦਾ ਤਾਂਡਵ ਗਿਣੀ-ਮਿੱਥੀ ਸਾਜ਼ਿਸ਼ ਦਾ ਹੀ ਹਾਸਲ ਸੀ। ਬੇਗਾਨੀਆਂ ਧਰਤੀਆਂ 'ਤੇ ਸਿਆਸੀ ਸ਼ਰਨ ਲੈਣ ਲਈ ਗਰਮਦਲੀਆਂ ਦੇ ਲੈਟਰਹੈੱਡ ਵੀ ਵਿਕੇ। ਜ਼ਮੀਰਾਂ ਵੀ ਵਿਕੀਆਂ। ਆਖ਼ਰ ਸੋਹਣੇ ਦੇਸ ਪੰਜਾਬ ਦੇ ਅੰਬਰ 'ਤੇ 'ਨੀਲਾ ਤਾਰਾ' ਚੜ੍ਹਿਆ। ਆਪਣੀਆਂ ਹੀ ਫ਼ੌਜਾਂ ਆਪਣਿਆਂ 'ਤੇ ਚੜ੍ਹ ਆਈਆਂ। ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਦੋ ਸਿੱਖ ਅੰਗ-ਰੱਖਿਅਕਾਂ ਵੱਲੋਂ ਇੰਦਰਾ ਗਾਂਧੀ ਦੀ ਹੱਤਿਆ ਕਰਨ ਕਾਰਨ ਸਿੱਖ ਵਿਰੋਧੀ ਦੰਗੇ ਭੜਕ ਉੱਠੇ। ਚਾਰ ਦਹਾਕਿਆਂ ਪਿੱਛੋਂ ਵੀ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਿਆ। ਦੰਗਿਆਂ ਜਾਂ ਆਪ੍ਰੇਸ਼ਨ ਬਲਿਊ ਸਟਾਰ ਦੀ ਮਲਵੀਂ ਜ਼ੁਬਾਨ 'ਚ ਮਾਫ਼ੀ ਮੰਗਣ ਲਈ ਡਾ. ਮਨਮੋਹਨ ਸਿੰਘ ਦੀਆਂ ਸੇਵਾਵਾਂ ਲਈਆਂ ਗਈਆਂ।

ਕਾਸ਼! ਇਹ ਮਾਫ਼ੀ ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੂਆਂ ਨੂੰ ਕੈਨੇਡਾ ਦੇ ਤੱਟ 'ਤੇ ਨਾ ਉਤਾਰਨ ਲਈ ਟਰੂਡੋ ਸਰਕਾਰ ਵੱਲੋਂ ਪ੍ਰਗਟਾਏ ਖ਼ੇਦ ਵਰਗੀ ਹੁੰਦੀ ਤਾਂ ਪੀੜਤ ਕੌਮ ਦੇ ਅੱਲੇ ਜ਼ਖ਼ਮਾਂ 'ਤੇ ਮਲ੍ਹਮ ਜ਼ਰੂਰ ਲੱਗਦੀ।

ਸਾਡੇ ਲੋਕ
SADE LOK
ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**
**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਾਨਸਿਕ ਉਨਮਾਦ/ਬੇਕਾਬੂ ਕਾਮ ਉਤੇਜਨਾ**

ਜੀਵਨ ਤੋਂ ਜੀਵਨ ਦੀ ਚਲਦੀ ਇਸ ਲੇਖ ਲੜੀ ਵਿੱਚ ਸਧਾਰਨ ਸਹੀ ਚੱਲਦੇ ਜੀਵਨ ਨੂੰ ਉਸਦੇ ਸੁਰੂ ਤੋਂ ਹੀ ਬਹੁਤ ਸਾਰੀਆਂ ਮੁਸ਼ਕਲਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਹਰ ਮੁਸੀਬਤ ਤੋਂ ਬਚਦਾ ਬਚਾਉਂਦਾ ਜੀਵਨ ਮਾਂ ਦੇ ਗਰਭ ਵਿੱਚੋਂ ਬਾਹਰ ਆਇਆ ਸੀ ਤੇ ਇਕ ਹੱਦ ਤੱਕ ਉਹਦਾ ਬਚਪਨ ਦਾ ਜੀਵਨ ਅਸਾ ਵਿਚਾਰਿਆ ਸੀ। ਨਾਲ ਹੀ ਨਾਲ ਬਚਪਨ ਵਿੱਚ ਦਰਪੇਸ਼ ਬਿਮਾਰੀਆਂ ਤੇ ਉਹਨਾਂ ਦੀ ਹੁਣ ਤੱਕ ਮੈਡੀਕਲ ਸਾਇੰਸ ਦੀ ਜਾਣਕਾਰੀ ਤੇ ਉਪਚਾਰ ਬਾਰੇ ਅਸੀਂ ਨਾਲੋਂ ਨਾਲ ਜਾਣਦੇ ਆਏ ਹਾਂ।

ਬਚਪਨ ਪਾਰ ਕਰਕੇ ਜੀਵਨ ਹੁੰਦੜਹੇਲ ਉਮਰ ਵਿੱਚ ਦਾਖਲ ਹੋਇਆ ਸੀ ਜਿਸ ਵਿੱਚ ਬਚਪਨ ਵਾਲੀਆਂ ਕਈ ਮੁਸੀਬਤਾ ਬਿਮਾਰੀਆਂ ਦੇ ਨਾਲ ਨਾਲ ਕੁਝ ਨਵੀਆਂ ਮੁਸੀਬਤਾਂ ਦਾ ਸਾਹਮਣਾ ਜੀਵਨ ਨੂੰ ਕਰਨਾ ਪਿਆ ਸੀ। ਜੋ ਅਸਾਂ ਸਮੇਂ-ਸਮੇਂ ਵਿਚਾਰਿਆ ਸੀ ਤੇ ਹੁੰਦੜਹੇਲ ਬੱਚਿਆਂ ਦੇ ਮਾਪਿਆਂ ਨੂੰ ਇਸ ਬਾਰੇ ਸੁਚੇਤ ਕਰਨ ਲਈ ਲੈਕਚਰ ਲਿਖੇ ਸਨ। ਹੁੰਦੜਹੇਲ ਉਮਰ ਦੀ ਹੱਦ ਪਾਰ ਕਰਦਿਆਂ ਜਵਾਨੀ ਵਿੱਚ ਦਾਖਲ ਹੁੰਦੇ ਜੀਵਨ ਨੂੰ ਬਹੁਤ ਹੀ ਵੱਖਰੀ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ ਜਿਸ ਵਿੱਚ ਉਹ ਖੁਦ ਹਰ ਹਾਲਾਤ ਲਈ ਜ਼ੁੰਮੇਵਾਰ ਸੀ। ਕਈ ਉਤਰਾਅ ਚੜ੍ਹਾਅ ਇਸ ਉਮਰ ਵਿੱਚ ਵਿਚਰਦਿਆਂ ਜੀਵਨ ਨੇ ਵੇਖੇ ਸਨ ਜਿਨ੍ਹਾਂ ਦੇ ਫੈਸਲੇ ਵੀ ਜੀਵਨ ਨੇ ਖੁਦ ਲਏ ਸਨ ਤੇ ਉਹਨਾਂ ਦੇ ਸਿੱਟਿਆਂ ਲਈ ਵੀ ਜੀਵਨ ਖੁਦ ਜ਼ੁੰਮੇਵਾਰ ਸੀ। ਵੱਡੀਆਂ ਜ਼ੁੰਮੇਵਾਰੀਆਂ ਜੀਵਨ ਨੂੰ ਅੱਗੇ ਚੱਲਦਾ ਰੱਖਣ ਲਈ ਇਸ ਵਕਤ ਇਹਦੇ ਸਿਰ ਸਨ। ਜੀਵਨ ਤੋਂ ਜੀਵਨ ਪੈਦਾ ਕਰਨ ਦੀ ਜ਼ੁੰਮੇਵਾਰੀ ਤੇ ਇਸਦੀ ਸੰਭਾਲ। ਇੱਥੇ ਪਹੁੰਚ ਕੇ ਇਸ ਨਾਲ ਸੰਬੰਧਿਤ ਅੰਗਾਂ ਦੀ ਜਾਣਕਾਰੀ ਅਸਾਂ ਕੀਤੀ ਸੀ ਤੇ ਉਹਨਾਂ ਦੀਆਂ ਕੁਦਰਤੀ ਰਹਿ ਗਈਆਂ ਕਮੀਆਂ ਪੇਸ਼ੀਆਂ ਦੀ ਗੱਲ ਅਸਾਂ ਕੀਤੀ ਸੀ ਤੇ ਉਹਨਾਂ ਦੇ ਨਿਵਾਰਨ ਲਈ ਕੀ ਕੀ ਤਰੀਕਾਕਾਰ ਹੁਣ ਤੱਕ ਅਪਣਾਏ ਜਾ ਰਹੇ ਹਨ ਉਹਨਾਂ ਬਾਰੇ ਲੇਖ ਲੜੀਆਂ ਵਿੱਚ ਜਾਣਕਾਰੀ ਦਿੱਤੀ ਸੀ। ਜਵਾਨੀ ਵਿੱਚ ਪੈਰ ਰੱਖਦੇ ਜੀਵਨ ਵਿੱਚ ਆਸੰਤੁਸਟੀ ਦਾ ਇਕ ਹਾਲਾਤ ਆਮ ਵਾਪਰਦਾ ਹੈ ਬਲਕਿ ਉਹ ਜੀਵਨ ਦੀਆਂ ਆਪਣੀਆਂ ਸਰੀਰਕ ਜਾਂ ਮਾਨਸਿਕ ਕਮੀਆ ਪੇਸ਼ੀਆਂ ਦੇ ਕਰਕੇ ਹੋਵੇ ਜਾ ਕਿਸੇ ਬਿਮਾਰੀ ਦੀ ਵਜ੍ਹਾ ਕਰਕੇ ਹੋਵੇ। ਅਸਾਂ ਵਿਚਾਰਿਆ ਵੀ ਹੈ ਤੇ ਸੰਭਲਣ ਲਈ ਵਿਚਾਰ ਵੀ ਦਿੱਤੇ ਹਨ ਅਤੇ ਉਹਨਾਂ ਬਾਰੇ ਹੁਣ ਤੱਕ ਮੈਡੀਕਲ ਸਾਇੰਸ ਦੁਆਰਾ ਕੀ ਸਰਵੋਤਮ ਹੱਲ ਕੀਤਾ ਜਾਂਦਾ ਹੈ ਉਸ ਬਾਰੇ ਤੁਹਾਨੂੰ ਸਭ ਨੂੰ ਸੂਚੇਤ ਕਰਵਾਇਆ ਸੀ। ਜਵਾਨੀ ਵਿੱਚ ਵਿਚਰਦੇ ਜੀਵਨ ਦੀ ਨਾਰਮਲ ਸਹੀ ਤੋਰ ਕਿਸੇ ਵਿਸਥਾਰ ਦੀ ਜ਼ਰੂਰਤ ਨਹੀਂ ਸਮਝਦੀ ਪਰ ਇਸ ਤੋਂ ਪਹਿਲਾ ਦੀ ਉਮਰ ਵਿੱਚ ਅਸਾਂ ਮਾਪਿਆਂ ਨੂੰ ਹਰ ਪੜਾਅ ਤੇ ਸੁਚੇਤ ਕੀਤਾ ਸੀ।

ਅੱਜ ਦਾ ਵਿਸਾ ਜੀਵਨ ਦੀ ਤੇਜ਼ ਤੋਰ ਦਾ ਪ੍ਰਤੀਕ ਹੈ ਜਾਂ ਇੰਜ ਕਹਿ ਲਉ ਬੇਕਾਬੂ ਹੋ ਗਈ ਤੋਰ ਦਾ ਪ੍ਰਤੀਕ ਹੈ। ਦੋ ਲਫਜ਼ ਅਸਾਂ ਉੱਪਰ ਤੁਹਾਡੇ ਧਿਆਨ ਗੋਚਰੇ ਲਿਖੇ ਹਨ ਉਹਨਾਂ ਦਾ ਇਕ ਇਕ ਕਰਕੇ ਵਿਸਥਾਰ ਅਸੀਂ ਇਸ ਲੈਕਚਰ ਵਿੱਚ ਤੁਹਾਡੇ ਨਾਲ ਸਾਂਝਾ ਕਰਾਂਗੇ

**ਉਨਮਾਦੀ ਉਤੇਜਨਾ** - ਬੇਸ਼ਕ ਇਹ ਬਿਮਾਰੀ ਮਾਨਸਿਕ ਰੋਗਾਂ ਦੇ ਘੇਰੇ ਵਿੱਚ ਆਉਂਦੀ ਹੈ ਪਰ ਇੱਥੇ ਇਸ ਦਾ ਕੇਵਲ ਉਹੀ ਪੱਖ ਵਿਚਾਰਿਆ ਜਾਵੇਗਾ ਜਿਹੜਾ ਜਵਾਨੀ ਦੀ ਪ੍ਰਵਿਰਤੀ ਨਾਲ ਸੰਬੰਧਿਤ ਹੈ। ਬਾਕੀ ਇਸ ਦਾ ਵਿਸਥਾਰ ਮਾਨਸਿਕ ਰੋਗਾਂ ਵਿੱਚ ਫਿਰ ਦੁਹਰਾਇਆ ਜਾਵੇਗਾ।

ਉਨਮਾਦਿਕ ਉਤੇਜਨਾ ਜਦ ਕਾਮ ਅੰਗਾਂ ਜਾ ਕਾਮ ਕਿਰਿਆਵਾਂ ਨਾਲ ਸੰਬੰਧਿਤ ਹੁੰਦੀ ਹੈ ਤੇ ਉਹ ਬੇਕਾਬੂ ਸਥਿਤੀ ਇਸ ਲਫਜ ਦੇ ਘੇਰੇ ਵਿੱਚ ਆਉਂਦੀ ਹੈ। ਬੇਸ਼ੰਕ ਇਹ ਮਾਨਸਿਕ ਰੋਗ ਹੈ ਜਿਸ ਵਿੱਚ ਪਹਿਲੇ ਨੰਬਰ 'ਤੇ ਹੈ।

ਯਾਨੀ ਮਾਨਸਿਕ ਤੌਰ 'ਤੇ ਕਿਸੇ ਚੀਜ਼ ਦਾ ਗਲਤ ਅੰਦਾਜ਼ਾ ਹੋਣਾ ਜਿਵੇਂ ਰੱਸੀ ਲਟਕ ਰਹੀ ਹੋਵੇ ਤਾਂ ਸਮਝ ਪਵੇ ਕਿ ਸੱਪ ਹੈ। ਮਤਲਬ ਸੋਝੀ ਦਾ ਐਸਾ ਵਿਕਾਰ ਕਿ ਬੇਕਾਰ ਬਦਸੂਰਤ ਸ਼ਕਲਾਂ ਜਾਂ ਉਲਟ ਸੈਕਸ ਤੋਂ ਇਲਾਵਾ ਕਿਸੇ ਦੂਜੀ ਕਿਸਮ ਦੇ ਜੀਵਾਂ ਨੂੰ ਵੇਖ ਕੇਵੀ ਕਾਮੁਕ ਮਾਨਸਿਕਤਾ ਦੀ ਉਤੇਜਨਾ ਪੈਦਾ ਹੋਵੇ ਜਿਨ੍ਹਾਂ ਨੂੰ ਵੇਖ ਕੇ ਆਮ ਸਧਾਰਨ ਜੀਵਨ ਵਿੱਚ ਅਜਿਹੀ ਕੋਈ ਭਾਵਨਾ ਨਹੀਂ ਜਾਗਦੀ ਤਾਂ ਇਹ ਇਸ ਇਲੂਜਨ ਲਫਜ ਦੇ ਘੇਰੇ ਵਿੱਚ ਆਉਂਦੀ ਹੈ।

**ਦੂਸਰਾ ਲਫਜ ਹੈ**- ਖਿਆਲੀ ਪਲਾਉ ਯਾਨੀ ਇਲੂਜਨ ਵਾਂਗ ਰਸੀ ਵੀ ਨਹੀਂ ਕੋਈ ਉਬਜੈਕਟ ਭਾਵ ਅਕ੍ਰਿਤੀ ਹੈ ਹੀ ਨਹੀਂ ਪਰ ਕੁਝ ਮੰਨੋ ਕਲਪਿਤ ਅਕ੍ਰਿਤੀਆ ਮਨ ਵਿੱਚ ਬਣ ਰਹੀਆਂ ਹਨ। ਜਿਵੇਂ ਭੂਤ ਹੋਣ ਦਾ ਝਾਉਲਾ ਪੈਣਾ ਹਾਲਾਤ ਅਨੁਸਾਰ ਭੂਤ ਕਿਸੇ ਤਰ੍ਹਾਂ ਦੀ ਕੋਈ ਅਕ੍ਰਿਤੀ ਹੈ ਹੀ ਨਹੀਂ ਇਕ ਵਿਕਰਤ ਮਨੋਕਲਪਿਤ ਸੋਚ ਹੈ। ਬੇਸ਼ੱਕ ਅਜਿਹੇ ਡਰ ਦੀਆਂ ਤਸਵੀਰਾਂ ਕਮਜ਼ੋਰ ਮਨ ਵਿੱਚ ਰਾਤ ਸਮੇਂ ਹਨ੍ਹੇਰੇ ਵਿੱਚ ਕਿਸੇ ਦੇ ਵੀ ਮਨ ਵਿੱਚ ਬਣ ਸਕਦੀਆਂ ਹਨ ਪਰ ਜੇ ਜਾਗਦਿਆਂ ਤੇ ਹੋਸ ਹਵਾਸ ਵਿੱਚ ਹੁੰਦਿਆਂ ਕਿਸੇ ਮਨੁੱਖ ਦੇ ਮਨ ਵਿੱਚ ਪੈਦਾ ਹੋਣ ਤਾਂ ਇਹ ਹੈਲੂਸੀਨੇਸ਼ਨ ਅਖਵਾਉਂਦੇ ਹਨ।

ਉਪਰੋਕਤ ਦੋਨਾਂ ਹੀ ਕਿਸਮ ਦੇ ਖਿਆਲਾਂ ਦਾ ਕਿਸੇ ਦੇ ਮਨ ਵਿੱਚ ਦਿਨ ਸਮੇਂ ਹੋਸ਼ ਵਿੱਚ ਹੁੰਦਿਆਂ ਵੀ ਵੱਖ ਵੱਖ ਅਕ੍ਰਿਤੀਆਂ ਦਾ ਬਨਣਾ ਮਾਨਸਿਕ ਰੋਗ ਹੈ ਪਰ ਜਦ ਇਹੀ ਹਾਲਾਤ ਕਾਮ ਅੰਗਾਂ ਕਾਮ ਕਿਰਿਆਵਾਂ ਨਾਲ ਸੰਬੰਧਿਤ ਹੋਣ ਤਾਂ ਕਾਮ ਉਨਮਾਦਿਕਤਾ ਅਖਵਾਉਂਦੇ ਹਨ। ਕਾਮ ਉਤੇਜਨਾ ਦੇ ਡੈਲੂਜਨ ਅਖਵਾਉਂਦੇ ਹਨ। ਉਨਮਾਦ ਮਾਨਸਿਕ ਉਹ ਪ੍ਰਸਥਿਤੀ ਹੈ ਜਿਸ ਵਿੱਚ ਸੰਸਾਰਕ ਕਾਰ ਵਿਹਾਰ ਕਰਨ ਦੀ ਸਮਰੱਥਾ ਘਟਦੀ ਜਾਂਦੀ ਹੈ। ਸੋਚ ਵਿਚਾਰਤਰਕ ਬੁੱਧੀ ਦੀ ਘਾਟ ਹੋ ਜਾਂਦੀ ਹੈ ਤੇ ਇਹਨਾਂ ਕਮੀਆਂ ਦੇ ਚੱਲਦਿਆਂ ਇਸ ਤਰ੍ਹਾਂ ਦੇ ਮਰਦ ਜ਼ਿਆਦਾਤਰ ਇਕੱਲੇ ਰਹਿਣਾ ਪਸੰਦ ਕਰਦੇ ਹਨ। ਕਈ ਤਰ੍ਹਾਂ ਦੀਆਂ ਮਸਨੂਹੀ ਅਵਾਜ਼ਾਂ ਸੁਣਦੇ ਹਨ। ਇੱਛਾ ਸ਼ਕਤੀ ਦੀ ਘਾਟ ਕਰਕੇ ਜ਼ੁੰਮੇਵਾਰੀਆਂ ਤੋਂ ਭੱਜਣਾ ਖਾਸ ਕਰ ਜਵਾਨੀ ਵਿੱਚ ਪੈਰ ਰੱਖਦਿਆਂ ਸਪਸ਼ਟ ਤੌਰ 'ਤੇ ਪਰਿਵਾਰਕ ਸੰਬੰਧਾਂ ਤੋਂ ਭੱਜਣਾ ਪਰ ਪਰਿਵਰਸ਼ਨ ਯਾਨੀ ਇਸ ਤੋਂ ਉਲਟ ਪਰਦੇ ਪਿੱਛੇ ਉਹੀ ਕਿਰਿਆਵਾਂ ਕਰਨਾ ਵਰਗੀ ਸਥਿਤੀ ਵਿੱਚ ਵਿਚਰਦੇ ਲੋਕ ਇਸ ਬਿਮਾਰੀ ਦੇ ਘੇਰੇ ਵਿੱਚ ਆਉਂਦੇ ਹਨ।

**ਉਨਮਾਦਿਕਤਾ ਦੇ ਕਾਰਨ**- ਅਡੋਲਸੈਸ ਯਾਨੀ ਹੁੰਦੜਹੇਲ ਉਮਰ ਵਿੱਚ ਗਲਤ ਸੁਸਾਇਟੀ ਦਾ ਸ਼ਿਕਾਰ ਹੋ ਜਾਣਾ। ਜਿਸ ਲਈ ਸਮੇਂ-ਸਮੇਂ ਅਸੀਂ ਮਾਪਿਆਂ ਨੂੰ ਇਨ੍ਹਾਂ ਲੈਕਚਰਾਂ ਰਾਹੀਂ ਸੁਚੇਤ ਵੀ ਕਰਦੇ ਰਹੇ ਹਾਂ ਕਿ ਹੁੰਦੜਹੇਲ ਉਮਰ ਵਿੱਚ ਬੱਚਿਆਂ ਦੀ ਪੁਸਤ ਪਨਾਹੀ ਸੰਭਾਲ ਛੱਡਣੀ ਨਹੀਂ ਚਾਹੀਦੀ ਵਰਨਾ ਗਲਤ ਸੁਸਾਇਟੀ ਦੇ ਸਹਿਯੋਗ ਨਾਲ ਗਲਤ ਪਾਸੇ ਤੁਰ ਜਾਣਾ ਨਸ਼ਿਆ ਵਿੱਚ ਲਿਪਤ ਹੋ ਜਾਣਾ ਖਾਸ ਕਰ ਭੰਗ ਵਰਗੇ ਮਾਦਕਨਸੇ ਜਿਹੜੇ ਸੂਝ ਨੂੰ ਗੁੰਮਰਾਹ ਕਰਦੇ ਹਨ ਉਹਨਾਂ ਦਾ ਸੇਵਨ ਕਰਨ ਲੱਗ ਜਾਣਾ। ਜਿਸ ਨਾਲ ਸੂਝ ਧੁੰਦਲੀ ਹੁੰਦੀ ਜਾਣੀ ਜਿਵੇਂ ਕਈ ਮੀਲਾਂ ਨੂੰ ਨੇੜੇ ਹੀ ਸਮਝਣਾ ਜਾਂ ਥੋੜ੍ਹੀ ਦੂਰੀ ਨੂੰ ਹੀ ਬਹੁਤ ਦੂਰ ਸਮਝਣਾ ਤੇ ਵੱਡੀ ਦੂਰੀ।

(ਚੱਲਦਾ)





# CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਕੈਲੀਫੋਰਨੀਆ ਵਿਚ ਇਕ ਹਮਲਾਵਰ ਵੱਲੋਂ 3 ਲੋਕਾਂ ਦੀ ਹੱਤਿਆ, 9 ਜ਼ਖਮੀ

### *ਇਕ ਨੂੰ ਛੁਰਾ ਮਾਰਿਆ ਤੇ 2 ਨੂੰ ਆਪਣੇ ਵਾਹਨ ਹੇਠਾਂ ਦਰੜਿਆ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਕੈਲੀਫੋਰਨੀਆ ਦੇ ਸੈਨਹੋਜੇ ਖੇਤਰ ਵਿਚ ਇਕ ਹਮਲਾਵਰ ਵੱਲੋਂ 3 ਵਿਅਕਤੀਆਂ ਦੀ ਹੱਤਿਆ ਕਰਨ ਤੇ 9 ਹੋਰ ਨੂੰ ਜ਼ਖਮੀ ਕਰ ਦੇਣ ਦੀ ਰਿਪੋਰਟ ਹੈ। ਸੈਨਹੋਜੇ ਤੇ ਮਿਲਪਿਟਸ ਪੁਲਿਸ ਅਨੁਸਾਰ 31 ਸਾਲਾ ਸ਼ੱਕੀ ਦੋਸ਼ੀ ਕੈਵਿਨ ਪਰਕੌਰਾਨਾ ਜੋ ਇਸ ਸਮੇ ਪੁਲਿਸ ਹਿਰਾਸਤ ਵਿਚ ਹੈ, ਨੇ ਇਕ ਵਿਅਕਤੀ ਦੀ ਛੁਰਾ ਮਾਰ ਕੇ ਹੱਤਿਆ ਕੀਤੀ ਜਦ ਕਿ ਬਾਕੀ 2 ਨੂੰ ਆਪਣੇ ਵਾਹਣ ਹੇਠਾਂ ਦਰੜ ਦਿੱਤਾ। ਮਿਲਪਿਟਸ ਪੁਲਿਸ ਮੁੱਖੀ ਜੇਰਡ ਹਰਨਾਂਡੇਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸ਼ੱਕੀ ਦੋਸ਼ੀ ਵਿਰੁੱਧ ਫੌਰੀ ਪ੍ਰਭਾਵਸ਼ਾਲੀ ਕਾਰਵਾਈ ਕਰਕੇ ਹੋਰ ਲੋਕਾਂ ਦੀਆਂ ਜਾਨਾਂ ਬਚਾਉਣ ਵਿਚ ਕਾਮਯਾਬ ਹੋਏ ਹਾਂ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ ਦਾ ਮਕਸਦ ਕਿਸੇ ਵਿਸ਼ੇਸ਼ ਵਿਅਕਤੀ ਨੂੰ ਨਿਸ਼ਾਨ ਬਣਾਉਣਾ ਨਹੀਂ ਸੀ ਤੇ ਉਸ ਦਾ ਮਕਸਦ ਹਿੰਸਾ ਫੈਲਾਉਣਾ ਸੀ।



ਸੈਨਹੋਜੇ ਪੁਲਿਸ ਮੁੱਖੀ ਐਨਥਨੀ ਮਾਟਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ

ਸੈਨਹੋਜੇ ਪੁਲਿਸ ਮੁੱਖੀ ਐਨਥਨੀ ਮਾਟਾ ਅਨੁਸਾਰ ਦੋ ਸ਼ਹਿਰਾਂ ਵਿਚ ਹਿੰਸਾ ਕਰਨ ਲਈ ਪਰਕੌਰਾਨਾ ਵਿਰੁੱਧ ਸ਼ੱਕੀ ਹੱਤਿਆ ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਜਾਣ ਦੀ ਸੰਭਾਵਨਾ ਹੈ।

# ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਵਿਚ ਇਕ ਗੈਸ ਸਟੇਸ਼ਨ ਦੇ ਮਾਲਕ ਵਿਰੁੱਧ ਹੱਤਿਆ ਦੇ ਦੋਸ਼ ਆਇਦ

### *ਚੋਰੀ ਦੇ ਸ਼ੱਕ ਵਿਚ 14 ਸਾਲਾ ਲੜਕੇ ਨੂੰ ਮਾਰੀ ਸੀ ਗੋਲੀ*

ਸੈਕਰਾਮੈਂਟੋ/ਕੈਲਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਵਿਚ ਇਕ ਗੈਸ ਸਟੇਸ਼ਨ ਦੇ ਮਾਲਕ ਵਿਰੁੱਧ 14 ਸਾਲਾ ਲੜਕੇ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਲੰਘੇ ਐਤਵਾਰ ਵਾਪਰੀ ਇਸ ਘਟਨਾ ਤੋਂ ਬਾਅਦ ਲੋਕਾਂ ਵਿਚ ਗੁੱਸਾ ਤੇ ਰੋਹ ਵੇਖਣ ਨੂੰ ਮਿਲਿਆ। ਲੋਕਾਂ ਨੇ ਸਟੋਰ ਵਿਚ ਲੁੱਟਮਾਰ ਤੇ ਭੰਨਤੋੜ ਕੀਤੀ। ਰਿਚਲੈਂਡ ਕਾਊਂਟੀ ਦੇ ਸ਼ੈਰਿਫ ਲੀਓਨ ਲੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 58 ਸਾਲਾ ਰਿਕ ਚੋਅ ਨੂੰ ਸ਼ੱਕ ਸੀ ਕਿ ਲੜਕੇ ਨੇ ਉਸ ਦੇ ਐਕਸਪ੍ਰੈਸ ਮਾਰਟ ਸ਼ੈਲ ਸਟੋਰ, ਕੋਲੰਬੀਆ ਵਿਚੋਂ ਕੁਝ ਵਸਤਾਂ ਚੋਰੀ ਕੀਤੀਆਂ ਹਨ ਇਸ ਲਈ ਚੋਅ ਤੇ ਉਸ ਦੇ ਪੁੱਤਰ ਨੇ ਭਜੇ ਜਾਂਦੇ ਸਾਈਰਸ ਕਾਰਮੈਕ ਬੈਲਟਨ ਨਾਮੀ ਲੜਕੇ ਦੀ ਪਿੱਠ ਵਿਚ ਗੋਲੀ ਮਾਰੀ ਜਿਸ ਨਾਲ ਉਸ ਦੀ ਮੌਤ ਹੋ ਗਈ। ਉਨਾਂ ਕਿਹਾ ਕਿ ਕਾਲਾ ਲੜਕਾ ਬੈਲਟਨ ਮਿਡਲ ਸਕੂਲ ਦਾ ਵਿਦਿਆਰਥੀ ਸੀ। ਉਹ ਤਕਰੀਬਨ ਸ਼ਾਮ 8 ਵਜੇ ਸਟੋਰ ਵਿਚ ਗਿਆ। ਲੋਟ ਨੇ ਸਪੱਸ਼ਟ ਕੀਤਾ ਕਿ ਲੜਕੇ ਨੇ ਸਟੋਰ ਵਿਚੋਂ ਕੋਈ ਚੋਰੀ ਨਹੀਂ ਕੀਤੀ।



ਐਕਸਪ੍ਰੈਸ ਮਾਰਟ ਸ਼ੈਲ ਸੋਟਰ, ਕੋਲੰਬੀਆ ਦੀ ਪੁਲਿਸ ਵੱਲੋਂ ਕੀਤੀ ਨਾਕਾਬੰਦੀ

ਉਨ੍ਹਾਂ ਕਿਹਾ ਕਿ ਬੈਲਟਨ ਨੇ ਪਾਣੀ ਦੀਆਂ 4 ਬੋਤਲਾਂ ਕੂਲਰ ਤੋਂ ਚੁੱਕੀਆਂ ਸਨ ਤੇ ਵਾਪਿਸ ਫਿਰ ਉਥੇ ਹੀ ਰੱਖ ਦਿੱਤੀਆਂ। ਉਪਰੰਤ ਸਟੋਰ ਮਾਲਕ ਨਾਲ ਤਕਰਾਰ ਤੋਂ ਬਾਅਦ ਉਹ ਸਟੋਰ ਤੋਂ ਬਾਹਰ ਚਲਾ ਗਿਆ। ਇਸੇ ਦੌਰਾਨ ਰਿਚਲੈਂਡ ਕਾਊਂਟੀ ਦੇ ਕੋਰੋਨਰ ਨਾਈਡਾ ਰੁਦਰਫੋਰਡ ਨੇ ਇੰਸਟਗਰਾਮ ਉਪਰ ਪਾਈ ਇਕ ਵੀਡੀਓ ਵਿਚ ਕਿਹਾ ਹੈ ਕਿ ਸਟੋਰ ਦੀ ਵੀਡੀਓ ਰਿਕਾਰਡਿੰਗ ਵੇਖਣ ਤੋਂ ਪਤਾ ਲੱਗਦਾ ਹੈ ਕਿ ਲੜਕਾ ਵਸਤਾਂ ਚੋਰੀ ਨਹੀਂ ਕਰ ਰਿਹਾ ਬਲਕਿ ਕੁਝ ਵਸਤਾਂ ਚੁੱਕ ਰਿਹਾ ਹੈ ਪਰੰਤੂ ਇਸ ਦੇ ਤੁਰੰਤ ਬਾਅਦ ਉਸ ਨੇ ਵਸਤਾਂ ਉਥੇ ਹੀ ਰੱਖ ਦਿੱਤੀਆਂ ਜਿਥੋਂ ਉਸ ਨੇ ਚੁੱਕੀਆਂ ਸਨ। ਸਟੋਰ ਮਾਲਕ ਨੇ ਲੜਕੇ ਕੋਲ ਗੰਨ ਹੋਣ ਦੀ ਗੱਲ ਕਹੀ ਹੈ ਪਰੰਤੂ ਪੁਲਿਸ ਦਾ ਕਹਿਣਾ ਹੈ ਕਿ ਲੜਕੇ ਦੀ ਲਾਸ਼ ਕੋਲੋਂ ਗੰਨ ਜਰੂਰ ਮਿਲੀ ਹੈ ਪਰੰਤੂ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਲੜਕੇ ਨੇ ਮਰਨ ਤੋਂ ਪਹਿਲਾਂ ਸਟੋਰ ਮਾਲਕ 'ਤੇ ਬੰਦੂਕ ਤਾਣੀ ਸੀ।

# ਅਮਰੀਕਾ 'ਚ ਸਕੂਲ ਬੱਸ ਨੂੰ ਅਚਨਚੇਤ ਲੱਗੀ ਅੱਗ, ਡਰਾਈਵਰ ਦੀ ਹੁਸ਼ਿਆਰੀ ਨਾਲ 37 ਬੱਚੇ ਵਾਲ-ਵਾਲ ਨਾਲ ਬਚੇ



ਬੱਸ ਨੂੰ ਲੱਗੀ ਅੱਗ ਬੁਝਾਉਂਦੇ ਹੋਏ ਕਾਮੇ ਤੇ ਸੱਜੇ ਬੱਸ ਦੀ ਡਰਾਈਵਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਵਿਸਕੋਨਸਿਨ ਰਾਜ ਦੇ ਮਿਲਵੌਕੀ ਸ਼ਹਿਰ ਵਿਚ ਇਕ ਸਕੂਲ ਬੱਸ ਨੂੰ ਅਚਾਨਕ ਅੱਗ ਲੱਗ ਗਈ। ਬੱਸ ਦੀ ਡਰਾਈਵਰ ਬੀਬੀ ਇਮੂਨੇਕ ਵਿਲੀਅਮਸ ਦੀ ਹੁਸ਼ਆਰੀ ਨਾਲ ਬੱਸ ਵਿਚ ਸਵਾਰ 37 ਬੱਚੇ ਵਾਲ ਵਾਲ ਬਚ ਗਏ। ਬੀਤੇ ਦਿਨ ਸਵੇਰ ਵੇਲੇ ਵਾਪਰੀ ਇਸ ਘਟਨਾ ਦੇ ਪ੍ਰਾਪਤ ਹੋਏ ਵੇਰਵੇ ਅਨੁਸਾਰ ਬੱਸ ਮਿਲਵੌਕੀ ਅਕੈਡਮੀ ਆਫ ਸਾਇੰਸ ਜਿਥੇ ਬੱਚਿਆਂ ਨੂੰ ਛੱਡਣਾ ਸੀ, ਤੋਂ ਕੁਝ ਹੀ ਦੂਰ ਸੀ ਕਿ ਡਰਾਈਵਰ ਨੂੰ ਕਿਸੇ ਚੀਜ ਦੇ ਸੜਣ ਦੀ ਬੋ ਆਈ। ਪਹਿਲਾਂ ਉਸ ਨੇ ਸੋਚਿਆ ਕਿ ਬਦਬੂ ਬਾਹਰੋਂ ਕਿਸੇ ਹੋਰ ਵਾਹਣ ਵਿਚੋਂ ਆ ਰਹੀ ਹੈ ਪਰੰਤੂ ਇਸ ਦੇ ਤੁਰੰਤ ਬਾਅਦ ਬੱਸ ਦੇ ਇੰਜਣ ਵਿਚੋਂ ਧੂੰਆ ਨਿਕਲਣਾ ਸ਼ੁਰੂ ਹੋ ਗਿਆ। ਵਿਲੀਅਮ ਨੇ ਫੌਰੀ ਕਾਰਵਾਈ ਕਰਦਿਆਂ 37 ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਜਿਸ ਉਪਰੰਤ ਕੁਝ ਹੀ ਸਕਿੰਟਾਂ ਵਿਚ ਸਮੁੱਚੀ ਬੱਸ ਅੱਗ ਦੀ ਲਪੇਟ ਵਿਚ ਆ ਗਈ। ਬੱਚੇ ਐਲਮੈਂਟਰੀ ਤੋਂ ਲੈ ਕੇ ਹਾਈ ਸਕੂਲ ਦੇ ਵਿਦਿਆਰਥੀ ਹਨ। ਵਿਲਿਅਮਸ ਜੋ ਗਰਭਵੱਤੀ ਹੈ, ਨੂੰ ਇਹਤਿਆਤ ਵਜੋਂ ਹਸਪਤਾਲ ਲਿਜਾਇਆ ਗਿਆ।

# ਮੈਰੀਲੈਂਡ ਗਵਰਨਰ ਹਾਊਸ 'ਚ 8 ਸਾਲਾਂ ਬਾਅਦ ਮਨਾਈ ਗਈ ਵਿਸਾਖੀ

ਮੈਰੀਲੈਂਡ : ਮੈਰੀਲੈਂਡ ਵਸਦੇ ਪੰਜਾਬੀ ਭਾਈਚਾਰੇ ਲਈ ਬਹੁਤ ਹੀ ਖੁਸ਼ੀ ਦੀ ਖ਼ਬਰ ਹੈ ਕਿ ਮੈਰੀਲੈਂਡ ਗਵਰਨਰ ਹਾਊਸ 'ਚ 8 ਸਾਲਾਂ ਬਾਅਦ ਵਿਸਾਖੀ ਮਨਾਈ ਗਈ। ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਗਵਰਨਰ ਕਮਿਸ਼ਨ ਵਲੋਂ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਕੀਤਾ ਗਿਆ, ਜਿਸ ਵਿੱਚ ਸਿੱਖਸ ਆਫ਼ ਅਮੈਰਿਕਾ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ, ਇੰਦਰਜੀਤ ਸਿੰਘ ਗੁਜਰਾਲ, ਗੁਰਵਿੰਦਰ ਸਿੰਘ ਸੇਠੀ, ਮਨਿੰਦਰ ਸਿੰਘ ਸੇਠੀ, ਜਸਵਿੰਦਰ ਸਿੰਘ ਜੌਨੀ, ਹਰਬੀਰ ਬੱਤਰਾ, ਪ੍ਰਭਜੋਤ ਬੱਤਰਾ ਤੇ ਦਲਵੀਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਚਰਨਜੀਤ ਸਿੰਘ ਸਰਪੰਚ ਚੇਅਰਮੈਨ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ, ਰਤਨ ਸਿੰਘ, ਹਰੀਰਾਜ ਸਿੰਘ, ਪ੍ਰੀਤ ਠੱਕਰ, ਡਾ. ਸੁਧੀਰ ਸਕਸੇਰੀਆ ਤੇ ਡੀ.ਐੱਮ. ਵੀ. (ਡੀਸੀ, ਮੈਰੀਲੈਂਡ, ਵਰਜੀਨੀਆ) ਦੀਆਂ ਉੱਘੀਆਂ ਸ਼ਖਸੀਅਤਾਂ ਵੀ ਪੁੱਜੀਆਂ। ਸਮਾਗਮ ਦੀ ਖਾਸੀਅਤ ਸੀ ਕਿ



ਇਸ ਵਿੱਚ ਹਰ ਭਾਈਚਾਰੇ ਭਾਵ ਸਿੱਖ, ਹਿੰਦੂ, ਮੁਸਲਿਮ ਕ੍ਰਿਸ਼ਚੀਅਨ ਦੇ ਨੁਮਾਇੰਦੇ ਸ਼ਾਮਲ ਹੋਏ। ਸਮਾਗਮ ਦਾ ਆਰੰਭ ਭਾਈ ਸਵਿੰਦਰ ਸਿੰਘ ਦੇ ਕੀਰਤਨੀ ਜਥੇ ਵਲੋਂ 'ਦੇਹਿ ਸ਼ਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ'ਸ਼ਬਦ ਗਾਇਨ ਨਾਲ ਹੋਈ। ਉਪਰੰਤ ਭਾਸ਼ਣ ਦਿੰਦਿਆਂ ਗਵਰਨਰ ਵੈੱਸਮੋਰ ਨੇ ਸਿੱਖ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਮਰੀਕਾ ਦੀ ਤਰੱਕੀ 'ਚ ਸਿੱਖ ਭਾਈਚਾਰੇ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਇਤਿਹਾਸ ਬਹੁਤ ਹੀ ਅਮੀਰ ਹੈ ਅਤੇ ਸਭ ਤੋਂ ਦਿਲ ਟੁੰਬਵੀਂ ਗੱਲ ਇਹ ਹੈ ਕਿ ਇਸ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਣ ਵਾਲਾ ਹੈ। ਉਨ੍ਹਾਂ ਆਪਣੇ ਭਾਸ਼ਣ 'ਚ ਪੰਜ ਪਿਆਰਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਸਮਾਗਮ 'ਚ ਪਹੁੰਚੇ ਸਮੂਹ ਮਹਿਮਾਨਾਂ ਖਾਸ ਕਰਕੇ ਸਿੱਖ ਭਾਈਚਾਰੇ ਨੂੰ ਜੀ ਆਇਆਂ ਆਖਦਿਆਂ 1940 'ਚ ਕਾਂਗਰਸਮੈਨ ਬਣੇ ਪਹਿਲੇ ਏਸ਼ੀਅਨ ਦਲੀਪ ਸਿੰਘ ਸੌਂਧ ਦੀ ਸੰਖੇਪ ਜੀਵਨੀ ਸਾਂਝੀ ਕੀਤੀ। ਨੁਮਾਇੰਦਿਆਂ ਦੇ ਭਾਸ਼ਣ ਉਪਰੰਤ ਗਵਰਨਰ ਵੈੱਸਮੋਰ, ਫਸਟ ਲੇਡੀ ਅਤੇ ਲੈਫਟੀਨੈਂਟ ਗਵਰਨਰ ਵੈੱਸਮੋਰ ਨੂੰ ਸਿੱਖਸ ਆਫ਼ ਅਮੈਰਿਕਾ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਅੰਤ 'ਚ ਆਏ ਹੋਏ ਮਹਿਮਾਨਾਂ ਨੂੰ ਡਿਨਰ ਦਿੱਤਾ ਗਿਆ।

# 'ਮੈਮੋਰੀਅਲ ਡੇਅ ਪਰੇਡ' ਦਾ ਆਯੋਜਨ, ਸ਼ਹੀਦ ਹੋਏ ਅਮਰੀਕੀ ਅਤੇ ਸਿੱਖ ਫ਼ੌਜੀਆਂ ਨੂੰ ਦਿੱਤੀ ਗਈ ਸ਼ਰਧਾਂਜਲੀ

ਡੇਟਨ (ਰਾਜ ਗੋਗਨਾ)- ਅਮਰੀਕੀ ਅਤੇ ਸਿੱਖ ਫ਼ੌਜੀਆਂ ਨੂੰ ਯਾਦ ਕਰਨ ਲਈ ਅਮਰੀਕਾ 'ਚ ਹਰ ਸਾਲ 'ਮੈਮੋਰੀਅਲ ਡੇਅ' ਮਨਾਇਆ ਜਾਂਦਾ ਹੈ ਤੇ ਇਸ ਦਿਨ ਕੌਮੀ ਛੁੱਟੀ ਹੁੰਦੀ ਹੈ। ਅਮਰੀਕਾ ਦੇ ਹੋਰਨਾਂ ਸ਼ਹਿਰਾਂ ਵਾਂਗ ਓਹਾਇਹੋ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿਖੇ ਵੀ ਇਹ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਇੱਥੋਂ ਦੀ ਬਹੁਤ ਹੀ ਪ੍ਰਸਿੱਧ ਸਲਾਨਾ ਪਰੇਡ ਦਾ ਆਯੋਜਨ ਕੀਤਾ ਗਿਆ। ਜੱਦ 4 ਕਿਲੋਮੀਟਰ ਲੰਬੀ ਪਰੇਡ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ 'ਚੋਂ ਲੰਘੀ ਤਾਂ ਸੜਕ ਦੇ ਦੋਵੇਂ ਪਾਸੇ ਖੜ੍ਹੇ ਸ਼ਹਿਰੀਆਂ ਨੇ ਹੱਥਾਂ 'ਚ ਅਮਰੀਕੀ ਝੰਡੇ ਲੈ ਕੇ ਉਸ ਨੂੰ ਜੀ ਆਇਆਂ ਕਿਹਾ। ਵੱਖ-ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਕ ਅਦਾਰਿਆਂ ਦੀਆ ਝਲਕੀਆਂ ਇਸ ਪਰੇਡ ਦੀ ਵਿਸ਼ੇਸ਼ ਖਿੱਚ




ਸਨ। ਫ਼ੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ। ਪਰੇਡ ਵਿਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਪੋਸਟਰ ਲਾ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਸੜਕਾਂ ਕੰਢੇ ਹਜ਼ਾਰਾਂ ਲੋਕ ਪਰਿਵਾਰ ਸਮੇਤ ਅਮਰੀਕਾ ਦੇ ਝੰਡੇ ਦੇ ਰੰਗ ਨਾਲ ਮੇਚ ਕਰਦੇ ਲਾਲ, ਚਿੱਟੇ,ਅਤੇ ਨੀਲੇ ਕੱਪੜੇ ਪਾ ਕੇ ਇਨ੍ਹਾਂ ਦੇ ਸੁਆਗਤ ਲਈ ਬੈਠੇ ਸਨ। ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿੱਖ ਝਾਕੀਆਂ ਵੀ ਇਸ ਪਰੇਡ ਵਿੱਚ ਖਿੱਚ ਦਾ ਕੇਂਦਰ ਰਹੀਆਂ। ਇਹਨਾਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ। ਤਸਵੀਰਾਂ ਦਾ ਪ੍ਰਦਰਸ਼ਨ ਤੇ ਸ਼ੁਭ-ਕਾਮਨਾਵਾਂ ਭੇਟ ਕੀਤੀਆਂ ਗਈਆਂ। ਇਹ ਪਰੇਡ ਜੱਦ ਬਜਾਰਾਂ ਵਿੱਚੋਂ ਲੰਘੀ, ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜਕ ਕੰਢੇ ਖੜ੍ਹੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਪਿਛਲੇ 25 ਸਾਲਾਂ ਤੋਂ ਸਪਰਿੰਗਫੀਲਡ ਦੇ ਸਮਾਜ ਸੇਵੀ ਅਵਤਾਰ ਸਿੰਘ, ਉਹਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਹਨਾਂ ਵਲੋਂ ਕਈ ਵਰ੍ਹਿਆਂ ਪਹਿਲਾਂ ਕੀਤੇ ਗਏ ਇਸ ਉਦਮ ਨਾਲ ਹੁਣ ਸਿੱਖ ਸੋਸਾਇਟੀ ਆਫ ਡੇਟਨ ਦੀ ਸੰਗਤ, ਨਾਲ ਲੱਗਦੇ ਸ਼ਹਿਰ ਸਿਨਸਿਨਾਟੀ, ਕੋਲੰਬਸ ਅਤੇ ਇੰਡੀਆਨਾ ਸੂਬੇ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖਭਾਈਚਾਰਾ ਵੀ ਇਸ ਵਿੱਚ ਭਾਗ ਲੈਂਦਾ ਹੈ। ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਵਾਰ 1999 ਵਿਚ ਪਰਿਵਾਰ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ ’ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ ’ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ ’ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ ‘ਸਾਡੇ ਲੋਕ’ ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# 5 ਅਗਸਤ 2012 ਦੀ ਘਟਨਾ

13 ਏਕੜ ਵਿਚ ਫੈਲਿਆ ਸਤਵੰਤ ਸਿੰਘ ਕਾਲੇਕਾ ਪ੍ਰਧਾਨ ਦੇ ਸੁਪਨਿਆਂ ਦੀ ਜਗ੍ਹਾ ਗੁਰਦੁਆਰਾ ਸਾਹਿਬ ਓਕ ਕਰੀਕ ਵਿਸਕਾਨਸਿਨ 5 ਅਗਸਤ 2012 ਦਿਨ ਐਤਵਾਰ ਵਾਲੀ ਘਟਨਾ ਨੇ ਸਾਰੀ ਦੁਨੀਆ ਦਾ ਧਿਆਨ ਆਕਰਸ਼ਿਤ ਕੀਤਾ। ਸਿੱਖਾਂ ਵਾਸਤੇ ਔਕੜਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1605 ਈ.) ਤੋਂ ਹੀ ਸ਼ੁਰੂ ਹੋ ਗਈਆਂ ਸਨ। ਪਰ ਪ੍ਰਦੇਸਾਂ ਵਿਚ ਇਹ ਪਹਿਲੀ ਵੱਡੀ ਘਟਨਾ ਸੀ ਜਿਸ ਦਾ ਅਸਰ ਸਾਰੀ ਦੁਨੀਆ ਦੇ ਲੋਕਾਂ ’ਤੇ ਪਿਆ।

ਓਕ ਕਰੀਰ ਗੁਰਦੁਆਰਾ ਸਾਹਿਬ ਮਿਲਵਾਕੀ ਦੇ ਏਅਰਪੋਰਟ ਤੋਂ 3 ਕਿਲੋਮੀਟਰ ਦੂਰ ਰਸੀਨ ਰੋਡ ਉਤੇ ਸਥਿਤ ਹੈ। ਮਿਲਵਾਕੀ ਸ਼ਹਿਰ ਵਿਚ ਦੋ ਹੀ ਗੁਰਦੁਆਰੇ ਹਨ। ਇਕ ਮਿਲਵਾਕੀ ਦੇ ਉੱਤਰ ਵਿਚ ਜੋ ਬਰੁਕਫੀਲਡ ਕਸਬੇ ਵਿਚ ਹੈ। ਦੂਜਾ ਗੁਰਦੁਆਰਾ ਜੋ ਮਿਲਵਾਕੀ ਦੱਖਣ ਵਿਚ ਏਅਰਪੋਰਟ ਦੇ ਨਜ਼ਦੀਕ ਸਥਿਤ ਹੈ। ਸਤਵੰਤ ਸਿੰਘ ਕਾਲੇਕਾ ਨੇ 1996 ਵਿਚ ਇਸ ਨਵੇਂ ਗੁਰਦੁਆਰੇ ਦੀ ਸ਼ੁਰੂਆਤ ਆਪਣੇ ਘਰ ਦੀ ਬੇਸਮੈਂਟ ਤੋਂ ਕੀਤੀ। ਸੁਪਤਨੀ ਸਤਪਾਲ ਕੌਰ ਸੰਗਤ ਲਈ ਲੰਗਰ ਆਦਿ ਦਾ ਪ੍ਰਬੰਧ ਖੁਦ ਹੀ ਕਰਦੀ ਸੀ। ਕੁਝ ਮਹੀਨਿਆਂ ਬਾਅਦ ਇਕ ਕਿਰਾਏ ਦਾ ਪਾਰਕ ਇਸ ਕੰਮ ਵਾਸਤੇ ਵਰਤਦੇ ਸੀ। ਕੁਝ ਸਾਲ ਗੁਰਦੁਆਰਾ ਸਾਹਿਬ ਡਾਊਨਟਾਊਨ, ਮਿਲਵਾਕੀ ਵਿਚ ਇਕ ਪੁਰਾਣੀ ਬਿਲਡਿੰਗ ਵਿਚ ਚਲਦਾ ਰਿਹਾ। ਫਿਰ ਸੰਗਤ ਦੀ ਹਿੰਮਤ ਸਦਕਾ ਇਹ 13 ਏਕੜ ਜਗ੍ਹਾ ਓਕ ਕਰੀਕ ਸ਼ਹਿਰ ਵਿਚ ਖ਼ਰੀਦੀ। 2007 ਵਿਚ ਬਿਲਡਿੰਗ ਦਾ ਕੰਮ ਬੜੇ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋਇਆ ਅਤੇ 2012 ਤੱਕ ਇਹ ਇਮਾਰਤ ਮੁਕੰਮਲ ਹੋ ਗਈ। ਸਤਵੰਤ ਦਾ ਸੁਪਨਾ ਸੀ ਕਿ ਉਹ ਗੁਰਦੁਆਰੇ ਦੀ ਬਿਲਡਿੰਗ ਉਤੇ ਸੁਨਹਿਰੀ ਗੁੰਬਦ ਲਗਵਾਏ। ਇਹ ਸੁਪਨਾ ਉਸ ਦੀ ਸ਼ਹੀਦੀ ਉਪਰੰਤ ਉਸ ਦੀ ਪਤਨੀ ਨੇ ਸੁਨਹਿਰੀ ਗੁੰਬਦ ਲਗਾ ਕੇ ਪੂਰਾ ਕੀਤਾ।




ਮਿਲਵਾਕੀ ਸ਼ਹਿਰ ਤੋਂ ਇਲਾਵਾ ਸੰਗਤਾਂ ਰਸੀਨ, ਕਨੋਸ਼ਾ ਅਤੇ ਸ਼ਿਕਾਗੋ ਆਦਿ ਸ਼ਹਿਰਾਂ ਤੋਂ ਵੀ ਆਉਂਦੀਆਂ ਸਨ। ਆਪਣੀ ਅਣਥੱਕ ਸੇਵਾ ਕਰਕੇ ਤੇ ਗੁਰੂ ਘਰ ਦੇ ਅਥਾਹ ਪਿਆਰ ਕਰਕੇ ਗੁਰਦੁਆਰਾ ਸਾਹਿਬ ਦੇ ਸ਼ੁਰੂ ਹੋਣ ਤੋਂ ਆਪਣੇ ਅੰਤਿਮ ਸਾਹਾਂ ਤੱਕ ਸਤਵੰਤ ਪ੍ਰਧਾਨ ਰਹੇ ਜੋ ਕਿ ਖੁਦ ਵਿਚ ਹੀ ਬਹੁਤ ਵੱਡੀ ਉਪਲਬਧੀ ਹੈ। ਇਹ ਸਮਾਂ ਤਕਰੀਬਨ 18 ਸਾਲਾਂ ਦਾ ਸੀ। ਸਤਵੰਤ ਕੋਲ ਕੁਝ ਪੈਟਰੋਲ ਪੰਪ, ਅਪਾਰਟਮੈਂਟ ਬਿਲਡਿੰਗਾਂ ਅਤੇ ਕਾਰ ਗੈਰਾਜ ਸਨ ਜੋ ਕਿ ਜ਼ਿਆਦਾਤਰ ਕਿਰਾਏ ‘ਤੇ ਹੀ ਦਿੱਤੇ ਹੋਏ ਸਨ। ਉਸ ਦਾ ਜ਼ਿਆਦਾ ਸਮਾਂ ਲੋੜਵੰਦਾਂ ਦੀ ਸਹਾਇਤਾ, ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਅਤੇ ਸਕੂਲਾਂ ਵਿਚ ਦਾਖ਼ਲਾ ਦਿਵਾਉਣਾ ਅਤੇ ਕੀਰਤਨੀਆਂ ਨੂੰ ਸ਼ਿਕਾਗੋ ਆਦਿ ਤੋਂ ਲੈ ਕੇ ਅਤੇ ਛੱਡ ਕੇ ਆਉਣਾ ਸੀ। ਉਹ ਲੋੜਵੰਦ ਬੱਚਿਆਂ ਦੀਆਂ ਗਾਰੰਟੀਆਂ ਆਦਿ ਵੀ ਦੇ ਦਿੰਦਾ ਸੀ। ਸਤਵੰਤ ਦੇ ਸਹੁਰੇ ਨੇਪਾਲ ਭਾਰਤ ਦੇ ਬਾਰਡਰ ਉਤੇ ਸਨ। ਇਸ ਕਰਕੇ ਉਹ ਸਾਰੇ ਨੇਪਾਲੀਆਂ ਦੀ ਵੀ ਬਹੁਤ ਅਪਣੱਤ ਕਰਦਾ ਸੀ। ਸਾਰੇ ਨੇਪਾਲੀ ਉਸ ਨੂੰ ਜੀਜਾ ਜੀ ਕਰਕੇ ਬੁਲਾਉਂਦੇ ਸਨ। ਸਤਵੰਤ ਦੇ ਸਹੁਰੇ ਇਕ ਪੂਰੇ ਪਿੰਡ ਦੇ ਮਾਲਕ ਹਨ। ਇਹ ਪਿੰਡ ਸਮੇਰਪੁਰ, ਯੂ.ਪੀ. ਦਾ ਪਿੰਡ ਹੈ ਅਤੇ ਨੇਪਾਲ ਬਾਰਡਰ ਤੇ ਸਥਿਤ ਹੈ। ਅਕਸਰ ਲੋਕ ਉਸ ਤੋਂ ਪੈਸੇ ਉਧਾਰ ਲੈ ਜਾਂਦੇ ਸਨ। 80% ਲੋਕ ਉਸ ਨੂੰ ਪੈਸੇ ਵਾਪਸ ਨਹੀਂ ਮੋੜਦੇ ਸਨ। ਜੇ ਮੈਂ ਸਤਵੰਤ ਨੂੰ ਕਹਿੰਦਾ ਕਿ ਫਲਾਣਾ ਵਿਅਕਤੀ ਤੇਰੇ ਪੈਸੇ ਨਹੀਂ ਮੋੜ ਰਿਹਾ ਤਾਂ ਉਸ ਹੱਸ ਕੇ ਕਹਿ ਦਿੰਦਾ ਕਿ ਪੈਸੇ ਮੋੜੇ ਚਾਹੇ ਨਾ, ਪਰ ਟੈਲੀਫੋਨ ਤਾਂ ਚੁੱਕ ਲਵੇ। ਉਸ ਦੀ ਸਖ਼ਸ਼ੀਅਤ ਵਿਚ ਬਹੁਤ ਦੰਮ ਸੀ। ਹੁਣ ਤਾਂ ਕਈ ਸਾਲਾਂ ਤੋਂ ਆਰਥਿਕ ਹਾਲਤ ਚੰਗੀ ਹੋ ਗਈ ਸੀ ਪਰ ਜਦੋਂ ਆਰਥਿਕ ਹਾਲਤ ਚੰਗੀ ਨਹੀਂ ਸੀ ਤਾਂ ਵੀ ਉਹ ਕਦੇ ਛੋਟੀ ਗੱਲ ਨਹੀਂ ਕਰਦਾ ਸੀ। ਉਹ ਕਦੇ ਕਿਸੇ ਬੰਦੇ ਤੋਂ ਨਹੀਂ ਝਿੱਜਕਦਾ ਸੀ। ਵੱਡੇ ਤੋਂ ਵੱਡੇ ਬੰਦੇ ਨਾਲ ਬੜੇ ਸਾਹਸ ਨਾਲ ਗੱਲ ਕਰਦਾ ਸੀ।

**ਘਟਨਾ ਦੀ ਕਹਾਣੀ:** ਐਤਵਾਰ ਦਾ ਉਹ ਦਿਨ ਜੋ ਦੁਖਦਾਇਕ ਵੀ ਸੀ ਅਤੇ ਸਤਵੰਤ ਦੇ ਇਮਤਿਹਾਨ ਦੀਆਂ ਘੜੀਆਂ ਵਾਲਾ ਸੀ। ਮਾਈਕਲ ਪੇਜ ਨਾਂ ਦਾ ਵਿਅਕਤੀ ਗੁਰਦੁਆਰਾ ਸਾਹਿਬ ਦੇ ਗੁਆਂਢ ਵਿਚ ਹੀ ਇਕ ਅਪਾਰਟਮੈਂਟ ਵਿਚ ਕਿਰਾਏ ’ਤੇ ਰਹਿੰਦਾ ਸੀ। ਉਹ ਇਕ ਸਾਬਕਾ ਫੌਜੀ ਸੀ, ਜਿਸ ਨੂੰ ਦਿਮਾਗੀ ਬਿਮਾਰੀ ਦੇ ਚਲਦਿਆਂ ਫੌਜ ਤੋਂ ਹਟਾ ਦਿੱਤਾ ਗਿਆ ਸੀ। ਬਾਅਦ ਵਿਚ ਪਤਾ ਲੱਗਾ ਕਿ ਉਸ ਦਾ ਆਪਣੀ ਗਰਲਫਰੈਂਡ ਜੋ ਕਿ ਉਸ ਦੇ ਨਾਲ ਹੀ ਰਹਿੰਦੀ ਸੀ, ਨਾਲ ਕਿਸੇ ਕਾਰਨ ਝਗੜਾ ਹੋ ਗਿਆ। ਝਗੜੇ ਵਿਚ ਦੋਹੇਂ ਜਣੇ ਉੱਚੀ-ਉੱਚੀ ਬੋਲਣ ਲੱਗੇ। ਨਾਲ ਦੇ ਅਪਾਰਟਮੈਂਟ ਵਿਚ ਇਕ ਪੁਲਿਸ ਅਫ਼ਸਰ ਰਹਿੰਦਾ ਸੀ ਜੋ ਬਾਹਰ ਆਇਆ ਤੇ ਉਸ ਨੇ ਮਾਈਕਲ ਪੇਜ ਤੇ ਮੂੰਹ ਤੇ ਥੱਪੜ ਮਾਰਿਆ। ਜਿਸ ਨਾਲ ਮਾਈਕਲ ਪੇਜ ਨੂੰ ਬਹੁਤ ਗੁੱਸਾ ਆਇਆ। ਹੋਰ ਤਾਂ ਉਸ ਨੂੰ ਕੁਝ ਨਾ ਸੁਝਿਆ ਉਸ ਦੇ ਕੋਲ 18 ਗੋਲੀਆਂ ਦੇ ਮੈਗਜ਼ੀਨ ਵਾਲਾ ਪਿਸਤੌਲ ਸੀ। ਪਿਸਤੌਲ ਲੈ ਕੇ ਉਹ ਗੁਰਦੁਆਰੇ ਵੱਲ ਤੁਰ ਪਿਆ। (ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

2. ਸ੍ਰੀ ਅਕਾਲ ਤਖਤ ਸਾਹਿਬ ਦੇ ਮੀਤ ਜਥੇਦਾਰ ਮੋਹਨ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਕਰਤਾਰ ਸਿੰਘ ਜੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰਤਾਪ ਸਿੰਘ ਜੀ ਵੀ ਸ਼ਾਮਲ ਹੋਏ।
3. ਰਿਆਸਤ ਪਟਿਆਲਾ ਵਲੋਂ ਸ੍ਰ. ਆਤਮਾ ਸਿੰਘ ਜੀ ਅਤੇ 7 ਨਾਮਜ਼ਦ ਮੈਂਬਰ।
4. ਇਸ ਦੇ ਨਾਲ ਹੀ ਵੱਖ-ਵੱਖ ਜਥਿਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਖਾਲਸਾ ਕਾਲਜ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਖਾਲਸਾ ਬਰਾਦਰੀ ਅੰਮ੍ਰਿਤਸਰ, ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ, ਖ਼ਾਲਸਾ ਯੂਥ ਲੀਗ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ ਦੇ ਨੁਮਾਇੰਦੇ ਸ਼ਾਮਲ ਸਨ।
5. ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ।
6. ਰਹੁ-ਰੀਤੀ ਕਮੇਟੀ ਦੇ ਮੈਂਬਰ।
7 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ।
8. ਅਕਾਲੀ ਜਥੇ।
9. ਸਿੰਘ ਸਭਾਵਾਂ ਅਤੇ
10. ਅਖ਼ਬਾਰਾਂ ਦੇ ਨੁਮਾਇੰਦੇ।
11. ਨਾਮਜ਼ਦ ਮੈਂਬਰ।

(ੳ) ਮੈਂਬਰ ਕਮੇਟੀ ਗੁਰਦੁਆਰਾ ਕਮੇਟੀ

ਜ਼ਿਲ੍ਹਾ ਹਿਸਾਰ :
1. ਸ੍ਰ. ਮੇਹਰ ਸਿੰਘ ਜੀ,
2. ਸ੍ਰ. ਕਿਸ਼ਨ ਸਿੰਘ ਜੀ

ਜ਼ਿਲ੍ਹਾ ਅੰਬਾਲਾ
3. ਸ੍ਰ. ਬਚਨ ਸਿੰਘ ਜੀ,
4. ਸ੍ਰ. ਅਜੀਤ ਸਿੰਘ ਜੀ


ਜ਼ਿਲ੍ਹਾ ਕਾਂਗੜਾ
5. ਸ੍ਰ. ਵਲੀ ਸਿੰਘ ਜੀ
6. ਸ੍ਰ. ਠੌਹਲਾ ਸਿੰਘ ਜੀ
7. ਸ੍ਰ. ਦਲੀਪ ਸਿੰਘ ਜੀ
8. ਸ੍ਰ. ਬਤਨ ਸਿੰਘ ਜੀ
9. ਸ੍ਰ. ਮਾਲਾ ਸਿੰਘ ਜੀ

ਜ਼ਿਲ੍ਹਾ ਜਲੰਧਰ
10. ਸ੍ਰ. ਭੋਲਾ ਸਿੰਘ ਜੀ
11. ਸ੍ਰ. ਨਰਿੰਦਰ ਸਿੰਘ ਜੀ
12. ਸ੍ਰ. ਲਾਭ ਸਿੰਘ ਜੀ
13. ਸ੍ਰ. ਥੰਮਣ ਸਿੰਘ ਜੀ
14. ਸ੍ਰ. ਰਛਪਾਲ ਸਿੰਘ ਜੀ
15. ਸ੍ਰ. ਬਖਸ਼ੀਸ਼ ਸਿੰਘ ਜੀ
16. ਸ੍ਰ. ਬਲਵੰਤ ਸਿੰਘ ਜੀ

ਜ਼ਿਲ੍ਹਾ ਲੁਧਿਆਣਾ
17. ਸ੍ਰ. ਰਾਮ ਸਿੰਘ ਜੀ
18. ਸ੍ਰ. ਹਰਦਿਤ ਸਿੰਘ ਜੀ
19. ਸ੍ਰ. ਸੁੰਦਰ ਸਿੰਘ ਜੀ
20. ਸ੍ਰ. ਲਾਲ ਸਿੰਘ
21. ਸ੍ਰ. ਗੁਰਨਾਮ ਸਿੰਘ ਜੀ
22. ਸ੍ਰ. ਅਲਬੇਲ ਸਿੰਘ ਜੀ
23. ਸ੍ਰ. ਮੰਗਲ ਸਿੰਘ ਜੀ
24. ਸ੍ਰ. ਸੁਖਦੇਵ ਸਿੰਘ ਜੀ

ਜ਼ਿਲ੍ਹਾ ਫਿਰੋਜ਼ਪੁਰ
25. ਸ੍ਰ. ਨਰਿੰਜਨ ਸਿੰਘ ਜੀ
26. ਗਿ. ਸ਼ੇਰ ਸਿੰਘ ਜੀ
27. ਸ੍ਰ. ਦੇਵ ਸਿੰਘ ਜੀ
28. ਸ੍ਰ. ਟਹਿਲ ਸਿੰਘ ਜੀ
29. ਸ੍ਰ. ਗੰਗਾ ਸਿੰਘ ਜੀ
30. ਸ੍ਰ. ਈਸ਼ਰ ਸਿੰਘ ਜੀ
31. ਸ੍ਰ. ਕੁੰਢਾ ਸਿੰਘ ਜੀ
32. ਸ੍ਰ. ਦਬਾਰਾ ਸਿੰਘ ਜੀ
33. ਸ੍ਰ. ਈਸ਼ਰ ਸਿੰਘ ਜੀ

ਜ਼ਿਲ੍ਹਾ ਲਾਹੌਰ
34. ਸ੍ਰ. ਹਰਨਾਮ ਸਿੰਘ ਜੀ




35. ਸ੍ਰ. ਆਸਾ ਸਿੰਘ ਜੀ
36. ਸ੍ਰ. ਵਰਿਆਮ ਸਿੰਘ ਜੀ
37. ਸ੍ਰ. ਜਗਤ ਸਿੰਘ ਜੀ
38. ਸ੍ਰ. ਤੇਜਾ ਸਿੰਘ ਜੀ
39. ਸ੍ਰ. ਲਛਮਣ ਸਿੰਘ ਜੀ
40. ਸ੍ਰ. ਚੰਨਣ ਸਿੰਘ ਜੀ

ਜ਼ਿਲ੍ਹਾ ਅੰਮ੍ਰਿਤਸਰ
41. ਸ੍ਰ. ਮੱਘਰ ਸਿੰਘ ਜੀ
42. ਸ੍ਰ. ਰੂੜ ਸਿੰਘ ਜੀ
43. ਸ੍ਰ. ਜਗਤ ਸਿੰਘ ਜੀ
44. ਸ੍ਰ. ਸੁਰਮੁਖ ਸਿੰਘ ਜੀ
45. ਸ੍ਰ. ਸੁੰਦਰ ਸਿੰਘ ਜੀ
46. ਸ੍ਰ. ਗੁਰਬਖਸ਼ ਸਿੰਘ ਜੀ
47. ਸ੍ਰ. ਕਰਤਾਰ ਸਿੰਘ ਜੀ
48. ਭਾਈ ਮੋਹਨ ਸਿੰਘ ਜੀ
49. ਸ੍ਰ. ਜਸਵੰਤ ਸਿੰਘ ਜੀ ਝਬਾਲ
50. ਸ੍ਰ. ਪ੍ਰਤਾਪ ਸਿੰਘ ਜੀ

ਜ਼ਿਲ੍ਹਾ ਗੁਰਦਾਸਪੁਰ
51. ਸ੍ਰ. ਭਾਗ ਸਿੰਘ ਜੀ ਵਕੀਲ
52. ਸ੍ਰ. ਸ਼ਿਵ ਸਿੰਘ ਜੀ
53. ਸ੍ਰ. ਗੁਰਦਿੱਤ ਸਿੰਘ ਜੀ
54. ਸ੍ਰ. ਤੇਜਾ ਸਿੰਘ ਜੀ ਅੱਕਰਪੁਰੀ
55. ਸ੍ਰ. ਮੇਹਰ ਸਿੰਘ ਜੀ

ਜ਼ਿਲ੍ਹਾ ਸਿਆਲਕੋਟ
56. ਸ੍ਰ. ਸੁੰਦਰ ਸਿੰਘ ਜੀ ਰਸਾਲਦਾਰ
57. ਸ੍ਰ. ਬਲਵੰਤ ਸਿੰਘ ਜੀ
58. ਸ੍ਰ. ਗੁਰਬਖਸ਼ ਸਿੰਘ ਜੀ
59. ਸ੍ਰ. ਗੁਰਚਰਨ ਸਿੰਘ ਜੀ ਵਕੀਲ

ਜ਼ਿਲ੍ਹਾ ਗੁਜਰਾਂਵਾਲਾ
6. ਸ੍ਰ. ਅਵਤਾਰ ਸਿੰਘ ਜੀ ਬੈਰਿਸਟਰ
61. ਸ੍ਰ. ਤਾਰਾ ਸਿੰਘ ਜੀ

ਜ਼ਿਲ੍ਹਾ ਸ਼ੇਖੂਪੁਰਾ
62. ਭਾਈ ਕਰਤਾਰ ਸਿੰਘ ਜੀ ਝੱਬਰ
63. ਸ੍ਰ. ਰਾਮ ਸਿੰਘ ਜੀ
64. ਸ੍ਰ. ਗਹਿਣਾ ਸਿੰਘ ਜੀ

ਜ਼ਿਲ੍ਹਾ ਗੁਜਰਾਤ
65. ਸ੍ਰ. ਜਗਤ ਸਿੰਘ ਜੀ ਵਾਸੂ

ਜ਼ਿਲ੍ਹਾ ਸ਼ਾਹਪੁਰ
66 ਸ੍ਰ. ਲਾਭ ਸਿੰਘ ਜੀ
67. ਸ੍ਰ. ਬਲਬੀਰ ਸਿੰਘ ਜੀ ਵਕੀਲ

ਜ਼ਿਲ੍ਹਾ ਰਾਵਲਪਿੰਡੀ
68. ਸ੍ਰ. ਬਲਵੰਤ ਸਿੰਘ ਜੀ
69. ਸ੍ਰ. ਗੁਪਾਲ ਸਿੰਘ ਜੀ

(ਚਲਦਾ)

**ਪਰਖ ਦੀ ਘੜੀ**

# ਅਕਾਲੀ ਦਲ ਲਈ ਸੌਖਾ ਨਹੀਂ ਹੋਵੇਗਾ ਸ਼੍ਰੋਮਣੀ ਕਮੇਟੀ ਚੋਣਾਂ ਦਾ ਰਾਹ

## *ਵੱਡੀ ਗਿਣਤੀ ਆਗੂਆਂ ਵੱਲੋਂ ਪਾਰਟੀ ਛੱਡਣ ਕਰਕੇ ਸਿਆਸੀ ਸਮੀਕਰਨ ਬਦਲੇ; ਐਤਕੀਂ ਮੁਕਾਬਲਾ ਬਹੁ-ਕੋਣਾ ਹੋਣ ਦੇ ਆਸਾਰ*

ਅੰਮ੍ਰਿਤਸਰ : ਆਪਣੀ ਹੋਂਦ ਬਰਕਰਾਰ ਰੱਖਣ ਲਈ ਜੱਦੋ-ਜਹਿਦ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਵਾਸਤੇ ਆਗਾਮੀ ਆ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਇਕ ਵੱਡੀ ਚੁਣੌਤੀ ਸਾਬਤ ਹੋ ਸਕਦੀਆਂ ਹਨ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐੱਸਐੱਸ ਸਾਰੋਂ ਨੇ ਬੀਤੇ ਦਿਨ ਹੀ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਅਮਲ ਸ਼ੁਰੂ ਕਰਵਾਉਣ ਲਈ ਆਖਿਆ ਹੈ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਇਸ ਸਬੰਧ ਵਿੱਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਵਧੀਕ ਸਕੱਤਰ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਹੋਰਨਾਂ ਨੂੰ ਪੱਤਰ ਭੇਜ ਕੇ ਨਿਰਦੇਸ਼ ਦਿੱਤੇ ਹਨ ਕਿ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਾਉਣ ਵਾਸਤੇ ਵੋਟਰ ਸੂਚੀਆਂ ਬਣਾਉਣ ਦੀ ਪ੍ਰਕਿਰਿਆ ਆਰੰਭੀ ਜਾਵੇ। ਭਾਵੇਂ ਅਜਿਹੀ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਵਿੱਚ ਸਮਾਂ ਲੱਗੇਗਾ, ਪਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਧਿਰਾਂ ਵੀ ਹੁਣ ਛੇਤੀ ਹੀ ਸਰਗਰਮੀਆਂ ਵਧਾ ਦੇਣਗੀਆਂ। ਇਹ ਚੋਣਾਂ ਸ਼ ?ਰੋਮਣੀ ਅਕਾਲੀ ਦਲ ਵਾਸਤੇ ਵੀ ਇੱਕ ਵੱਡੀ ਚੁਣੌਤੀ ਬਣ ਕੇ ਉਭਰ ਸਕਦੀਆਂ ਹਨ। ਦੋ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਾਰ ਪ੍ਰਾਪਤ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਆਪਣੀ ਹੋਂਦ ਨੂੰ ਬਚਾਉਣ ਲਈ ਯਤਨਸ਼ੀਲ ਹੈ। ਪਾਰਟੀ ਦੇ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਪਾਰਟੀ ਲੀਡਰਸ਼ਿਪ ਵਿੱਚ ਬਦਲਾਅ ਦੀ ਮੰਗ ਕਰਦਿਆਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਉਨ੍ਹਾਂ ਦਾ ਪੁੱਤਰ ਅਮਰਪਾਲ ਸਿੰਘ ਬੋਨੀ ਅਜਨਾਲਾ ਤੇ ਹੋਰ ਕਈ ਆਗੂ ਪਾਰਟੀ ਛੱਡ ਕੇ ਜਾ ਚੁੱਕੇ ਹਨ। ਪਾਰਟੀ ਦੀ ਸੀਨੀਅਰ ਆਗੂ, ਸਾਬਕਾ ਮੰਤਰੀ ਤੇ ਕਈ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਰਹਿ ਚੁੱਕੀ ਬੀਬੀ ਜਗੀਰ ਕੌਰ ਵੀ ਪਾਰਟੀ ਤੋਂ ਵੱਖ ਹੋ ਗਈ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਮੰਤਰੀ ਮਰਹੂਮ ਸੇਵਾ ਸਿੰਘ ਸੇਖਵਾਂ 'ਆਪ' ਵਿੱਚ ਚਲੇ ਗਏ ਸਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੂਨੀ ਪੱਧਰ 'ਤੇ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਸ਼੍ਰੋਮਣੀ ਕਮੇਟੀ ਦੀਆਂ 2011 ਦੀਆਂ ਚੋਣਾਂ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਸੰਤ ਸਮਾਜ ਦੀ ਮਦਦ ਨਾਲ ਕੁਲ 170 'ਚੋਂ 157 ਸੀਟਾਂ 'ਤੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਸੀ। ਇਸ ਤੋਂ ਪਹਿਲਾਂ ਹੋਈਆਂ ਚੋਣਾਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਝੰਡੀ ਸੀ। ਪਿਛਲੀ ਵਾਰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2016 ਵਿੱਚ ਹੋਣੀਆਂ ਸਨ, ਉਸ ਵੇਲੇ ਸਹਿਜਧਾਰੀ ਸਿੱਖ ਜਥੇਬੰਦੀ ਵੱਲੋਂ ਪਹਿਲਾਂ 2011 ਵਿੱਚ ਹੋਈਆਂ ਚੋਣਾਂ ਨੂੰ ਸਰਵਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸਰਵ ਉੱਚ ਅਦਾਲਤ ਨੇ 2011 ਵਿੱਚ ਚੁਣੇ ਗਏ ਨਵੇਂ ਸਦਨ ਨੂੰ ਬਹਾਲ ਰੱਖਣ ਦੇ ਆਦੇਸ਼ ਕੀਤੇ ਸਨ।

ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਿੱਚ ਇਸ ਵੇਲੇ ਕੁੱਲ 191 ਮੈਂਬਰ ਹਨ, ਜਿਨ੍ਹਾਂ 'ਚੋਂ 170 ਚੁਣ ਕੇ ਆਉਂਦੇ ਹਨ ਤੇ 15 ਨਾਮਜ਼ਦ ਕੀਤੇ ਜਾਂਦੇ ਹਨ। ਪੰਜ ਤਖ਼ਤਾਂ ਦੇ ਜਥੇਦਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਸਦਨ ਦੇ ਮੈਂਬਰ ਹਨ। ਹਾਲ ਹੀ ਵਿੱਚ ਸਰਵ ਉੱਚ ਅਦਾਲਤ ਵੱਲੋਂ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਦਿੱਤੇ ਜਾਣ ਮਗਰੋਂ ਹੁਣ ਕੁਲ ਗਿਣਤੀ ਵਿੱਚ ਹਰਿਆਣਾ ਦੇ ਮੈਂਬਰਾਂ ਦੀ ਗਿਣਤੀ ਸ਼ਾਮਲ ਨਹੀਂ ਹੋਵੇਗੀ। ਇਸ ਲਿਹਾਜ਼ ਨਾਲ ਐਤਕੀਂ ?ਮੁਕਾਬਲਾ ਬਹੁ-ਕੋਣਾ ਹੋਣ ਦੇ ਆਸਾਰ ਹਨ ਤੇ ਵੇਖਣਾ ਇਹ ਹੋਵੇਗਾ ਕਿ ਮੌਜੂਦਾ ਸਥਿਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਜਿੱਤ ਦੀ ਪਿਰਤ ਨੂੰ ਕਾਇਮ ਰੱਖ ਪਾਉਂਦਾ ਹੈ ਜਾਂ ਨਹੀਂ।

### ਪਹਿਲਾਂ ਵੀ ਅਜਿਹੀ ਸਥਿਤੀ ਨਾਲ ਨਜਿੱਠ ਚੁੱਕਿਆ ਹੈ ਅਕਾਲੀ ਦਲ: ਚੀਮਾ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਆ ਰਹੀਆਂ ਚੋਣਾਂ ਜਥੇਬੰਦੀ ਵਾਸਤੇ ਕੋਈ ਨਵੀਂ ਚੁਣੌਤੀ ਨਹੀਂ ਹਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵੀ ਕਈ ਵਾਰ ਅਜਿਹੀ ਸਥਿਤੀ ਨੂੰ ਨਜਿੱਠ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਹਰ ਵਾਰ ਹੁਕਮਰਾਨ ਸਰਕਾਰ ਵੱਲੋਂ ਇਨ੍ਹਾਂ ਚੋਣਾਂ ਵਿੱਚ ਆਪਣਾ ਦਬਦਬਾ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਹਮਾਇਤੀ ਚੋਣਾਂ ਲੜਨ ਲਈ ਮੈਦਾਨ ਵਿੱਚ ਆਉਂਦੇ ਹਨ, ਪਰ ਸੰਗਤ ਨੇ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਫਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਆਪਣੀ ਗੱਲ ਸੰਗਤ ਸਾਹਮਣੇ ਰੱਖੇਗਾ।

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"


## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# Gurdwara Sahib Stockton

1930 South Sikh Temple St, Stockton, CA 95206 (A Historical Land Mark of CA)


# 18, ਜੂਨ ਘੱਲੂਘਾਰਾ ਦਿਵਸ





ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ



ਸ਼ਹੀਦ ਭਾਈ ਜਨਰਲ ਸੁਬੇਗ ਸਿੰਘ



ਸ਼ਹੀਦ ਭਾਈ ਅਮਰੀਕ ਸਿੰਘ

ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

## ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ



ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

| | |
|---|---|
| ਅਰੰਭ ਸ਼੍ਰੀ ਅਖੰਡਪਾਠ ਸਾਹਿਬ | : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ |
| ਭੋਗ ਸ਼੍ਰੀ ਅਖੰਡਪਾਠ ਸਾਹਿਬ | : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ |

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786,

Pad Advertisement

# ਬੱਚਿਆਂ ਦੇ ਅੰਤਰਰਾਸ਼ਟਰੀ ਹਾਕੀ Cal Cup International Hockey Tournament ਵਿਚ Tracy kids' Hockey Club ਟਰੇਸੀ ਨੇ ਜਿੱਤਿਆ ਦੂਸਰਾ ਸਥਾਨ





















ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਦਮਦਮੀ ਟਕਸਾਲ ਕੈਲੀਫੋਰਨੀਆ ਵਿਖੇ ਅਮਰੀਕਾ 'ਚ ਬਣੀ ਅੰਤਰਰਾਸ਼ਟਰੀ ਗਰਾਉਂਡ ਜਿਥੇ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ, ਸਾਡੇ ਲੋਕ ਅਖ਼ਬਾਰ ਵਲੋਂ ਲਈ ਗਈ ਫਾਇਲ ਫੋਟੋ



Tracy kids' Hockey Club ਦੇ ਕੋਚ ਸ੍ਰ. ਮਨਜੀਤ ਸਿੰਘ ਬਾਜਵਾ



Tracy kids' Hockey Club ਦੇ ਕੋਚ ਅਮਨ ਸੈਣੀ

ਲਾਸ ਏਂਜਲਸ/ਕੈਲੀਫੋਰਨੀਆ : ਮੋਰ ਪਾਰਕ ਲਾਸ ਏਂਜਲਸ ਵਿਖੇ Cal Cup International Hockey Tournament ਵਿੱਚ ਅੰਤਰਰਾਸ਼ਟਰੀ ਮੁਕਬਾਲੇ ਹੋਏ ਜਿਸ ਵਿੱਚ ਬਰਾਈਡ ਕਲੱਬ ਟੈਕਸਾਸ ਨੇ ਪਹਿਲਾ ਇਨਾਮ ਜਿਤਿਆ ਅਤੇ ਦੂਜੇ ਥਾਂ ਉਪਰ ਕੈਲੀਫੋਰਨੀਆ ਦੇ ਬੱਚਿਆਂ ਦੀ ਟੀਮ Tracy kids' Hockey Club ਨੇ ਹਾਸਲ ਕੀਤਾ। ਇਥੇ ਇਹ ਜ਼ਿਕਰਯੋਗ ਹੈ ਕਿ ਬੱਚਿਆ ਨੂੰ ਟਰੇਨਿੰਗ ਦੇਣ ਵਿੱਚ ਮਾਣਯੋਗ ਕੋਚ ਸ੍ਰ. ਮਨਜੀਤ ਸਿੰਘ ਬਾਜਵਾ ਅਤੇ ਕੋਚ ਸ੍ਰ. ਅਮਨ ਸੈਣੀ ਦਾ ਅਹਿਮ ਰੋਲ ਹੈ ਜੋ ਕਿ ਬੱਚਿਆਂ ਨੂੰ ਦਿਨ ਰਾਤ ਮਿਹਨਤ ਕਰਵਾਕੇ ਆਪਣੀ ਗੌਰਵਮਈ ਖੇਡ ਨਾਲ ਜੋੜਦੇ ਹਨ। ਇਸ ਖੇਡੇ ਗਏ ਅੰਤਰਾਸ਼ਟਰੀ ਟੂਰਨਾਮੈਂਟ 'ਚ ਪਹਿਲੀ ਵਾਰ ਬੱਚਿਆਂ ਨੇ ਭਾਗ ਲਿਆ ਅਤੇ ਪਹਿਲੀ ਵਾਰ ਹੀ ਦੂਜਾ ਸਥਾਨ ਪ੍ਰਾਪਤ ਕੀਤਾ ਇਸ ਵਾਰੇ ਸਾਡੇ ਲੋਕ ਅਖਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ 'ਚ ਪਿਛਲੇ 40 ਸਾਲ ਤੋਂ ਹਾਕੀ ਨੂੰ ਜਿਉਂਦਾ ਰੱਖਣ ਵਾਲੇ ਅੰਤਰਰਾਸ਼ਟਰੀ ਖਿਡਾਰੀ ਸ. ਚਰਨਜੀਤ ਸਿੰਘ ਗੋਗਾ ਨੇ ਕਿਹਾ ਕੀ ਸਾਡਾ ਮੇਨ ਮਕਸਦ ਬੱਚਿਆਂ ਨੂੰ ਖੇਡਾਂ ਨਾਲ ਜੋੜਕੇ ਪੰਜਾਬੀ ਸਭਿਆਚਾਰ ਅਤੇ ਸਿੱਖੀ ਦਾ ਨਾਮ ਰੌਸ਼ਨ ਕਰਨਾ ਹੈ। ਹਾਕੀ ਸਾਡੇ ਪੰਜਾਬ ਦੀ ਧਰਤੀ ਦੀ ਜਿੰਦਜਾਨ ਹੈ ਅਸੀਂ ਦੁਨੀਆ ਦੇ ਕਿਸੇ ਹਿੱਸੇ 'ਚ ਵੀ ਖੇਡੀਏ ਪਰ ਉਸ ਨਾਲ ਸਾਡੇ ਪੰਜਾਬ ਦਾ ਨਾਮ ਰੌਸ਼ਨ ਹੁੰਦਾ ਹੈ ਜਿਸ ਉਪਰ ਸਾਨੂੰ ਮਾਣ ਹੈ ਉਨ੍ਹਾਂ ਗੁਰੂਘਰ ਟਰੇਸੀ ਦੀ ਪ੍ਰਬੰਧਕ ਕਮੇਟੀ ਬੱਚਿਆਂ ਦੇ ਮਾਪਿਆਂ ਅਤੇ ਕੋਚ ਸਾਹਿਬਾਨ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਸਖਤ ਮਿਹਨਤ ਅਤੇ ਉਦਮ ਨਾਲ ਇਹ ਸਭ ਸੰਭਵ ਹੋ ਸਕਿਆ।

ਸਮੂਹ ਸਪ੍ਰੋਟਸ ਕਲੱਬਾਂ, ਪ੍ਰਬੰਧਕਾਂ ਅਤੇ ਬੱਚਿਆਂ ਦੇ ਮਾਪਿਆਂ ਵਲੋਂ ਪੰਥਕ ਸ਼ਖ਼ਸੀਅਤ ਦਮਦਮੀ ਟਕਸਾਲ ਦੇ ਸੀਨੀਅਰ ਸੇਵਾਦਾਰ ਬਾਬਾ ਧਰਮ ਸਿੰਘ ਜੀ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਿਯੋਗ ਲਈ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

(510) 400-7300
(209) 921-3351

intuit quickbooks. CTEC California Tax Education Council Registered Tax Preparer. AUTHORIZED IRS e-file PROVIDER. COVERED CALIFORNIA Certified Insurance Agent

1780 Whipple Rd. Suite# 110, UnionCity CA - 94587 (510) 601-6200 info@TOTALIRP.com

# ‘ਨਾਰੀ ਸ਼ਕਤੀ’ ਨੇ ਭਾਰਤੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ: ਅਮਿਤ ਸ਼ਾਹ

### ਕੇਂਦਰ ਵੱਲੋਂ ਮਹਿਲਾ ਉਦਮੀਆਂ ਨੂੰ 27 ਕਰੋੜ ਮੁਦਰਾ ਕਰਜ਼ੇ ਦੇਣ ਦਾ ਦਾਅਵਾ



ਨਵੀਂ ਦਿੱਲੀ : ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਉਨ੍ਹਾਂ ਮਹਿਲਾ ਉੱਦਮੀਆਂ ਨੂੰ 27 ਕਰੋੜ ਮੁਦਰਾ ਕਰਜ਼ੇ ਦਿੱਤੇ ਹਨ ਜਿਨ੍ਹਾਂ ਨੇ ਆਪਣੀ ‘ਨਾਰੀ ਸ਼ਕਤੀ’ ਨਾਲ ਭਾਰਤੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ 8 ਅਪਰੈਲ 2015 ਨੂੰ ਪ੍ਰਧਾਨ ਮੰਤਰੀ ਮੁਦਰਾ ਯੋਜਨਾ (ਪੀਐੱਮਐੱਮਵਾਈ) ਦੀ ਸ਼ੁਰੂਆਤ ਕੀਤੀ ਸੀ। ਇਸ ਦਾ ਮਕਸਦ ਗੈਰ-ਕਾਰਪੋਰੇਟ, ਗੈਰ-ਖੇਤੀਬਾੜੀ ਛੋਟੀਆਂ ਅਤੇ ਸੂਖਮ ਸਨਅਤਾਂ ਨੂੰ 10 ਲੱਖ ਰੁਪਏ ਤੱਕ ਦਾ ਕਰਜ਼ਾ ਪ੍ਰਦਾਨ ਕਰਨਾ ਹੈ।

ਇਸ ਬਾਰੇ ਸ਼ਾਹ ਨੇ ਲੜੀਵਾਰ ਟਵੀਟ ’ਚ ਕਿਹਾ ਕਿ ‘ਨਾਰੀ ਸਨਮਾਨ’ ਪ੍ਰਧਾਨ ਮੰਤਰੀ ਮੋਦੀ ਲਈ ਮਹਿਜ਼ ਨਾਅਰਾ ਨਹੀਂ ਹੈ। ਔਰਤਾਂ ਨੇ ਪੁਲਾੜ ਤੋਂ ਲੈ ਕੇ ਸਟਾਰਟ-ਅੱਪ ਅਤੇ ਰੱਖਿਆ ਤੋਂ ਲੈ ਕੇ ਘਰੇਲੂ ਮਾਮਲਿਆਂ ਤੱਕ ਜੀਵਨ ਦੇ ਸਾਰੇ ਖੇਤਰਾਂ ਵਿੱਚ ਯੋਗਦਾਨ ਪਾਇਆ ਹੈ ਤੇ ਦੇਸ਼ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾਇਆ ਹੈ। ਸ਼ਾਹ ਨੇ ਟਵੀਟ ਕੀਤਾ, “ਵਿਕਾਸ ਦੇ ਸਿਧਾਂਤ ਵਿੱਚ ਬਦਲਾਅ ਲਿਆਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਿਲਾਵਾਂ ਦੀ ਅਗਵਾਈ ਵਾਲੇ ਵਿਕਾਸ ਦੇ ਨੌਂ ਸਾਲਾਂ ਦਾ ਇੱਕ ਯੁਗ ਵਿਕਸਿਤ ਕੀਤਾ ਹੈ, ਜਿਸ ਤੋਂ ਦੁਨੀਆ ਹੈਰਾਨ ਹੈ। ਭਾਰਤ ਨੇ ਮਹਿਲਾ ਉੱਦਮੀਆਂ ਨੂੰ 27 ਕਰੋੜ ਮੁਦਰਾ ਕਰਜ਼ੇ ਦੇਣ ਦਾ ਰਿਕਾਰਡ ਕਾਇਮ ਕੀਤਾ ਹੈ, ਜੋ ਅੱਜ ਆਪਣੀ ਨਾਰੀ ਸ਼ਕਤੀ ਨਾਲ ਭਾਰਤੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਰਹੀਆਂ ਹਨ।” ਜ਼ਿਕਰਯੋਗ ਹੈ ਕਿ ਪੀਐੱਮਐੱਮਵਾਈ ਦੇ ਅਧੀਨ ਕਰਜ਼ਿਆਂ ਨੂੰ ਮੁਦਰਾ ਕਰਜ਼ਿਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

# ਪੰਜਾਬ ਰਾਜਪਾਲ ਨੇ ਕੀਤਾ ਗੁਰਦਾਸਪੁਰ ਦੇ ਸਰਹੱਦੀ ਖੇਤਰ ਦਾ ਦੌਰਾ



ਗੁਰਦਾਸਪੁਰ : ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ, ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਾਰਨ ਪੈਦਾ ਹੋ ਰਹੀਆਂ ਲਗਾਤਾਰ ਚੁਣੌਤੀਆਂ ਨਾਲ ਨਜਿੱਠਣ ਦੇ ਸੁਹਿਰਦ ਯਤਨਾਂ ਤਹਿਤ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਨੇੜਲੇ ਸਰਹੱਦੀ ਪਿੰਡ ਧਰਮਕੋਟ ਰੰਧਾਵਾ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਮੌਜੂਦਾ ਸੁਰੱਖਿਆ ਉਪਾਵਾਂ ਦਾ ਮੁਲਾਂਕਣ ਕਰਨਾ ਅਤੇ ਸਰਹੱਦੀ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮਨੋਬਲ ਨੂੰ ਵਧਾਉਣਾ ਸੀ। ਸਰਹੱਦੀ ਇਲਾਕੇ ਦੀ ਇਸ ਫੇਰੀ ਦੌਰਾਨ ਰਾਜਪਾਲ ਬਨਵਾਰੀ ਲਾਲ ਦੇ ਨਾਲ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਵੀ.ਕੇ. ਜੰਜੂਆ, ਡੀ. ਜੀ. ਪੀ. ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਸਰਹੱਦੀ ਪਿੰਡ ਧਰਮਕੋਟ ਰੰਧਾਵਾ ਦੇ ਦੌਰੇ ਦੌਰਾਨ ਰਾਜਪਾਲ ਨੇ ਮੌਜੂਦਾ ਸੁਰੱਖਿਆ ਸਥਿਤੀ ਬਾਰੇ ਜਾਣਕਾਰੀ ਹਾਸਲ ਕਰਨ ਲਈ ਸੁਰੱਖਿਆ ਕਰਮਚਾਰੀਆਂ, ਸਥਾਨਕ ਅਧਿਕਾਰੀਆਂ ਅਤੇ ਸਰਹੱਦੀ ਪਿੰਡਾਂ ਦੇ ਪੰਚਾਂ-ਸਰਪੰਚਾਂ, ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਮੋਹਤਬਰ ਵਿਅਕਤੀਆਂ ਨਾਲ ਵਿਆਪਕ ਚਰਚਾ ਕੀਤੀ।

ਸਰਹੱਦੀ ਪਿੰਡਾਂ ਦੇ ਵਸਨੀਕਾਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਬਹਾਦਰ ਵਸਨੀਕਾਂ ਨੇ ਹਮੇਸ਼ਾਂ ਹੀ ਦੁਸ਼ਮਣ ਦੇਸ਼ ਦੇ ਮਾੜੇ ਮਨਸੂਬਿਆਂ ਨੂੰ ਨਾਕਾਮ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਵਿੱਚ ਯੋਗਦਾਨ ਪਾਉਣਾ ਵੀ ਦੇਸ਼ ਸੇਵਾ ਅਤੇ ਦੇਸ਼ ਭਗਤੀ ਹੈ ਅਤੇ ਸਰਹੱਦੀ ਖੇਤਰ ਦੇ ਵਸਨੀਕ ਇਸ ਸੇਵਾ ਨੂੰ ਬਾਖੂਬੀ ਨਿਭਾ ਰਹੇ ਹਨ। ਉਨ੍ਹਾਂ ਸਰਹੱਦੀ ਵਸਨੀਕਾਂ ਨੂੰ ਚੌਕਸ ਰਹਿਣ, ਸੁਰੱਖਿਆ ਬਲਾਂ ਦੀਆਂ ਅੱਖਾਂ ਅਤੇ ਕੰਨਾਂ ਵਜੋਂ ਕੰਮ ਕਰਨ ਅਤੇ ਆਪਣੇ ਆਸ-ਪਾਸ ਕਿਸੇ ਵੀ ਸ਼ੱਕੀ ਗਤੀਵਿਧੀਆਂ ਦੀ ਤੁਰੰਤ ਸੂਚਨਾ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਵੱਲੋਂ ਲਗਾਤਾਰ ਆਪਸ ਵਿੱਚ ਮੀਟਿੰਗਾਂ ਕਰਕੇ ਸੂਚਨਾ ਸਾਂਝੀ ਕੀਤੀ ਜਾਵੇ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਰਾਜਪਾਲ ਪੁਰੋਹਿਤ ਅਤੇ ਉੱਚ ਅਧਿਕਾਰੀਆਂ ਦਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਆਉਣ ’ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਹੁੰਦੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਅਤੇ ਡਰੋਨ ਗਤੀਵਿਧੀਆਂ ਨੂੰ ਰੋਕਣ ਲਈ ਸਰਹੱਦ ਦੇ ਨਾਲ ਲੱਗਦੀ 15 ਕਿਲੋਮੀਟਰ ਦੀ ਪੱਟੀ ਦੇ ਸਾਰੇ ਪਿੰਡਾਂ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਗਠਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿਥੇ ਕੋਈ ਵੀ ਨਾਗਰਿਕ ਨਸ਼ਾ ਤਸਕਰਾਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਬਾਰੇ ਜਾਣਕਾਰੀ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਹਰ ਤਰਾਂ ਦੀ ਚੌਕਸੀ ਵਰਤੀ ਜਾ ਰਹੀ ਹੈ।

ਸਰਹੱਦੀ ਖੇਤਰ ਦੇ ਮੋਹਤਬਰਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਰਾਜਪਾਲ ਪੰਜਾਬ ਨੂੰ ਭਰੋਸਾ ਦਿਵਾਇਆ ਕਿ ਉਹ ਦੇਸ਼ ਦੀ ਸੁਰੱਖਿਆ ਲਈ ਆਪਣੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਸੁਰੱਖਿਆ ਏਜੰਸੀਆਂ ਨੂੰ ਦੇਣਗੇ। ਇਸ ਦੌਰਾਨ ਉਨ੍ਹਾਂ ਨੇ ਡੇਰਾ ਬਾਬਾ ਨਾਨਕ ਸਰਹੱਦ ਉੱਪਰ ਰੀ-ਟਰੀਟ ਸੈਰੇਮਨੀ ਸ਼ੁਰੂ ਕਰਨ ਦੀ ਮੰਗ ਵੀ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਧਰਮਕੋਟ ਰੰਧਾਵਾ ਵਿਖੇ ਮਿਸ਼ਨ ਅਬਾਦ ਤਹਿਤ ਵਿਸ਼ੇਸ਼ ਕੈਂਪ ਵੀ ਲਗਾਇਆ ਗਿਆ, ਜਿਸ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਗਿਆ। ਮਾਣਯੋਗ ਰਾਜਪਾਲ ਪੁਰੋਹਿਤ ਵੱਲੋਂ ਅਬਾਦ ਕੈਂਪ ਦੌਰਾਨ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਦਾ ਜਾਇਜ਼ਾ ਵੀ ਲਿਆ ਗਿਆ।

# ਅਮਰਨਾਥ ਯਾਤਰੀ ਨਿਵਾਸ ਦਾ ਨੀਂਹ ਪੱਥਰ ਰੱਖਿਆ

### ਆਫ਼ਤ ਪ੍ਰਬੰਧਨ ਕੇਂਦਰ ਦੀ ਵੀ ਨੀਂਹ ਰੱਖੀ



ਜੰਮੂ : ਕੇਂਦਰੀ ਪੈਟਰੋਲੀਅਮ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਪੁਰੀ ਨੇ ਪਵਿੱਤਰ ਅਮਰਨਾਥ ਯਾਤਰਾ ਲਈ ਰੈਸਟ ਹਾਊਸ ਅਤੇ ਆਫ਼ਤ ਪ੍ਰਬੰਧਨ ਕੇਂਦਰ ਦੇ ਨੀਂਹ ਪੱਥਰ ਸਮਾਗਮ ਵਿਚ ਸ਼ਿਰਕਤ ਕੀਤੀ। ਸਮਾਗਮ ਵਿਚ ਜੰਮੂ-ਕਸ਼ਮੀਰ ਦੇ ਰਾਜਪਾਲ ਮਨੋਜ ਸਿਨਹਾ ਅਤੇ ਹੋਰ ਅਧਿਕਾਰੀ ਮੌਜੂਦ ਸਨ। ਨੀਂਹ ਪੱਥਰ ਰੱਖਣ ਉਪਰੰਤ ਹਰਦੀਪ ਪੁਰੀ ਨੇ ਕਿਹਾ ਕਿ ਸ਼੍ਰੀ ਅਮਰਨਾਥ ਯਾਤਰਾ ਆਸਥਾ ਅਤੇ ਸ਼ਰਧਾ ਦਾ ਪ੍ਰਤੀਕ ਹੈ। ਹਰ ਸਾਲ 4 ਤੋਂ 6 ਲੱਖ ਸ਼ਰਧਾਲੂ ਪਵਿੱਤਰ ਸ਼੍ਰੀ ਅਮਰਨਾਥ ਯਾਤਰਾ ਲਈ ਆਉਂਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸ਼ਰਧਾਲੂ ਗਰੀਬ ਪਰਿਵਾਰਾਂ ਨਾਲ ਸਬੰਧਤ ਹਨ, ਜੋ ਹੋਟਲ ਅਤੇ ਹੋਰ ਖਰਚੇ ਚੁੱਕਣ ਤੋਂ ਅਸਮਰੱਥ ਹਨ। ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਰਸਤਾ ਬਹੁਤ ਔਖਾ ਹੈ। ਕਈ ਵਾਰ ਮੌਸਮ ਖ਼ਰਾਬ ਹੋ ਜਾਂਦਾ ਹੈ ਅਤੇ ਕਈ ਵਾਰ ਅੱਤਵਾਦੀ ਹਮਲੇ ਵੀ ਹੋ ਜਾਂਦੇ ਹਨ ਪਰ ਇਸ ਦੇ ਬਾਵਜੂਦ ਯਾਤਰੀਆਂ ਦੀ ਸ਼ਰਧਾ ਨਹੀਂ ਘਟਦੀ।

ਉਨ੍ਹਾਂ ਕਿਹਾ ਕਿ ਸ਼੍ਰਾਈਨ ਬੋਰਡ ਓ.ਐੱਨ.ਜੀ.ਸੀ. ਦੀ ਮਦਦ ਨਾਲ ਇਹ ਸਹੂਲਤ ਬਣਾਈ ਗਈ ਹੈ। ਇੱਥੇ ਰਹਿਣ ਅਤੇ ਖਾਣ-ਪੀਣ ਦੇ ਪ੍ਰਬੰਧਾਂ ਦੇ ਨਾਲ-ਨਾਲ ਯਾਤਰੀਆਂ ਨੂੰ ਮੈਡੀਕਲ ਸਹੂਲਤ ਵੀ ਮਿਲੇਗੀ। ਇਕ ਆਫ਼ਤ ਪ੍ਰਬੰਧਨ ਕੇਂਦਰ ਦੇ ਨਾਲ, ਇਸ ਸਹੂਲਤ ਵਿਚ 54 ਕਮਰੇ, 18 ਧਾਰਮਿਕ ਘਰ, ਇਕ ਰਸੋਈ ਅਤੇ ਇਕ ਰੈਸਟੋਰੈਂਟ ਦੇ ਨਾਲ-ਨਾਲ 400 ਲੋਕਾਂ ਲਈ ਰਿਹਾਇਸ਼ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਗਵਾਨ ਸ਼ਿਵ ਪ੍ਰਤੀ ਸ਼ਰਧਾ ਕਿਸੇ ਤੋਂ ਲੁਕੀ ਨਹੀਂ ਹੈ। ਉਜੈਨ ਵਿਚ ਮਹਾਕਾਲੇਸ਼ਵਰ ਮੰਦਰ ਵਿਚ ਮਹਾਕਾਲ ਲੋਕ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਵਾਰਾਣਸੀ ’ਚ ਨਵਾਂ ਕਾਸ਼ੀ ਵਿਸ਼ਵਨਾਥ ਕੋਰੀਡੋਰ ਬਣਾਇਆ ਗਿਆ ਹੈ। ਸੋਮਨਾਥ ਮੰਦਰ ਕੰਪਲੈਕਸ ਗੁਜਰਾਤ ਵਿਚ ਬਣਾਇਆ ਗਿਆ ਹੈ। ਕੇਦਾਰਨਾਥ ਮੰਦਿਰ ਵਿਚ ਨਵੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਜਦਕਿ ਉੱਤਰਾਖੰਡ ਵਿਚ ਚਾਰਧਾਮ ਲਈ ਇਕ ਸੰਪਰਕ ਸੜਕ ਬਣਾਈ ਗਈ ਹੈ। ਜੰਮੂ-ਕਸ਼ਮੀਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਜੰਮੂ-ਕਸ਼ਮੀਰ ’ਚ ਧਾਰਾ 370 ਅਤੇ 35ਏ ਨੂੰ ਖਤਮ ਕਰਨ ਨਾਲ ਨਵੇਂ ਰਾਹ ਖੁੱਲ੍ਹ ਗਏ ਹਨ। 1500 ਕਿਲੋਮੀਟਰ ਤੋਂ ਵੱਧ ਸੜਕਾਂ ਅਤੇ 100 ਪੁਲਾਂ ਦਾ ਨਿਰਮਾਣ ਕੀਤਾ ਗਿਆ ਹੈ। ਇਕੱਲੇ ਜੰਮੂ ਖੇਤਰ ਵਿਚ, 10 ਨਵੇਂ ਹਸਪਤਾਲ ਬਣਾਏ ਗਏ ਹਨ ਅਤੇ 100 ਤੋਂ ਵੱਧ ਨਵੇਂ ਕਲੀਨਿਕ ਵੀ ਬਣਾਏ ਗਏ ਹਨ।

# ਬਲਵੰਤ ਸਿੰਘ ਰਾਜੋਆਣਾ ਵਲੋਂ ਫਾਂਸੀ ਨੂੰ ਉਮਰ ਕੈਦ ’ਚ ਬਦਲਣ ਵਾਲੀ ਅਪੀਲ ਵਾਪਸ ਲੈਣ ਦੀ ਮੰਗ

### ਹੁਕਮਰਾਨਾਂ ਦੀਆਂ ਵਿਆਹ ਸ਼ਾਦੀਆਂ ’ਚ ਜਾ ਕੇ ਲੱਡੂ ਖਾਉ, ਭੰਗੜੇ ਪਾਉ ਤੇ ਜੈਡ ਸੁਰੱਖਿਆ ਲੈ ਕੇ ਅਨੰਦ ਲਵੋ : ਰਾਜੋਆਣਾ



ਮੋਹਾਲੀ : ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਸਿੰਘ ਰਾਜੋਆਣਾ ਵਲੋਂ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕਰਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਗਈ ਹੈ। ਬਲਵੰਤ ਸਿੰਘ ਰਾਜੋਆਣਾ ਦੇ ਹਵਾਲੇ ਨਾਲ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਐਸ.ਜੀ.ਪੀ.ਸੀ. ਰਾਹੀਂ ਕੇਂਦਰ ਸਰਕਾਰ ਕੋਲ ਲੰਮੇ ਚਿਰਾਂ ਤੋਂ ਲਟਕ ਰਹੀ ਉਮਰ ਕੈਦ ਦੀ ਦਰਖ਼ਾਸਤ ਨੂੰ ਵਾਪਸ ਲੈਣ ਲਈ ਆਦੇਸ਼ ਦੇਣ ਨੂੰ ਕਿਹਾ ਹੈ।

ਦੱਸ ਦੇਈਏ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 6 ਜੂਨ ਨੂੰ ਘੱਲੂਘਾਰਾ ਦਿਵਸ ’ਤੇ ਕੌਮ ਦੇ ਨਾਂਅ ਦਿਤੇ ਸੰਦੇਸ਼ ਵਿਚ ਕਿਹਾ ਸੀ ਕਿ ਸਾਨੂੰ ਸਰਕਾਰਾਂ ਤੋਂ ਝੋਲੀ ਅੱਡ ਕੇ ਇਨਸਾਫ਼ ਮੰਗਣ ਦੀ ਲੋੜ ਨਹੀਂ। ਜਿਸ ਤੋਂ ਬਾਅਦ ਬਲਵੰਤ ਸਿੰਘ ਰਾਜੋਆਣਾ ਦੇ ਹਵਾਲੇ ਨਾਲ ਉਨ੍ਹਾਂ ਦੀ ਭੈਣ ਕਮਲਦੀਪ ਕੌਰ ਵਲੋਂ ਇਹ ਪੋਸਟ ਸਾਂਝੀ ਕੀਤੀ ਗਈ ਹੈ। ਇਸ ਵਿਚ ਲਿਖਿਆ, ”ਸਿੰਘ ਸਾਹਬ ਜੀ, ਹੁਣ ਜੇਕਰ ਅਸੀਂ ਸਰਕਾਰਾਂ ਤੋਂ ਇਨਸਾਫ਼ ਮੰਗਣਾ ਹੀ ਨਹੀਂ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਇਨਸਾਫ਼ ਲਈ ਕਿਤੇ ਵੀ ਕੋਈ ਅਪੀਲ ਨਾ ਕੀਤੀ ਜਾਵੇ। ਇਸ ਲਈ ਤੁਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਆਦੇਸ਼ ਜਾਰੀ ਕਰ ਦਿਉ ਕਿ 2012 ਵਿਚ ਅਪਣੀ ਕੀਤੀ ਹੋਈ ਅਪੀਲ ਨੂੰ ਵਾਪਸ ਲੈ ਲਿਆ ਜਾਵੇ। ਕਿਉਂਕਿ ਤੁਸੀਂ ਕਿਹਾ ਹੈ ਸਰਕਾਰਾਂ ਤੋਂ ਇਨਸਾਫ਼ ਮੰਗਣ ਦੀ ਲੋੜ ਨਹੀਂ ਹੈ। ਇਸ ਲਈ, ਜੇਕਰ ਅਸੀਂ ਕੌਮ ਲਈ ਇਨਸਾਫ਼ ਮੰਗਣਾ ਹੀ ਨਹੀਂ ਹੈ ਤਾਂ ਹੁਕਮਰਾਨਾਂ ਦੀਆਂ ਵਿਆਹ ਸ਼ਾਦੀਆਂ ਵਿਚ ਜਾ ਕੇ ਲੱਡੂ ਖਾਉ, ਭੰਗੜੇ ਪਾਉ, ਜੈਡ ਸੁਰੱਖਿਆ ਲੈ ਕੇ ਆਨੰਦ ਲਵੋਂ।”

ਪੂਰੇ ਮਾਮਲੇ ਦੀ ਤਫ਼ਸੀਲ ਸਾਂਝੀ ਕਰਦਿਆਂ ਕਮਲਦੀਪ ਕੌਰ ਰਾਜੋਆਣਾ ਨੇ ਲਿਖਿਆ ਹੈ ਕਿ ਬਲਵੰਤ ਸਿੰਘ ਰਾਜੋਆਣਾ ਕੌਮ ਦੇ ਇਨਸਾਫ਼ ਅਤੇ ਮਾਨ-ਸਨਮਾਨ ਲਈ ਸ਼ੰਘਰਸ ਕਰਦੇ ਹੋਏ ਪਿਛਲੇ 28 ਸਾਲਾਂ ਤੋਂ ਜੇਲ ਵਿਚ ਬੰਦ ਹਨ। ਪਿਛਲੇ 16 ਸਾਲਾਂ ਤੋਂ ਫਾਂਸੀ ਚੱਕੀ ਵਿਚ ਬੈਠੇ ਅਪਣੇ ਕੇਸ ਦੇ ਹੋਣ ਵਾਲੇ ਫ਼ੈਸਲੇ ਦਾ ਇੰਤਜ਼ਾਰ ਕਰ ਰਹੇ ਹਨ। ਮਾਰਚ 2012 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਲਈ ਕੀਤੀ ਗਈ ਅਪੀਲ ਪਿਛਲੇ 12 ਸਾਲਾਂ ਤੋਂ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਵਿਚਾਰ ਅਧੀਨ ਪਈ ਹੈ। ਕੇਂਦਰ ਸਰਕਾਰ ਵਲੋਂ ਪਿਛਲੇ 12 ਸਾਲਾਂ ਤੋਂ ਇਸ ਅਪੀਲ ਤੇ ਕੋਈ ਫ਼ੈਸਲਾ ਨਹੀਂ ਕੀਤਾ ਜਾ ਰਿਹਾ। 2019 ਵਿਚ ਧੰਨ-ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਲਈ ਜੋ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਉਸ ਨੂੰ ਵੀ ਲਾਗੂ ਨਹੀਂ ਕੀਤਾ ਗਿਆ। ਇਸ ਅਪੀਲ ’ਤੇ ਹੀ ਫ਼ੈਸਲਾ ਲੈਣ ਲਈ ਬਲਵੰਤ ਸਿੰਘ ਰਾਜੋਆਣਾ ਵਲੋਂ ਸੁਪ੍ਰੀਮ ਕੋਰਟ ਵਿਚ ਪਟੀਸ਼ਨ ਪਾਈ ਸੀ।

ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ’ਚ ਅਖੀਰ ਵਿਚ ਹੁਣ ਸੁਪ੍ਰੀਮ ਕੋਰਟ ਨੇ ਵੀ ਬੇਬੱਸ ਹੋ ਕੇ ਕੇਂਦਰ ਸਰਕਾਰ ਨੂੰ ਕਹਿ ਦਿਤਾ ਕਿ ਜਦੋਂ ਤੁਹਾਨੂੰ ਠੀਕ ਲੱਗੇ ਫ਼ੈਸਲਾ ਕਰ ਲੈਣਾ। ਬਲਵੰਤ ਸਿੰਘ ਰਾਜੋਆਣਾ ਨੇ ਅਪਣੀ ਪੋਸਟ ’ਚ ਇਹ ਵੀ ਕਿਹਾ ਕਿ ਦੇਸ਼ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਕੇਂਦਰ ਸਰਕਾਰ ਵਲੋਂ ਰਾਸ਼ਟਰਪਤੀ ਕੋਲ ਅਪੀਲ ’ਤੇ 12 ਸਾਲਾਂ ਤਕ ਫ਼ੈਸਲਾ ਹੀ ਨਾ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਕਿ ਇਸ ਬੇਇਨਸਾਫੀ ਵਿਰੁਧ ਆਵਾਜ਼ ਚੁੱਕਣ ਲਈ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ 5 ਜੂਨ ਨੂੰ ਮਿਲੇ ਸੀ ਅਤੇ ਉਨ੍ਹਾਂ ਨੇ ਇਸ ਸੰਬੰਧੀ ਯਤਨ ਕਰਨ ਦਾ ਭਰੋਸਾ ਵੀ ਦਿਤਾ ਸੀ।



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ ’ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ ‘ਇਨ ਸਰਵਿਸ ਆਫ਼ ਹਿਜ਼ ਮਾਸਟਰ’ ਕਿਤਾਬ ਨੂੰ ਲੜੀਵਾਰ ‘ਸਾਡੇ ਲੋਕ’ ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ ’ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ ‘ਸਾਡੇ ਲੋਕ’ ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ ’ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ।

\- ਸਤਨਾਮ ਸਿੰਘ ਖਾਲਸਾ

# ‘ਅਸੀਂ ਹੁਣ ਮੂਰਤੀ ਪੂਜਾ ਕਰਨ ਲੱਗੇ ਹਾਂ, ਜਦੋਂ ਤੁਸੀਂ ਔਰਤਾਂ ਦੀ ਗੱਲ ਸੁਣਦੇ ਹੋ ਤਾਂ ਤੁਹਾਨੂੰ ਇਹ ਹੀ ਮਿਲਦਾ ਹੈ’

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਿੱਖ ਧਰਮ ਇੱਕ ਅਜਿਹਾ ਧਰਮ ਹੈ ਜੋ ਪਰਮਾਤਮਾ ਵਿੱਚ ਵਿਸ਼ਵਾਸ ਰੱਖਦਾ ਹੈ ਜੋ ਅਕਾਲ ਅਤੇ ਨਿਰਾਕਾਰ ਹੈ। ਜਿਵੇਂ ਹੀ ਇਹ ਅਖ਼ਬਾਰ ਲੋਕਾਂ ਦੇ ਹੱਥ ਵਿੱਚ ਆਇਆ, ਸਾਡੇ ਘਰ ਦੇ ਦਰਵਾਜ਼ੇ ਅੱਗੇ ਲੋਕਾਂ ਦੀ ਕਤਾਰ ਲੱਗ ਗਈ। ਪੂਰਾ ਦਿਨ ਲੋਕ ਸਾਡੇ ਘਰ ਦੇ ਦਰਵਾਜ਼ੇ ’ਤੇ ਦਸਤਕ ਦਿੰਦੇ ਰਹੇ।

ਪਾਪਾ ਜੀ ਨੇ ਬਹੁਤ ਕੁਝ ਸੁਣਿਆ, ‘ਅਸੀਂ ਹੁਣ ਮੂਰਤੀ ਪੂਜਾ ਕਰਨ ਲੱਗੇ ਹਾਂ, ਜਦੋਂ ਤੁਸੀਂ ਔਰਤਾਂ ਦੀ ਗੱਲ ਸੁਣਦੇ ਹੋ ਤਾਂ ਤੁਹਾਨੂੰ ਇਹ ਹੀ ਮਿਲਦਾ ਹੈ।’ ‘ਔਰਤਾਂ ਦੀ ਮਤ ਗੁੱਤ ਵਿੱਚ ਹੁੰਦੀ ਹੈ।’ ਉਨ੍ਹਾਂ ਨੇ ਇਸ ਤਰ੍ਹਾਂ ਦੇ ਬਹੁਤ ਸਾਰੀਆਂ ਇਤਰਾਜ਼ਯੋਗ ਟਿੱਪਣੀਆਂ ਸੁਣੀਆਂ। ਉਹ ਇਸ ਸਭ ਤੋਂ ਬਹੁਤ ਪਰੇਸ਼ਾਨ ਸਨ, ਉਨ੍ਹਾਂ ਨੇ ਆਪਣੇ ਪੱਧਰ ’ਤੇ ਖੜ੍ਹੇ ਹੋਣ ਦਾ ਫੈਸਲਾ ਕੀਤਾ, ਉਨ੍ਹਾਂ ਫੈਸਲਾ ਕੀਤਾ ਕਿ ਉਹ ਔਰਤਾਂ ਦੇ ਹਿੱਸਾ ਲੈਣ ਦੇ ਅਧਿਕਾਰਾਂ ਦੀ ਗੱਲ ਕਰਨਗੇ।

ਉਨ੍ਹਾਂ ਨੇ ਪ੍ਰਦਰਸ਼ਨ ਲਈ ਆਪਣੇ ਵਿਰੋਧੀ ਸਾਥੀਆਂ ਨੂੰ ਇਕੱਠੇ ਕੀਤਾ ਅਤੇ ਉਨ੍ਹਾਂ ਨਾਲ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਡੇ ਭਾਈਚਾਰੇ ਸਮੇਤ ਹਰੇਕ ਭਾਈਚਾਰੇ ਵਿੱਚ ਔਰਤਾਂ ਦੀ ਸ਼ਮੂਲੀਅਤ ਤੋਂ ਬਿਨਾਂ ਰਾਸ਼ਟਰ ਦਾ ਨਿਰਮਾਣ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਇਮਾਰਤ ਦੇ ਨਿਰਮਾਣ ਵਿੱਚ ਵੀ ਉਨ੍ਹਾਂ ਦਾ ਬਰਾਬਰ ਹਿੱਸਾ ਹੈ ਅਤੇ ਜੇਕਰ ਉਹ ਇਸਦੀ ਦੀਵਾਰ ’ਤੇ ਗੁਰੂ ਨਾਨਕ ਦੇਵ ਜੀ ਦੀ ਨਕਾਸ਼ੀ ਕੀਤੀ ਤਸਵੀਰ ਲਗਾਉਣਾ ਚਾਹੁੰਦੀਆਂ ਹਨ ਤਾਂ ਇਹ ਜ਼ਰੂਰ ਹੋਣੀ ਚਾਹੀਦੀ ਹੈ। ਵਿਰੋਧੀ ਗੁੱਟ ਦੇ ਸਾਥੀਆਂ ਨੇ ਕਿਹਾ ਕਿ ਇਹ ਮੂਰਤੀ ਪੂਜਾ ਹੈ। ਪਾਪਾ ਜੀ ਨੇ ਉਨ੍ਹਾਂ ਨੇ ਕਿਹਾ ਕਿ ਉਹ ਸੰਗਤ ਦੇ ਵਿਸ਼ਵਾਸ ’ਤੇ ਸ਼ੱਕ ਨਹੀਂ ਕਰ ਸਕਦੇ।

ਸੰਗਤ ਕੰਧ ’ਤੇ ਟੰਗੀ ਤਸਵੀਰ ਅਤੇ ਇੱਕ ਪਰਮਾਤਮਾ ਦੀ ਮੂਰਤੀ ਵਿੱਚ ਫਰਕ ਜਾਣਦੀ ਹੈ। ਅਸੀਂ ਮੂਰਤੀਆਂ ਦੀ ਪੂਜਾ ਨਹੀਂ ਕਰਦੇ, ਇਸ ਲਈ ਮੇਰੀ ਬੇਨਤੀ ਹੈ ਕਿ ਇਹ ਮੂਰਤੀ ਨਹੀਂ ਹੈ ਅਤੇ ਨਾ ਹੀ ਕਦੇ ਬਣੇਗੀ। ਗੁਰੂ ਨਾਨਕ ਦੇਵ ਜੀ ਦੀ ਨਕਾਸ਼ੀ ਤਸਵੀਰ ਗੁਰਦੁਆਰੇ ਦੀ ਸਾਹਮਣੇ ਵਾਲੀ ਕੰਧ ’ਤੇ ਲਗਾਈ ਹੋਈ ਹੈ ਜੋ ਗੁਰਦੁਆਰੇ ਦੇ ਨਿਰਮਾਣ ਵਿੱਚ ਔਰਤਾਂ ਦੀ ਸ਼ਮੂਲੀਅਤ ਦੀ ਇੱਕ ਯਾਦ ਹੈ ਜਿਨ੍ਹਾਂ ਦੇ ਸ਼ਮੂਲੀਅਤ ਦੇ ਅਧਿਕਾਰ ਲਈ ਪਾਪਾ ਜੀ ਅੱਗੇ ਹੋ ਕੇ ਖੜ੍ਹੇ ਸਨ।

ਜਦੋਂ ਅਪ੍ਰੈਲ ਦੇ ਅੰਤ ਤੱਕ ਗੁਰਦੁਆਰੇ ਦੀ ਇਮਾਰਤ ਮੁਕੰਮਲ ਹੋਣ ਕਿਨਾਰੇ ਸੀ ਅਤੇ ਇਸਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਸਨ ਤਾਂ ਇਸ ਸਬੰਧੀ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਕਿ ਇਸਦਾ ਉਦਘਾਟਨ ਕੌਣ ਕਰੇਗਾ। ਟੀਮ ਨੇ ਫੈਸਲਾ ਕੀਤਾ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ’ਤੇ ਜਿਸ ਦਿਨ 18 ਜੂਨ, 1961 ਨੂੰ ਇਸਦਾ ਪਹਿਲਾ ਸਮਾਗਮ ਹੋਇਆ ਸੀ, ਉਸ ਦਿਨ ਹੀ ਇਸਦਾ ਉਦਘਾਟਨ ਕੀਤਾ ਜਾਵੇ। 1966 ਵਿੱਚ ਚੰਦਰਮਾ ਕੈਲੰਡਰ ਮੁਤਾਬਿਕ ਇਹ ਦਿਨ 29 ਮਈ ਪੈਂਦਾ ਸੀ, ਇਹ ਉਹ ਕੈਲੰਡਰ ਹੈ ਜਿਸਦੀ ਉਸ ਸਮੇਂ ਸਿੱਖਾਂ ਵੱਲੋਂ ਪਾਲਣਾ ਕੀਤੀ ਜਾਂਦੀ ਸੀ। ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਹਰਿਮੰਦਰ ਸਾਹਿਬ ਦਾ ਨਿਰਮਾਣ ਕੀਤਾ। ਇਸ ਲਈ ਸਾਰੇ ਤਿਆਰ ਸਨ ਕਿ ਉਨ੍ਹਾਂ ਦੀ ਸ਼ਹਾਦਤ ’ਤੇ ਹੀ ਗੁਰਦੁਆਰੇ ਦਾ ਉਦਘਾਟਨ ਕਰਨਾ ਹੈ।

ਜਦੋਂ ਮਿਤੀ ਤੈਅ ਹੋ ਗਈ ਤਾਂ ਫਿਰ ਇਹ ਗੱਲਾਂ ਹੋਣ ਲੱਗੀਆਂ ਕਿ ਗੁਰਦੁਆਰੇ ਦਾ ਉਦਘਾਟਨ ਕੌਣ ਕਰੇਗਾ। ਉਹ ਪਾਪਾ ਧਰਮ ਸਿੰਘ ਜੀ ਰਾਗੀ ਹੈੜੀਆਂ ਜੀ ਸਨ ਜਿਨ੍ਹਾਂ ਨੇ ਫੈਸਲਾ ਕੀਤਾ ਕਿ ਸਾਨੂੰ ਕੋਵੈਂਟਰੀ ਦੇ ਮੇਅਰ ਨੂੰ ਉਦਘਾਟਨ ਕਰਨ ਲਈ ਕਹਿਣਾ ਚਾਹੀਦਾ ਹੈ। ਗਿਆਨੀ ਨੌਨਿਹਾਲ ਸਿੰਘ ਨੇ ਕਿਹਾ, ‘ਇੱਕ ਇਸਾਈ ਕਿਵੇਂ ਸਾਡੇ ਗੁਰਦੁਆਰੇ ਦਾ ਉਦਘਾਟਨ ਕਰ ਸਕਦਾ ਹੈ।’

ਇਸਤੋਂ ਪਹਿਲਾਂ ਕਿ ਕੋਈ ਹੋਰ ਬੋਲਦਾ, ਬਾਬਾ ਨੰਦ ਸਿੰਘ ਜੀ ਬੋਲੇ, ‘ਚੁੱਪ ਓਏ ਗਿਆਨੀ, ਜੇ ਹਰਿਮੰਦਰ ਸਾਹਿਬ ਦੀ ਨੀਂਹ ਸਾਡੇ ਗੁਰੂ ਸਾਹਿਬ ਇੱਕ ਮੁਸਲਮਾਨ ਫਕੀਰ ਤੋਂ ਰਖਵਾ ਸਕਦੇ ਹਨ ਤਾਂ ਅਸੀਂ ਇੱਕ ਇਸਾਈ ਤੋਂ ਉਦਘਾਟਨ ਕਰਵਾ ਨਹੀਂ ਸਕਦੇ? ਸਾਡੇ ਧਰਮ ਦੇ ਦਰਵਾਜ਼ੇ ਹਰ ਵਾਸਤੇ ਸਦਾ ਖੁੱਲ੍ਹੇ ਨੇ, ਧਰਮ ਸਿੰਘ ਬੱਸ ਲਾਟ ਮੇਅਰ ਹੀ ਕਰੇਗਾ।

ਜਦੋਂ ਬਾਬਾ ਜੀ ਨੇ ਕਹਿ ਦਿੱਤਾ ਤਾਂ ਫਿਰ ਕੋਈ ਨਹੀਂ ਬੋਲਿਆ। ਉਹ ਆਖਿਰੀ ਸ਼ਬਦ ਸਨ, ਬਜ਼ੁਰਗ ਹੋਣ ਵਜੋਂ ਕਿਸੇ ਨੂੰ ਵੀ ਉਨ੍ਹਾਂ ਨੂੰ ਚੁਣੌਤੀ ਦੇਣ ਦੀ ਹਿੰਮਤ ਨਹੀਂ ਸੀ।

ਪਾਪਾ ਜੀ ਨੇ ਪ੍ਰਸਤਾਵ ਰੱਖਿਆ ਕਿ ਬਾਵਾ ਸਿੰਘ ਨੂੰ ਸਵਾਗਤੀ ਭਾਸ਼ਣ ਦੇਣ ਦੀ ਆਗਿਆ ਦਿੱਤੀ ਜਾਵੇ ਕਿਉਂਕਿ ਉਹ ਪਿਛਲੇ ਕਈ ਸਾਲਾਂ ਤੋਂ ਨਿਊਜ਼ਲੈਟਰ ਲਿਖ ਰਹੇ ਹਨ। ਇਸ ਲਈ ਉਨ੍ਹਾਂ ਨੂੰ ਭਾਈਚਾਰੇ ਵੱਲੋਂ ਮਹਿਮਾਨਾਂ ਦਾ ਸਵਾਗਤ ਕਰਨ ਦਾ ਮਾਣ ਬਖ਼ਸ਼ਣਾ ਚਾਹੀਦਾ ਹੈ।

ਪਾਪਾ ਜੀ ਨੇ ਬਾਬਾ ਜੀ ਵੱਲ ਦੇਖਿਆ, ਖਾਲਸਾ ਪ੍ਰੇਮ ਸਿੰਘ ਦੰਦ ਕੱਢ ਰਿਹਾ ਸੀ ਕਿ ਬਾਬਾ ਜੀ ਪਾਪਾ ਜੀ ਨਾਲ ਕੋਈ ਵੀ ਸਹਿਮਤ ਨਹੀਂ ਹੋਵੇਗਾ ਕਿਉਂਕਿ ਬਾਵਾ ਸਿੰਘ ਅਤੇ ਬਾਬਾ ਜੀ ਦਰਮਿਆਨ ਗੁਰਦੁਆਰੇ ਦੇ ਫੰਡਾਂ ਦੀ ਰਾਸ਼ੀ ਪਿੱਛੇ ‘ਓਨਲੀ’ ਲਿਖਣ ਕਾਰਨ ਮਨ ਮੁਟਾਵ ਹੋਇਆ ਸੀ। ਬਾਬਾ ਜੀ ਦਾ ਤਰਕ ਸੀ ਕਿ ਗੁਰੂ ਦੇ ਫੰਡ ਪਿੱਛੇ ‘ਓਨਲੀ’ ਲਿਖਣਾ ਸਹੀ ਨਹੀਂ ਹੈ। ਇਸ ਲਈ ਖਾਲਸਾ ਨੂੰ ਪੱਕਾ ਯਕੀਨ ਸੀ ਕਿ ਬਾਬਾ ਜੀ ਇਸ ਨਾਲ ਸਹਿਮਤ ਨਹੀਂ ਹੋਣਗੇ। ਬਾਬਾ ਜੀ ਬਹੁਤ ਨਿਮਰ ਵਿਅਕਤੀ ਸਨ, ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਪਾਸੇ ਕੀਤੀਆਂ ਅਤੇ ਦੇਖਿਆ ਕਿ ਬਿਹਤਰ ਕੀ ਹੈ।

ਉਂਜ ਵੀ ਉਹ ਪਾਪਾ ਜੀ ਦਾ ਕਦੇ ਹੀ ਵਿਰੋਧ ਕਰਦੇ ਸਨ, ਜੇਕਰ ਕਰਦੇ ਸਨ ਤਾਂ ਉਹ ਕਹਿੰਦੇ ਸਨ, ‘ਫਿਰ ਗੱਲ ਕਰਾਂਗੇ।’ ਫਿਰ ਉਹ ਪਹਿਲਾਂ ਪਾਪਾ ਜੀ ਅਤੇ ਬੀਜੀ ਨਾਲ ਗੱਲ ਕਰਦੇ ਅਤੇ ਉਨ੍ਹਾਂ ਨੂੰ ਦੱਸਦੇ ਕਿ ਉਹ ਨਿੱਜੀ ਤੌਰ ’ਤੇ ਇਸ ਨਾਲ ਕਿਉਂ ਅਸਹਿਮਤ ਹਨ।

ਪਰ ਉਹ ਪਾਪਾ ਜੀ ਨੂੰ ਜਨਤਕ ਤੌਰ ’ਤੇ ਕਦੇ ਨਹੀਂ ਕਹਿੰਦੇ ਸਨ। ਉਨ੍ਹਾਂ ਨੇ ਕੁਝ ਨਹੀਂ ਕਿਹਾ ਅਤੇ ਚੁੱਪ ਕਰਕੇ ਆਪਣੀ ਸੱਜੀ ਬਾਂਹ ਥੋੜ੍ਹੀ ਉੱਪਰ ਚੁੱਕ ਕੇ ਪ੍ਰਵਾਨਗੀ ਦੇ ਦਿੱਤੀ। ਖਾਲਸਾ ਨੇ ਆਪਣਾ ਸਿਰ ਝੁਕਾਇਆ ਅਤੇ ਆਪਣੇ ਹੱਥਾਂ ਵਿੱਚ ਆਪਣੀ ਟੋਪੀ ਨੂੰ ਘੁੰਮਾਉਣ ਲੱਗਾ, ਜਿਵੇਂ ਉਹ ਹਮੇਸ਼ਾਂ ਕਰਦਾ ਸੀ।

ਪਾਪਾ ਜੀ ਅਤੇ ਉਨ੍ਹਾਂ ਦੀ ਟੀਮ ਨੇ ਮੈਨੂੰ ਸੱਦਾ ਪੱਤਰਾਂ ਦਾ ਡਿਜ਼ਾਇਨ ਤਿਆਰ ਕਰਵਾ ਕੇ ਉਨ੍ਹਾਂ ਨੂੰ ਪ੍ਰਿੰਟ ਕਰਾਉਣ ਦੀ ਜ਼ਿੰਮੇਵਾਰੀ ਦਿੱਤੀ। ਇਹ ਮੇਰੇ ਲਈ ਮਾਣ ਵਾਲੀ ਗੱਲ ਸੀ, ਪਰ ਨਾਲ ਹੀ ਮੈਂ ਥੋੜ੍ਹਾ ਘਬਰਾਇਆ ਹੋਇਆ ਸੀ ਕਿ ਕੀ ਮੈਂ ਇਹ ਕਰ ਸਕਾਂਗਾ। ਬੀਜੀ ਨਸੀਬ ਕੌਰ ਜੀ ਹੈੜੀਆਂ ਨੇ ਮੇਰੇ ਵੱਲ ਦੇਖਿਆ ਅਤੇ ਚਿੰਤਤ ਹੋ ਕੇ ਮੈਨੂੰ ਰਸੋਈ ਦੇ ਅੰਦਰ ਲੈ ਗਈ ਅਤੇ ਮੈਨੂੰ ਹੁਕਮ ਦਿੱਤਾ, ‘ਬੇਫਿਕਰ ਹੋ ਕੇ ਜ਼ੋਰ ਲਾ ਸਭ ਠੀਕ ਹੋਵੇਗਾ।’

(ਚਲਦਾ)



# ਬਾਲੇਸ਼ਵਰ ਰੇਲ ਹਾਦਸੇ ਤੋਂ ਬਾਅਦ ਖੜ੍ਹੇ ਹੋਏ ਕਈ ਤਰ੍ਹਾਂ ਦੇ ਸਵਾਲ



ਸਭ ਤੋਂ ਭਿਆਨਕ ਰੇਲ ਹਾਦਸਿਆਂ 'ਚੋਂ ਇਕ ਬਾਲੇਸ਼ਵਰ ਰੇਲ ਹਾਦਸੇ 'ਚ ਇਹ ਤੱਥ ਸਾਹਮਣੇ ਆਉਣਾ ਗੰਭੀਰ ਚਿੰਤਾ ਦਾ ਕਾਰਨ ਬਣਨਾ ਚਾਹੀਦਾ ਹੈ ਕਿ ਇਲੈਕਟਰਾਨਿਕ ਇੰਟਰਲਾਕਿੰਗ ਸਿਸਟਮ 'ਚ ਗੜਬੜੀ ਕਾਰਨ ਇਹ ਹਾਦਸਾ ਹੋਇਆ। ਵਿਸਥਾਰਤ ਜਾਂਚ ਰਿਪੋਰਟ ਇਸ 'ਤੇ ਹੋਰ ਵਿਸਥਾਰ ਨਾਲ ਚਾਨਣਾ ਪਾਵੇਗੀ ਪਰ ਇਕ ਅਜਿਹੇ ਸਮੇਂ ਜਦੋਂ ਦੇਸ਼ 'ਚ ਰੇਲਾਂ ਦੀ ਗਿਣਤੀ ਅਤੇ ਇਨ੍ਹਾਂ ਦੀ ਰਫ਼ਤਾਰ ਵਧਦੀ ਚਲੀ ਜਾ ਰਹੀ ਹੈ, ਉਦੋਂ ਇਨ੍ਹਾਂ ਦੇ ਸੁਰੱਖਿਅਤ ਸੰਚਾਲਨ ਲਈ ਤਰੁੱਟੀਹੀਣ ਤਕਨੀਕ ਦੀ ਵਰਤੋਂ ਯਕੀਨੀ ਬਣਾਇਆ ਜਾਣਾ ਲਾਜ਼ਮੀ ਹੈ।

ਜੇ ਇਹ ਸੱਚ ਹੈ ਕਿ ਦੱਖਣ ਪੱਛਮੀ ਰੇਲਵੇ ਦੇ ਇਕ ਸਾਬਕਾ ਅਧਿਕਾਰੀ ਨੇ ਇਲੈਕਟ ?ਰਾਨਿਕ ਇੰਟਰਲਾਕਿੰਗ ਸਿਸਟਮ ਦੀ ਅਣਦੇਖੀ ਹੋਣ ਦੀ ਗੱਲ ਕਹੀ ਸੀ ਤਾਂ ਫਿਰ ਇਸ ਦੀ ਤਹਿ ਤੱਕ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਗਿਆ ਜਾਂ ਨਹੀਂ? ਇਸ ਦੇ ਨਾਲ ਹੀ ਇਸ ਸਵਾਲ ਦਾ ਜਵਾਬ ਵੀ ਮਿਲਣਾ ਚਾਹੀਦਾ ਹੈ ਕਿ ਇਲੈਕਟ ?ਰਾਨਿਕ ਸਿਗਨਲ ਮੈਂਟੇਨਰ ਸਹੀ ਤਰ੍ਹਾਂ ਕੰਮ ਕਰਦਾ ਹੈ ਜਾਂ ਨਹੀਂ? ਰੇਲਾਂ ਦੇ ਸੰਚਾਲਨ 'ਚ ਅਜਿਹੀ ਕਿਸੇ ਤਕਨੀਕ ਦੀ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਜੋ ਪੂਰੀ ਤਰ੍ਹਾਂ ਭਰੋਸੇਮੰਦ ਨਾ ਹੋਵੇ ਜਾਂ ਫਿਰ ਜਿਸ 'ਚ ਗੜਬੜੀ ਹੋਣ ਦੀ ਜ਼ਰਾ ਵੀ ਗੁੰਜਾਇਸ਼ ਰਹਿੰਦੀ ਹੋਵੇ।

ਬਾਲੇਸ਼ਵਰ ਹਾਦਸਾ ਬਹੁਤ ਹੀ ਭਿਆਨਕ ਹੈ ਅਤੇ ਇਸ ਤਰ੍ਹਾਂ ਦੇ ਹਾਦਸੇ ਸਵੀਕਾਰ ਨਹੀਂ ਕੀਤੇ ਜਾ ਸਕਦੇ, ਇਸ ਲਈ ਇਸ ਦੀ ਕੇਵਲ ਡੂੰਘਾਈ ਨਾਲ ਜਾਂਚ ਹੀ ਨਹੀਂ ਹੋਣੀ ਚਾਹੀਦੀ ਸਗੋਂ ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਭਵਿੱਖ 'ਚ ਇਸ ਤਰ੍ਹਾਂ ਦੇ ਹਾਦਸੇ ਨਾ ਹੋਣ। ਇਹ ਯਕੀਨੀ ਬਣਾ ਕੇ ਹੀ ਉਸ ਭਰੋਸੇ ਨੂੰ ਬਹਾਲ ਕੀਤਾ ਜਾ ਸਕਦਾ ਹੈ, ਜੋ ਬਾਲੇਸ਼ਵਰ ਰੇਲ ਹਾਦਸੇ ਤੋਂ ਬਾਅਦ ਡਾਵਾਂਡੋਲ ਜਿਹਾ ਦਿਖਾਈ ਦੇਣ ਲੱਗਿਆ ਹੈ।

ਰੇਲ ਮੰਤਰੀ ਵੱਲੋਂ ਬਾਲੇਸ਼ਵਰ ਹਾਦਸੇ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਦੀ ਸਿਫ਼ਾਰਸ਼ ਇਹ ਦੱਸਦੀ ਹੈ ਕਿ ਮਾਮਲਾ ਬਹੁਤ ਗੰਭੀਰ ਹੈ ਪਰ ਮੁੱਦਾ ਕੇਵਲ ਹਾਦਸੇ ਲਈ ਜ਼ਿੰਮੇਵਾਰ ਕਾਰਨਾਂ ਅਤੇ ਲੋਕਾਂ ਦੀ ਪਛਾਣ ਹੀ ਨਹੀਂ ਸਗੋਂ ਇਹ ਵੀ ਹੈ ਕਿ ਰੇਲਾਂ ਦਾ ਸੁਰੱਖਿਅਤ ਸੰਚਾਲਨ ਕਿਵੇਂ ਯਕੀਨੀ ਹੋਵੇ। ਇਸ ਲਈ ਅਜਿਹੀ ਭਰੋਸੇਮੰਦ ਤਕਨੀਕ ਵਿਕਸਤ ਕਰਨੀ ਹੋਵੇਗੀ, ਜਿਸ 'ਚ ਨਾ ਤਾਂ ਕਿਸੇ ਖਾਮੀ ਲਈ ਗੁੰਜਾਇਸ਼ ਰਹੇ ਅਤੇ ਨਾ ਹੀ ਕਿਸੇ ਮਨੁੱਖੀ ਭੁੱਲ ਲਈ। ਇਹ ਚੰਗੀ ਗੱਲ ਹੈ ਕਿ ਬਾਲੇਸ਼ਵਰ ਰੇਲ ਹਾਦਸੇ ਨੂੰ ਲੈ ਕੇ ਲਗਭਗ ਇਕ ਸੁਰ 'ਚ ਇਹ ਮੰਗ ਉੱਠੀ ਹੈ ਕਿ ਇਸ ਦੀ ਡੂੰਘਾਈ ਨਾਲ ਜਾਂਚ ਹੋਵੇ ਪਰ ਇਸ ਦੇ ਨਾਲ ਵਿਰੋਧੀ ਪਾਰਟੀਆਂ ਦੇ ਕੁਝ ਆਗੂ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਦੇ ਅਸਤੀਫ਼ੇ ਦੀ ਮੰਗ ਕਰਨ 'ਚ ਜੁਟ ਗਏ ਹਨ।

ਇਹ ਮੰਗ ਕਰਨ ਵਾਲਿਆਂ ਨੂੰ ਆਪਣੇ ਆਪ ਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ਕੀ ਰੇਲ ਮੰਤਰੀ ਦਾ ਅਸਤੀਫ਼ਾ ਉਨ੍ਹਾਂ ਕਾਰਨਾਂ ਦਾ ਹੱਲ ਕਰਨ 'ਚ ਸਹਾਇਕ ਸਿੱਧ ਹੋਵੇਗਾ, ਜਿਸ ਕਾਰਨ ਏਨਾ ਵੱਡਾ ਹਾਦਸਾ ਹੋਇਆ ਅਤੇ ਜਿਸ 'ਚ 275 ਰੇਲ ਯਾਤਰੀ ਮਾਰੇ ਗਏ ਅਤੇ ਇਕ ਹਜ਼ਾਰ ਦੇ ਕਰੀਬ ਜ਼ਖ਼ਮੀ ਹੋ ਗਏ? ਇਹ ਵਿਡੰਬਨਾ ਹੀ ਹੈ ਕਿ ਅਸ਼ਵਨੀ ਵੈਸ਼ਣਵ ਤੋਂ ਅਸਤੀਫ਼ਾ ਮੰਗਣ ਵਾਲਿਆਂ 'ਚ ਉਹ ਸਾਬਕਾ ਰੇਲ ਮੰਤਰੀ ਵੀ ਹਨ, ਜਿਨ੍ਹਾਂ ਦੇ ਸਮੇਂ ਵੀ ਵੱਡੇ ਰੇਲ ਹਾਦਸੇ ਹੋਏ ਅਤੇ ਉਦੋਂ ਉਨ੍ਹਾਂ ਨੇ ਅਸਤੀਫ਼ਾ ਦੇਣ ਦੀ ਕੋਈ ਜ਼ਰੂਰਤ ਨਹੀਂ ਸਮਝੀ। ਰੇਲ ਮੰਤਰੀ ਤੋਂ ਅਸਤੀਫ਼ਾ ਮੰਗਣ ਵਾਲਿਆਂ ਨੂੰ ਇਸ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਕਿ ਉਨ੍ਹਾਂ ਨੇ ਰੇਲਵੇ ਦੀ ਹਾਲਤ ਸੁਧਾਰਨ ਅਤੇ ਰੇਲਾਂ ਦੇ ਸੁਰੱਖਿਅਤ ਸੰਚਾਲਨ ਦੀ ਦਿਸ਼ਾ 'ਚ ਸ਼ਲਾਘਾਯੋਗ ਕੰਮ ਕੀਤਾ ਹੈ।

## ਹਾਦਸੇ ਲਈ ਜ਼ਿੰਮੇਦਾਰ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ: ਮੋਦੀ




ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੜੀਸਾ 'ਚ ਰੇਲ ਹਾਦਸੇ ਬਾਰੇ ਜਾਣਕਾਰੀ ਲੈਣ ਲਈ ਹੈਲੀਕਾਪਟਰ ਰਾਹੀਂ ਬਾਲਾਸੋਰ ਪੁੱਜ ਗਏ। ਉਹ ਉਸ ਸਥਾਨ 'ਤੇ ਗਏ ਜਿਥੇ ਹਾਦਸਾ ਹੋਇਆ। ਉਨ੍ਹਾਂ ਨਾਲ ਰੇਲ ਮੰਤਰੀ ਵੀ ਸਨ। ਸ੍ਰੀ ਮੋਦੀ ਨੇ ਕਿਹਾ ਕਿ ਹਾਦਸੇ ਲਈ ਜ਼ਿੰਮਵਾਰ ਦੋਸ਼ੀਆਂ ਨੂੰ ਬਖ਼ਸ਼ਿਆਂ ਨਹੀਂ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਪੀੜਤ ਪਰਿਵਾਰਾਂ ਦੇ ਨਾਲ ਹਨ। ਜ਼ਖ਼ਮੀਆਂ ਦਾ ਹਾਲ ਜਾਣਨ ਮਗਰੋਂ ਸ੍ਰੀ ਮੋਦੀ ਨੇ ਕਿਹਾ ਕਿਹਾ ਜ਼ਖ਼ਮੀਆਂ ਨੂੰ ਬਿਹਤਰ ਤੋਂ ਬਿਹਤਰ ਇਲਾਜ ਸਹੂਲਤ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਥਿਤੀ ਦੀ ਸਮੀਖਿਆ ਕਰਨ ਲਈ ਬੈਠਕ ਕੀਤੀ। ਬੈਠਕ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਰਕਾਰ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।









# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਹਰਿਆਣਾ ਦੇ ਕਾਲਜਾਂ ਨੂੰ ਪੰਜਾਬ 'ਵਰਸਿਟੀ ਤੋਂ ਮਾਨਤਾ ਨਹੀਂ: ਭਗਵੰਤ ਮਾਨ

## ਖੱਟਰ ਨੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਦੇਣ ਦੀ ਕੀਤੀ ਪੈਰਵੀ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਦੇਣ ਦੀ ਤਜਵੀਜ਼ ਅੱਜ ਸਿਰੇ ਤੋਂ ਖਾਰਜ ਕਰ ਦਿੱਤੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਆਧਾਰਿਤ ਯੂਨੀਵਰਸਿਟੀ ਪੰਜਾਬ ਦੀ ਹੈ ਅਤੇ ਹਮੇਸ਼ਾ ਪੰਜਾਬ ਦੀ ਰਹੇਗੀ। ਉਨ੍ਹਾਂ ਹਰਿਆਣਾ ਵੱਲੋਂ ਯੂਨੀਵਰਸਿਟੀ 'ਚ ਆਪਣਾ ਹਿੱਸਾ ਬਹਾਲ ਕਰਨ ਲਈ ਗਰਾਂਟ ਦੇਣ ਦੀ ਪੇਸ਼ਕਸ਼ 'ਤੇ ਵੀ ਤਿੱਖਾ ਇਤਰਾਜ਼ ਜਤਾਇਆ ਅਤੇ ਆਪਣੇ ਹਰਿਆਣਵੀ ਹਮਰੁਤਬਾ ਮਨੋਹਰ ਲਾਲ ਖੱਟਰ ਨੂੰ ਕਿਹਾ ਕਿ ਉਹ ਆਪਣੇ ਸੂਬੇ ਦੇ ਕਿਸੇ ਵੀ ਹਿੱਸੇ 'ਚ ਵੱਖਰੀ ਯੂਨੀਵਰਸਿਟੀ ਬਣਾ ਲੈਣ। ਮੀਟਿੰਗ 'ਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਪੰਜਾਬ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਰੇਣੂ ਵਿੱਗ ਵੀ ਹਾਜ਼ਰ ਸਨ। ਉਂਜ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ ਇਸ ਮੁੱਦੇ 'ਤੇ ਭਗਵੰਤ ਮਾਨ ਵੱਲੋਂ ਲਏ ਗਏ ਸਟੈਂਡ ਦੀ ਨਿਖੇਧੀ ਕਰਦਿਆਂ ਕਿਹਾ ਕਿ ਹਰਿਆਣਾ ਨੇ ਵਿਦਿਆਰਥੀਆਂ ਦੇ ਹਿੱਤ 'ਚ ਫ਼ੈਸਲਾ ਲਿਆ ਹੈ। ਮੀਟਿੰਗ ਦੌਰਾਨ ਖੱਟਰ ਨੇ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਨਤਾ ਦੇਣ ਦੀ ਮੰਗ ਕੀਤੀ। ਮੀਟਿੰਗ ਦਾ ਕੋਈ ਸਿੱਟਾ ਨਾ ਨਿਕਲਣ ਕਰਕੇ ਰਾਜਪਾਲ ਨੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ 3 ਜੁਲਾਈ ਨੂੰ ਸਵੇਰੇ 11 ਵਜੇ ਮੁੜ ਮੀਟਿੰਗ ਸੱਦੀ ਹੈ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਹਮੇਸ਼ਾ ਹੀ ਪੰਜਾਬ ਦੇ ਵਿਰਸੇ, ਜਜ਼ਬਾਤ, ਸੱਭਿਆਚਾਰ ਅਤੇ ਸਾਹਿਤ ਨਾਲ ਜੁੜੀ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਆਂਢੀ ਸੂਬਾ 'ਵਰਸਿਟੀ 'ਚ ਅਸਿੱਧੇ ਤੌਰ 'ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੇ ਤਿੰਨ ਜ਼ਿਲ੍ਹਿਆ ਪੰਚਕੂਲਾ, ਅੰਬਾਲਾ ਤੇ ਯਮੁਨਾਨਗਰ ਦੇ ਕਾਲਜਾਂ ਦੇ ਨਾਲ-ਨਾਲ ਪੰਜਾਬ ਦੇ ਮੁਹਾਲੀ ਤੇ ਰੋਪੜ ਜ਼ਿਲ੍ਹੇ ਦੇ ਕਾਲਜਾਂ ਨੂੰ ਵੀ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਦਿੱਲੀ ਯੂਨੀਵਰਸਿਟੀ ਆਪਣਾ ਕੈਂਪਸ ਹਰਿਆਣਾ 'ਚ ਬਣਾ ਰਹੀ ਹੈ ਜਦੋਂ ਕਿ ਆਈਆਈਟੀ ਦਿੱਲੀ ਦਾ ਕੈਂਪਸ ਵੀ ਹਰਿਆਣਾ 'ਚ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਮਿਲਣ ਨਾਲ ਹਰਿਆਣਾ ਦੇ ਵਿਦਿਆਰਥੀਆਂ ਨੂੰ ਵੀ ਮੌਕੇ ਮਿਲਣਗੇ। ਜ਼ਿਕਰਯੋਗ ਹੈ ਕਿ ਪਹਿਲੀ ਜੂਨ ਨੂੰ ਹੋਈ ਮੀਟਿੰਗ ਦੌਰਾਨ ਵੀ ਇਹੋ ਮੁੱਦਾ ਉਭਰਿਆ ਸੀ ਅਤੇ ਉਸ ਸਮੇਂ ਵੀ ਕੋਈ ਗੱਲ ਸਿਰੇ ਨਾ ਚੜ੍ਹਨ ਕਰਕੇ ਪੰਜਾਬ ਦੇ ਰਾਜਪਾਲ ਨੇ ਅੱਜ ਮੀਟਿੰਗ ਦੁਬਾਰਾ ਸੱਦੀ ਸੀ।

ਸ੍ਰੀ ਪੁਰੋਹਿਤ ਨੇ ਕਿਹਾ ਕਿ ਮੁਲਕ ਦੀ ਸੱਭਿਆਤਾ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਕਰਨ ਦੀ ਰਹੀ ਹੈ। ਉਨ੍ਹਾਂ ਕਿਹਾ ਕਿ ਤਕਸ਼ਿਲਾ ਤੇ ਨਾਲੰਦਾ ਯੂਨੀਵਰਸਿਟੀ 'ਚ ਪੂਰੇ ਵਿਸ਼ਵ ਦੇ ਲੋਕ ਪੜ੍ਹ ਰਹੇ ਹਨ। ਇਸ ਲਈ ਬੱਚਿਆਂ ਨੂੰ ਸਿੱਖਿਆ ਦੇ ਮੌਕੇ ਦੇਣਾ ਇਕ ਸਕਾਰਤਮਕ ਸੋਚ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ 'ਚ ਪੰਜਾਬ ਯੂਨੀਵਰਸਿਟੀ ਤੋਂ ਹਰਿਆਣਾ ਦੇ ਕਾਲਜਾਂ ਨੂੰ ਮਾਨਤਾ ਮਿਲਣੀ ਚਾਹੀਦੀ ਹੈ।



# ਉੱਗੋਕੇ ਬਾਰੇ ਦਿੱਤੇ ਬਿਆਨ ਲਈ ਬਾਜਵਾ ਮੁਆਫ਼ੀ ਮੰਗਣ: ਚੀਮਾ

## 'ਆਪ' ਆਗੂ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਹਫ਼ਤੇ ਦਾ ਅਲਟੀਮੇਟਮ ਦਿੱਤਾ



ਚੰਡੀਗੜ੍ਹ : ਆਮ ਆਦਮੀ ਪਾਰਟੀ ਨੇ ਪਿਛਲੇ ਦਿਨੀਂ ਜਲੰਧਰ ਵਿੱਚ ਹੋਏ ਸਿਆਸੀ ਪਾਰਟੀਆਂ ਦੇ ਇਕੱਠ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਬਾਰੇ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਲਾਭ ਸਿੰਘ ਉੱਗੋਕੇ ਰਾਹੀਂ ਪੂਰੇ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਹੈ। ਉਨ੍ਹਾਂ ਬਾਜਵਾ ਨੂੰ ਇਕ ਹਫ਼ਤੇ ਵਿੱਚ ਮੁਆਫ਼ੀ ਮੰਗਣ ਦੀ ਚਿਤਾਵਨੀ ਦਿੱਤੀ। ਚੀਮਾ ਨੇ ਭਦੌੜ ਤੋਂ 'ਆਪ' ਵਿਧਾਇਕ ਲਾਭ ਸਿੰਘ ਉੱਗੋਕੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉੱਗੋਕੇ ਮਿਹਨਤੀ ਆਗੂ ਹੈ, ਜਿਸ ਨੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਤਤਕਾਲੀ ਮੁੱਖ ਮੰਤਰੀ ਨੂੰ 38 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਉਨ੍ਹਾਂ ਕਿਹਾ ਕਿ ਅਜਿਹੇ ਨੌਜਵਾਨ ਆਗੂ ਖ਼ਿਲਾਫ਼ ਟਿੱਪਣੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਮੁਆਫ਼ੀ ਮੰਗਣ ਲਈ ਹਫ਼ਤੇ ਦਾ ਅਲਟੀਮੇਟਮ ਦਿੰਦਿਆਂ ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜ੍ਹਗੇ ਸਮੇਤ ਸੀਨੀਅਰ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਬਾਜਵਾ ਖ਼ਿਲਾਫ਼ ਸਖ਼ਤ ਐਕਸ਼ਨ ਲੈਣ ਦੀ ਅਪੀਲ ਕੀਤੀ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਵੀ ਪ੍ਰਤਾਪ ਬਾਜਵਾ ਦੀ ਟਿੱਪਣੀ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

### ਬਾਜਵਾ ਨੇ ਦਸਾਂ-ਨਹੁੰਆਂ ਦੀ ਕਿਰਤ ਕਰਨ ਵਾਲਿਆਂ ਦਾ ਅਪਮਾਨ ਕੀਤਾ: ਉੱਗੋਕੇ

ਵਿਧਾਇਕ ਲਾਭ ਸਿੰਘ ਉੱਗੋਕੇ ਨੇ ਪ੍ਰਤਾਪ ਬਾਜਵਾ ਦੇ ਮੋਬਾਇਲ ਰਿਪੇਅਰ ਵਾਲੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ, "ਪ੍ਰਤਾਪ ਬਾਜਵਾ ਨੇ ਜੇਕਰ ਸਿਰਫ਼ ਮੇਰਾ ਅਪਮਾਨ ਕੀਤਾ ਹੁੰਦਾ ਤਾਂ ਮੈਂ ਸਹਿ ਲੈਂਦਾ, ਪਰ ਉਨ੍ਹਾਂ ਦਸਾਂ-ਨਹੁੰਆਂ ਦੀ ਕਿਰਤ ਕਰਨ ਵਾਲੇ ਹਰ ਵਿਅਕਤੀ ਦਾ ਅਪਮਾਨ ਕੀਤਾ ਹੈ। ਉਹ ਕਿਰਤੀ ਲੋਕ ਜਿਨ੍ਹਾਂ ਦੀ ਤਾਰੀਫ਼ ਗੁਰੂ ਨਾਨਕ ਦੇਵ ਜੀ ਨੇ ਵੀ ਕੀਤੀ ਹੈ, ਬਾਜਵਾ ਉਨ੍ਹਾਂ ਦਾ ਹੀ ਅਪਮਾਨ ਕਰ ਰਹੇ ਹਨ। ਇਨ੍ਹਾਂ ਦੀ ਸ਼ਬਦਾਬਲੀ ਵਿੱਚ ਕਿਰਤੀਆਂ, ਦਲਿਤਾਂ ਅਤੇ ਗ਼ਰੀਬਾਂ ਲਈ ਜ਼ਹਿਰ ਅਤੇ ਗੁੱਸਾ ਸਾਫ਼ ਝਲਕਦਾ ਹੈ।" ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੂੰ ਜਨਤਕ ਤੌਰ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ ਤੇ ਆਪਣੇ ਸ਼ਬਦ ਵਾਪਸ ਲੈਣੇ ਚਾਹੀਦੇ ਹਨ। ਇਸ ਬਾਰੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੰਪਰਕ ਕਰਨ 'ਤੇ ਕਿਹਾ ਕਿ ਉਹ ਸਮਾਂ ਆਉਣ 'ਤੇ ਜਵਾਬ ਦੇਣਗੇ।

# ਸਾਹਨੀ ਨੂੰ ਯੂਕੇ ਵਿੱਚ 'ਸਿੱਖ ਆਫ਼ ਦਿ ਯੀਅਰ ਐਵਾਰਡ'

ਨਵੀਂ ਦਿੱਲੀ : ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੂੰ ਲੰਡਨ (ਯੂਕੇ) ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਵੱਲੋਂ 'ਸਿੱਖ ਆਫ ਦਿ ਯੀਅਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਇਤਿਹਾਸਕ ਲਿੰਕਨਜ਼ ਇਨ, ਲੰਡਨ ਵਿੱਚ ਕਰਵਾਏ ਸਮਾਰੋਹ ਵਿੱਚ ਪ੍ਰਦਾਨ ਕੀਤਾ ਗਿਆ। ਇਸ ਮੌਕੇ ਯੂਕੇ ਪਾਰਲੀਮੈਂਟ ਅਤੇ ਪ੍ਰਸ਼ਾਸਨ ਦੇ ਸੀਨੀਅਰ ਪਤਵੰਤਿਆਂ ਦੇ ਨਾਲ-ਨਾਲ ਬਰਤਾਨੀਆਂ ਅਤੇ ਵਿਦੇਸ਼ਾਂ ਤੋਂ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤ ਨੇ ਸ਼ਿਰਕਤ ਕੀਤੀ।

ਇਹ ਪੁਰਸਕਾਰ ਸਿੱਖ ਫੋਰਮ ਇੰਟਰਨੈਸ਼ਨਲ ਸੱਭਿਆਚਾਰਕ ਅਤੇ ਚੈਰੀਟੇਬਲ ਸੰਸਥਾ ਵੱਲੋਂ ਪ੍ਰਦਾਨ ਕੀਤਾ ਗਿਆ ਹੈ ਜਿਸ ਦਾ ਉਦੇਸ਼ ਸਿੱਖ ਧਰਮ ਦੀ ਸੱਭਿਆਚਾਰਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਅਤੇ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਨੂੰ ਫੈਲਾਉਣਾ ਹੈ। 'ਦਿ ਸਿੱਖ ਫੋਰਮ ਇੰਟਰਨੈਸ਼ਨਲ' ਦੇ ਗਲੋਬਲ ਪ੍ਰਧਾਨ ਰਣਜੀਤ ਸਿੰਘ ਓਬੀਈ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਸ੍ਰੀ ਸਾਹਨੀ ਨੇ ਭਾਰਤੀ, ਸਿੱਖ ਮੂਲ ਦੀਆਂ ਕਲਾਕ੍ਰਿਤੀਆਂ ਲਈ ਬ੍ਰਿਟਿਸ਼ ਸਰਕਾਰ ਨਾਲ ਮਿਲ ਕੇ ਲੰਡਨ ਵਿੱਚ ਸਮਰਪਿਤ ਅਜਾਇਬ ਘਰ ਸਥਾਪਤ ਕਰਨ ਦੀ ਅਪੀਲ ਕੀਤੀ।



ਸ੍ਰੀ ਸਾਹਨੀ ਨੇ ਸਿੱਖ ਇੰਟਰਨੈਸ਼ਨਲ ਫੋਰਮ ਨੂੰ ਬਰਤਾਨੀਆ ਵਿੱਚ ਪੰਜਾਬੀ ਵਿਦਿਆਰਥੀਆਂ ਨੂੰ ਆਕਸਫੋਰਡ, ਕੈਂਬਰਿਜ ਅਤੇ ਐੱਲਐੱਸਈ ਆਦਿ ਸੰਸਥਾਵਾਂ ਵਿਚ ਸਿੱਖਿਆ ਹਾਸਲ ਕਰਨ ਲਈ ਸਹਾਇਤਾ ਕਰਨ ਲਈਵੀ ਅਪੀਲ ਕੀਤੀ ਅਤੇ ਸਿੱਖਿਆ ਸਕਾਲਰਸ਼ਿਪ ਫੰਡ ਸਥਾਪਤ ਕਰਨ ਲਈ 1,00,000 ਪੌਂਡ ਦੇਣ ਦਾ ਐਲਾਨ ਵੀ ਕੀਤਾ। ਸਾਹਨੀ ਨੇ ਗੁਰਦੁਆਰਾ ਸਿੰਘ ਸਭਾ ਨੂੰ ਲੰਗਰਾਂ ਦੇ ਬਜਟ ਵਿੱਚ ਕਟੌਤੀ ਕਰਨ ਅਤੇ ਬੱਚਿਆਂ ਅਤੇ ਇਸ ਦੀ ਬਜਾਏ ਨੌਜਵਾਨਾਂ ਦੀ ਸਿੱਖਿਆ ਲਈ ਰਕਮਾਂ ਰੱਖਣ ਦੀ ਅਪੀਲ ਕੀਤੀ ਸੀ।

# ਕੈਨੇਡਾ ਤੋਂ ਵਾਪਸ ਭੇਜੇ ਜਾ ਰਹੇ ਪੰਜਾਬੀਆਂ ਦੇ ਮਸਲੇ ਸਬੰਧੀ ਮੰਤਰੀ ਧਾਲੀਵਾਲ ਨੇ ਕੇਂਦਰ ਨੂੰ ਲਿਖਿਆ ਪੱਤਰ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਿਲੇ ਨਿਰਦੇਸ਼ਾਂ ਤੋਂ ਬਾਅਦ ਪੰਜਾਬ ਦੇ ਐੱਨ. ਆਰ. ਆਈ. ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੈਨੇਡਾ ਤੋਂ ਜਬਰੀ ਵਤਨ ਵਾਪਸੀ ਦਾ ਸਾਹਮਣਾ ਕਰ ਰਹੇ 700 ਦੇ ਕਰੀਬ ਵਿਦਿਆਰਥੀਆਂ ਦਾ ਮਸਲਾ ਹੱਲ ਕਰਨ ਲਈ ਕੇਂਦਰੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਇਕ ਪੱਤਰ ਲਿਖਿਆ ਹੈ। ਕਾਬਿਲੇ-ਗੌਰ ਹੈ ਕਿ ਕਿਸੇ ਠੱਗ ਟ?ਰੈਵਲ ਏਜੰਟ ਰਾਹੀਂ ਇਹ ਵਿਦਿਆਰਥੀ ਕੈਨੇਡਾ ਦੇ ਗ਼ਲਤ ਕਾਲਜਾਂ 'ਚ ਫਸੇ ਹੋਏ ਹਨ ਅਤੇ ਉਨ੍ਹਾਂ ਦੀ ਵਤਨ ਵਾਪਸੀ ਰੋਕਣ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ਸਰਕਾਰ ਤੋਂ ਵਰਕ ਪਰਮਿਟ ਦਿਵਾਉਣ ਲਈ ਧਾਲੀਵਾਲ ਨੇ ਕੇਂਦਰ ਸਰਕਾਰ ਤੋਂ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਕੇਂਦਰੀ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ 'ਚ ਮੈਂ ਉਨ੍ਹਾਂ ਕੋਲੋਂ ਮਿਲਣ ਲਈ ਸਮੇਂ ਦੀ ਮੰਗ ਵੀ ਕੀਤੀ ਹੈ ਤਾਂ ਜੋ ਸਾਰਾ ਮਾਮਲਾ ਨਿੱਜੀ ਤੌਰ ਉੱਤੇ ਕੇਂਦਰ ਸਰਕਾਰ ਦੇ ਧਿਆਨ ਵਿਚ ਲਿਆਂਦਾ ਜਾ ਸਕੇ। ਕੁਲਦੀਪ ਸਿੰਘ ਧਾਲੀਵਾਲ ਨੇ ਇਹ ਵੀ ਮੰਗ ਕੀਤੀ ਹੈ ਕਿ ਠੱਗ ਟਰੈਵਲ ਏਜੰਟ, ਜੋ ਪੰਜਾਬ ਤੋਂ ਬਾਹਰ ਦਾ ਵਾਸੀ ਹੈ, ਨੂੰ ਸਖ਼ਤ ਸਜ਼ਾ ਦਿਵਾਉਣ ਲਈ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ ਸਰਕਾਰ ਦਾ ਸਾਥ ਦੇਣ।

ਧਾਲੀਵਾਲ ਨੇ ਕਿਹਾ ਕਿ ਮਨੁੱਖੀ ਤਸਕਰੀ ਸਬੰਧੀ ਅਜਿਹੀਆਂ ਘਟਨਾਵਾਂ ਨਾ ਵਾਪਰਨ, ਇਸ ਲਈ ਦੇਸ਼ ਦੇ ਕਾਨੂੰਨ ਸਖ਼ਤ ਹੋਣੇ ਚਾਹੀਦੇ ਹਨ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਦੇਸ਼ 'ਚ ਜਾਣ ਤੋਂ ਪਹਿਲਾਂ ਜਾਂ ਵਿਦਿਆਰਥੀਆਂ ਨੂੰ ਭੇਜਣ ਤੋਂ ਪਹਿਲਾਂ ਸਬੰਧਿਤ ਕਾਲਜ ਦੇ ਵੇਰਵੇ ਅਤੇ ਟਰੈਵਲ ਏਜੰਟ (ਜੇਕਰ ਕਿਸੇ ਏਜੰਟ ਰਾਹੀਂ ਜਾ ਰਹੇ ਹੋ) ਦਾ ਰਿਕਾਰਡ ਜ਼ਰੂਰ ਚੈੱਕ ਕਰਨ।

ਧਾਲੀਵਾਲ ਨੇ ਇਹ ਵੀ ਦੱਸਿਆ ਕਿ ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾ ਪ੍ਰਾਪਤ ਨੌਜਵਾਨਾਂ ਦਾ ਕੇਸ 26 ਜੂਨ ਤੋਂ ਮੁੜ ਸ਼ੁਰੂ ਹੋ ਰਿਹਾ ਹੈ ਅਤੇ ਆਸ ਹੈ ਕਿ ਇਸ ਕੇਸ 'ਚੋਂ ਦੋਵੇਂ ਨੌਜਵਾਨ ਬਰੀ ਹੋਣਗੇ। ਉਨ੍ਹਾਂ ਦੱਸਿਆ ਕਿ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਸਬੰਧੀ ਸੂਚਨਾ ਬੀਤੇ ਦਿਨੀਂ ਸਾਡੇ ਨਾਲ ਸਾਂਝੀ ਕੀਤੀ ਸੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਆਬਕਾਰੀ ਲਾਇਸੈਂਸਧਾਰਕਾਂ ਵੱਲੋਂ ਕਿਸੇ ਵੀ ਨਿੱਜੀ ਵਾਹਨ 'ਤੇ ਆਬਕਾਰੀ ਸਬੰਧੀ ਕੋਈ ਸਟਿੱਕਰ ਜਾਂ ਬੈਨਰ ਨਹੀਂ ਲਗਾਇਆ ਜਾਵੇਗਾ ਅਤੇ ਜੇਕਰ ਕੋਈ ਅਜਿਹਾ ਵਾਹਨ ਸੜਕ 'ਤੇ ਪਾਇਆ ਜਾਂਦਾ ਹੈ ਤਾਂ ਉਸ ਨੂੰ ਤੁਰੰਤ ਜ਼ਬਤ ਕਰ ਲਿਆ ਜਾਵੇਗਾ।



ਉਨ੍ਹਾਂ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਸਦਭਾਵਨਾ ਵਾਲਾ ਸਮਾਜਿਕ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਲਈ ਕਿਸੇ ਵੀ ਆਬਕਾਰੀ ਲਾਇਸੈਂਸਧਾਰਕ ਦੀਆਂ ਅਜਿਹੀਆਂ ਸਮਾਜਿਕ ਤੌਰ 'ਤੇ ਅਸਵੀਕਾਰਨਯੋਗ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸੰਦਰਭ ਵਿਚ ਕਿਸੇ ਵੀ ਵਿਅਕਤੀ ਵੱਲੋਂ ਕੀਤੀ ਗਈ ਕੁਤਾਹੀ ਨੂੰ ਗੰਭੀਰਤਾ ਨਾਲ ਦੇਖਿਆ ਜਾਵੇਗਾ ਅਤੇ ਉਸ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਦਿੱਲੀ ਵਿੱਚ ਪ੍ਰਦੂਸ਼ਣ ਦਾ ਪੱਧਰ ਘਟਿਆ: ਕੇਜਰੀਵਾਲ



ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਵਿਕਾਸ ਦੀ ਰਫ਼ਤਾਰ ਘੱਟ ਨਹੀਂ ਹੋਈ ਹੈ ਪਰ ਕੌਮੀ ਰਾਜਧਾਨੀ ਵਿੱਚ ਪਿਛਲੇ ਅੱਠ ਸਾਲਾਂ ਦੌਰਾਨ ਪ੍ਰਦੂਸ਼ਣ ਦਾ ਪੱਧਰ ਥੱਲੇ ਆਇਆ ਹੈ। ਉਨ੍ਹਾਂ ਵਾਤਾਵਰਨ ਦਿਵਸ ਮੌਕੇ ਤਿਆਗਰਾਜ ਸਟੇਡੀਅਮ ਵਿੱਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਐੱਨਸੀਆਰ ਵਿੱਚ ਦਰੱਖਤਾਂ ਹੇਠ ਰਕਬਾ ਵਧ ਕੇ 23 ਫ਼ੀਸਦ ਹੋ ਗਿਆ ਹੈ, ਜੋ ਕਿ ਸਾਲ 2013 ਵਿੱਚ 20 ਫ਼ੀਸਦੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਪੀਐੱਮ 2.5 ਅਤੇ ਪੀਐੱਮ 10 ਦੇ ਪੱਧਰ 2016 ਦੇ ਅੰਕੜਿਆਂ ਦੇ ਮੁਕਾਬਲੇ 2022 ਵਿੱਚ 30 ਪ੍ਰਤੀਸ਼ਤ ਤੱਕ ਡਿੱਗ ਗਏ। ਉਨ੍ਹਾਂ ਕਿਹਾ ਕਿ ਆਮ ਧਾਰਨਾ ਹੈ ਕਿ ਜਦੋਂ ਵੀ ਵਿਕਾਸ ਹੁੰਦਾ ਹੈ ਤਾਂ ਇਸ ਨਾਲ ਦਰੱਖਤਾਂ ਦੀ ਕਟਾਈ ਅਤੇ ਸੜਕਾਂ ਦੇ ਨਿਰਮਾਣ ਕਾਰਨ ਪ੍ਰਦੂਸ਼ਣ ਵਧਦਾ ਹੈ ਪਰ ਦਿੱਲੀ ਵਿੱਚ ਪਿਛਲੇ ਅੱਠ ਸਾਲਾਂ ਦੌਰਾਨ ਵਿਕਾਸ ਦੀ ਰਫ਼ਤਾਰ ਮੱਠੀ ਨਹੀਂ ਪਈ, ਸਗੋਂ ਐੱਨਸੀਆਰ ਵਿੱਚ ਪ੍ਰਦੂਸ਼ਣ ਦਾ ਪੱਧਰ ਵਧਿਆ ਹੈ। ਕੇਜਰੀਵਾਲ ਨੇ ਅੰਕੜੇ ਸਾਂਝੇ ਕਰਦਿਆਂ ਕਿਹਾ ਕਿ 2016 ਵਿੱਚ ਪ੍ਰਦੂਸ਼ਣ ਦਾ ਪੱਧਰ 26 ਦਿਨ ਬੇਹੱਦ ਖਰਾਬ ਸ਼ ?ਰੇਣੀ ਵਿੱਚ ਦਰਜ ਕੀਤਾ ਗਿਆ ਸੀ, ਜਦਕਿ 2022 ਵਿੱਚ ਅਜਿਹਾ ਸਿਰਫ਼ ਛੇ ਦਿਨ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਦਰੱਖਤਾਂ ਹੇਠ ਰਕਬਾ ਵਧਣ ਕਾਰਨ ਪ੍ਰਦੂਸ਼ਣ ਘਟਿਆ ਹੈ। ਕੇਜਰੀਵਾਲ ਨੇ ਦੱਸਿਆ ਕਿ ਦਿੱਲੀ ਵਿੱਚ 10 ਸਾਲਾਂ ਦੌਰਾਨ ਤਿੰਨ ਫ਼ੀਸਦੀ ਹਰਿਆਲੀ ਵਾਲਾ ਖੇਤਰ ਵਧਿਆ ਹੈ। ਉਨ੍ਹਾਂ ਕਿਹਾ ਕਿ ਸਾਲ 2013 ਵਿੱਚ ਦਿੱਲੀ ਦੇ ਕੁੱਲ ਰਕਬੇ ਦੇ 20 ਫੀਸਦੀ 'ਤੇ ਦਰੱਖਤ ਸਨ ਤੇ ਅੱਜ ਇਹ ਰਕਬਾ 23 ਫੀਸਦੀ ਹੋ ਗਿਆ ਹੈ। ਇਸ ਵਾਰ ਵੀ ਦਿੱਲੀ ਸਰਕਾਰ ਨੇ ਦਿੱਲੀ ਵਾਸੀਆਂ ਨਾਲ ਮਿਲ ਕੇ ਪੂਰੀ ਦਿੱਲੀ ਵਿੱਚ 52 ਲੱਖ ਬੂਟੇ ਲਗਾਉਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਕਿਹਾ, "ਅਕਸਰ ਅਸੀਂ ਦੇਖਦੇ ਹਾਂ ਕਿ ਸਰਕਾਰੀ ਪ੍ਰੋਗਰਾਮਾਂ ਵਿੱਚ ਰੁੱਖ ਲਗਾਏ ਜਾਂਦੇ ਹਨ। ਬਾਅਦ ਵਿੱਚ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਅਤੇ ਦਸ ਦਿਨਾਂ ਵਿੱਚ ਦਰੱਖਤ ਮਰ ਗਿਆ। ਅਸੀਂ ਇਹ ਵੀ ਦੇਖਦੇ ਹਾਂ ਕਿ ਪੌਦਿਆਂ ਦੀ ਬਚਣ ਦੀ ਦਰ ਨੂੰ ਕਿਵੇਂ ਵਧਾਇਆ ਜਾਵੇ।

# ਮੁੱਖ ਮੰਤਰੀ ਵੱਲੋਂ ਖਰੜ ਵਿਖੇ 50 ਬੈੱਡ ਵਾਲੇ ਜੱਚਾ-ਬੱਚਾ ਹਸਪਤਾਲ ਦਾ ਉਦਘਾਟਨ

## ਸਿੱਧੂ ਸਾਹਿਬ ਤੁਸੀਂ ਵੀ ਦੂਜੀ ਪਤਨੀ ਦੇ ਪੁੱਤਰ ਹੋ ਤੇ ਬਦਲਾਅ ਨਾਲ ਹੀ ਦੁਨੀਆ 'ਚ ਆਏ ਹੋ : ਭਗਵੰਤ ਮਾਨ




ਮੋਹਾਲੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਰੜ ਵਿਖੇ ਜੱਚਾ-ਬੱਚਾ ਹਸਪਤਾਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਕ ਸਾਲ ਅੰਦਰ ਸੂਬੇ 'ਚ 35ਵਾਂ ਜੱਚਾ-ਬੱਚਾ ਕੇਂਦਰ ਖੋਲ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 8.59 ਕਰੋੜ ਦੀ ਲਾਗਤ ਨਾਲ 50 ਬੈੱਡਾਂ ਵਾਲਾ ਹਸਪਤਾਲ ਬਣਾਇਆ ਗਿਆ ਹੈ। ਇਹ ਹਸਪਤਾਲ ਪੂਰੀ ਤਰ੍ਹਾਂ ਨਾਲ ਆਧੁਨਿਕ ਤਕਨੀਕਾਂ ਨਾਲ ਲੈਸ ਹੈ ਅਤੇ ਅਸੀਂ ਲੋਕਾਂ ਨੂੰ ਜੋ ਗਾਰੰਟੀ ਦਿੱਤੀ, ਉਸ ਨੂੰ ਪੂਰਾ ਕਰ ਰਹੇ ਹਾਂ। ਇਸ ਤੋਂ ਇਲਾਵਾ ਅਸੀਂ 75 ਤੋਂ 100 ਹੋਰ ਮੁਹੱਲਾ ਕਲੀਨਿਕ ਖੋਲ੍ਹਣ ਦੀ ਤਿਆਰੀ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹੁਣ ਤੱਕ ਮੁਹੱਲਾ ਕਲੀਨਿਕਾਂ 'ਚ 31 ਲੱਖ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ।

**ਦੂਜੀ ਪਤਨੀ ਨੂੰ ਲੈ ਕੇ ਵਿਰੋਧੀਆਂ ਨੂੰ ਦਿੱਤਾ ਠੋਕਵਾਂ ਜਵਾਬ**

ਇਸ ਮੌਕੇ ਆਪਣੇ ਦੂਜੇ ਵਿਆਹ ਨੂੰ ਲੈ ਕੇ ਵਿਰੋਧੀਆਂ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਦਾ ਮੁੱਖ ਮੰਤਰੀ ਮਾਨ ਨੇ ਠੋਕਵਾਂ ਜਵਾਬ ਦਿੱਤਾ। ਉਨ੍ਹਾਂ ਨੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ 'ਤੇ ਤੰਜ ਕੱਸਦਿਆਂ ਕਿਹਾ ਕਿ ਉਹ ਕਹਿੰਦੇ ਸਨ ਕਿ ਭਗਵੰਤ ਮਾਨ ਦਾ ਬਿਆਨ ਸੀ ਕਿ ਸੱਤਾ ਸੰਭਾਲਣ ਤੋਂ ਬਾਅਦ ਉਹ ਬਦਲਾਅ ਲੈ ਕੇ ਆਉਣਗੇ ਪਰ ਉਨ੍ਹਾਂ ਨੇ ਬਦਲਾਅ ਦੇ ਨਾਂ 'ਤੇ ਸਿਰਫ ਦੂਜਾ ਵਿਆਹ ਕਰਵਾਇਆ ਹੈ। ਇਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਨਵਜੋਤ ਸਿੱਧੂ ਦੇ ਪਿਤਾ ਜੀ ਨੇ ਵੀ ਦੂਜਾ ਵਿਆਹ ਕਰਵਾਇਆ ਸੀ ਅਤੇ ਨਵਜੋਤ ਸਿੱਧੂ ਆਪਣੇ ਪਿਤਾ ਦੀ ਦੂਜੀ ਪਤਨੀ ਦੇ ਹੀ ਬੇਟੇ ਹਨ। ਜੇਕਰ ਉਨ੍ਹਾਂ ਦੇ ਪਿਤਾ ਨੇ ਦੂਜਾ ਵਿਆਹ ਨਾ ਕਰਵਾਇਆ ਹੁੰਦਾ ਹੈ ਤਾਂ ਨਵਜੋਤ ਸਿੱਧੂ ਦਾ ਅੱਜ ਕੋਈ ਵਜੂਦ ਨਹੀਂ ਹੋਣਾ ਸੀ।

ਉਨ੍ਹਾਂ ਨੇ ਵਿਅੰਗ ਕੱਸਦਿਆਂ ਕਿਹਾ ਕਿ ਹੁਣ ਜੇਕਰ ਰਾਹੁਲ ਗਾਂਧੀ ਦਾ ਵਿਆਹ ਨਹੀਂ ਹੋ ਰਿਹਾ ਤਾਂ ਸਾਡਾ ਕੀ ਕਸੂਰ ਹੈ। ਉਨ੍ਹਾਂ ਨੇ ਕਿਹਾ ਕਿ ਸਾਰੇ ਵਿਰੋਧੀ ਇਕ ਦਿਨ ਜਲੰਧਰ 'ਚ ਇਕੱਠੇ ਹੋ ਗਏ। ਇਸ ਇਕੱਠ ਦੌਰਾਨ ਉਨ੍ਹਾਂ ਦੇ ਵਿਧਾਇਕਾਂ ਨੂੰ ਮਟੀਰੀਅਲ ਤੱਕ ਕਿਹਾ ਗਿਆ ਪਰ ਸ਼ਾਇਦ ਉਹ ਇਹ ਗੱਲ ਭੁੱਲ ਗਏ ਕਿ ਇਨ੍ਹਾਂ ਨੂੰ ਲੋਕਾਂ ਨੇ ਹੀ ਚੁਣ ਕੇ ਵਿਧਾਨ ਸਭਾ 'ਚ ਭੇਜਿਆ ਹੈ। ਉਨ੍ਹਾਂ ਨੇ ਕਿਹਾ ਕਿ ਵਿਰੋਧੀਆਂ ਕੋਲ ਕੋਈ ਵੀ ਮੁੱਦਾ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ 'ਚ ਜਦੋਂ ਮੁੱਦੇ ਦੀ ਗੱਲ ਆਉਂਦੀ ਹੈ ਤਾਂ ਕਾਂਗਰਸ ਪਹਿਲਾਂ ਹੀ ਕਹਿ ਦਿੰਦੀ ਹੈ ਕਿ ਜਦੋਂ ਭਗਵੰਤ ਮਾਨ ਆਉਣਗੇ ਤਾਂ ਉਹ ਬਾਹਰ ਚਲੇ ਜਾਣਗੇ ਕਿਉਂਕਿ ਉਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਮੇਰੇ ਨਾਲ ਬੈਠਣ ਅਤੇ ਹਿਸਾਬ ਕਰਨ, ਮੇਰੇ ਕੋਲ ਇਕੱਲੀ-ਇਕੱਲੀ ਗੱਲ ਦਾ ਜਵਾਬ ਹੈ। ਨ੍ਹਾਂ ਕਿਹਾ ਕਿ ਇਨ੍ਹਾਂ ਨੇ ਪੰਜਾਬੀਆਂ ਦਾ ਜੋ ਖਜ਼ਾਨਾ ਲੁੱਟਿਆ ਹੈ, ਉਸ ਸਭ ਦਾ ਇਨ੍ਹਾਂ ਨੂੰ ਹਿਸਾਬ ਦੇਣਾ ਪਵੇਗਾ ਅਤੇ ਮੈਂ ਕਿਸੇ ਗੱਲੋਂ ਵੀ ਕਾਣਾ ਨਹੀਂ ਹਾਂ। ਸਵ. ਪ੍ਰਕਾਸ਼ ਸਿੰਘ ਬਾਦਲ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੀ. ਯੂ. ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੇ ਮਾਮਲੇ 'ਚ ਹੁਣ ਉਨ੍ਹਾਂ ਦੀ ਕੇਂਦਰ ਨੂੰ ਲਿਖੀ ਚਿੱਠੀ ਸਾਹਮਣੇ ਆਈ ਹੈ ਤਾਂ ਅਕਾਲੀ ਦਲ ਕਹਿੰਦਾ ਹੈ ਕਿ ਉਨ੍ਹਾਂ ਨੇ ਚਿੱਠੀ 'ਚ ਹੀ ਇੰਨੀਆਂ ਸ਼ਰਤਾਂ ਲਿਖ ਦਿੱਤੀਆਂ ਸਨ ਕਿ ਕੇਂਦਰ ਇਸ ਨੂੰ ਸਵੀਕਾਰ ਹੀ ਨਾ ਕਰੇ। ਉਨ੍ਹਾਂ ਕਿਹਾ ਕਿ ਜੇਕਰ ਬਾਦਲ ਸਾਹਿਬ ਇੰਨੇ ਹੀ ਸਮਝਦਾਰ ਸੀ ਤਾਂ ਫਿਰ ਉਨ੍ਹਾਂ ਨੇ ਚਿੱਠੀ ਹੀ ਕਿਉਂ ਲਿਖੀ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਭ੍ਰਿਸ਼ਟਾਚਾਰ ਵਾਲੇ ਚੁੱਲ੍ਹੇ ਬੁੱਝ ਚੁੱਕੇ ਹਨ, ਇਸੇ ਲਈ ਉਹ ਇਨ੍ਹਾਂ 'ਚ ਦੁਬਾਰਾ ਅੱਗ ਮਚਾਉਣ ਨੂੰ ਫਿਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਮੈਂ ਗਲਤ ਹੋਵਾਂਗਾ ਤਾਂ ਲੋਕ ਮੈਨੂੰ 2024 ਜਾਂ 2027 'ਚ ਸਜ਼ਾ ਦੇ ਦੇਣਗੇ। ਅਖ਼ੀਰ 'ਚ ਉਨ੍ਹਾਂ ਕਿਹਾ ਕਿ ਉਹ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾ ਕੇ ਹੀ ਹਟਣਗੇ।

# ਨੌਵਾਂ ਕੌਮੀ ਗਤਕਾ ਕੱਪ ਪੰਜਾਬ ਦੀ ਟੀਮ ਨੇ ਜਿੱਤਿਆ

## ਦਿੱਲੀ ਦੂਜੇ ਤੇ ਚੰਡੀਗੜ੍ਹ ਦੀ ਟੀਮ ਤੀਜੇ ਸਥਾਨ 'ਤੇ ਰਹੀ



ਜਲੰਧਰ : ਨਿਰਮਲ ਕੁਟੀਆ ਸੀਚੇਵਾਲ ਵਿੱਚ ਦੋ ਦਿਨ ਚੱਲੇ ਕੌਮੀ ਮੁਕਾਬਲਿਆਂ ਵਿੱਚ 9ਵਾਂ ਏਕ ਓਂਕਾਰ ਗਤਕਾ ਕੌਮੀ ਕੱਪ ਪੰਜਾਬ ਨੇ ਜਿੱਤ ਲਿਆ ਹੈ। ਦਿੱਲੀ ਦੀ ਟੀਮ 73 ਨੰਬਰ ਲੈ ਕੇ ਦੂਜੇ ਸਥਾਨ 'ਤੇ ਰਹੀ ਜਦੋਂਕਿ ਚੰਡੀਗੜ੍ਹ ਦੀ ਟੀਮ ਤੀਜੇ ਸਥਾਨ 'ਤੇ ਰਹੀ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਕੀਤੀ। ਇਨ੍ਹਾਂ ਵਿੱਚ ਫਰੀ ਸੋਟੀ ਤੇ ਸਿੰਗਲ ਸੋਟੀ ਦੇ ਮੁਕਾਬਲੇ ਕਰਵਾਏ ਗਏ। ਪੂਰੇ ਸ਼ਾਸ਼ਤਰਾਂ ਸਣੇ ਪ੍ਰਦਰਸ਼ਨੀ ਕਰਤੱਵ ਵੀ ਦਿਖਾਏ ਗਏ। ਜ਼ਿਕਰਯੋਗ ਕਿ ਸੰਤ ਅਵਤਾਰ ਸਿੰਘ ਦੀ 35ਵੀਂ ਬਰਸੀ ਨੂੰ ਸਮਰਪਿਤ ਸੱਤ ਰੋਜ਼ਾ ਖੇਡ ਮੇਲਾ ਅੱਜ ਸਮਾਪਤ ਹੋ ਗਿਆ। ਇਸ ਖੇਡ ਮੇਲੇ ਵਿੱਚ ਕੁਸ਼ਤੀਆਂ, ਹਾਕੀ, ਵਾਲੀਬਾਲ, ਕੱਬਡੀ ਅਤੇ ਗਤਕੇ ਦੇ ਮੁਕਾਬਲੇ ਕਰਵਾਏ ਗਏ ਸਨ।

ਕੌਮੀ ਗਤਕਾ ਕੱਪ ਦੇ ਆਖ਼ਰੀ ਦਿਨ ਬਹੁਤ ਹੀ ਰੌਚਕ ਮੁਕਾਬਲੇ ਦੇਖਣ ਨੂੰ ਮਿਲੇ। ਇਸ ਕੌਮੀ ਗਤਕਾ ਟੂਰਨਾਮੈਂਟ ਵਿੱਚ ਦੇਸ਼ ਦੇ 21 ਸੂਬਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ ਜਿਸ ਵਿੱਚ 650 ਤੋਂ ਵੱਧ ਖਿਡਾਰੀ ਪਹੁੰਚੇ। ਇਸ ਵਿੱਚ ਵਿਰਾਸਤੀ ਖੇਡ ਗਤਕਾ ਵਿੱਚ ਲੜਕੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਟੂਰਨਾਮੈਂਟ ਦੀ ਸਫ਼ਲਤਾ 'ਤੇ ਸਾਰਿਆਂ ਨੂੰ ਵਧਾਈ ਦਿੰਦਿਆਂ ਸੰਤ ਸੀਚੇਵਾਲ ਨੇ ਇਸ ਦੋ ਰੋਜ਼ਾ ਟੂਰਨਾਮੈਂਟ ਦੇ ਰਸਮੀ ਤੌਰ 'ਤੇ ਸਮਾਪਤ ਹੋਣ ਦਾ ਐਲਾਨ ਕੀਤਾ। ਇਸ ਟੂਰਨਾਮੈਂਟ ਨੂੰ ਕਰਵਾਉਣ ਲਈ ਗਤਕਾ ਫੈੱਡਰੇਸ਼ਨ ਆਫ ਇੰਡੀਆ ਤੇ ਪੰਜਾਬ ਗਤਕਾ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਵੱਡੀ ਭੂਮਿਕਾ ਰਹੀ।

ਕੋਚ ਗੁਰਵਿੰਦਰ ਕੌਰ ਤੇ ਤੇਜਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਤਿੰਨ ਉਮਰ ਵਰਗ ਦੀਆਂ ਟੀਮਾਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਅੰਡਰ-14, ਅੰਡਰ 19 ਅਤੇ ਅੰਡਰ 25 ਉਮਰ ਵਰਗ ਦੇ ਖਿਡਾਰੀ ਸ਼ਾਮਲ ਹੋਏ।

ਇਸ ਮੌਕੇ ਇਸ ਮੌਕੇ ਸੰਤ ਲੀਡਰ ਸਿੰਘ ਤੇ ਸੰਤ ਗੁਰਮੇਜ ਸਿੰਘ ਸੈਦਰਾਣਾ ਸਾਹਿਬ, ਸੰਤ ਸੁਖਜੀਤ ਸਿੰਘ ਸੀਚੇਵਾਲ, ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ, ਸਰਪੰਚ ਤੀਰਥ ਸਿੰਘ, 'ਆਪ' ਆਗੂ ਰਤਨ ਸਿੰਘ ਕਾਕੜ ਕਲਾਂ, ਹਰਜਿੰਦਰ ਸਿੰਘ ਤੇ ਹੋਰ ਬਹੁਤ ਸ਼ਖ਼ਸੀਅਤਾਂ ਹਾਜ਼ਰ ਸਨ।

# ਸਿੱਖ ਮਾਨਸਿਕਤਾ 'ਚ ਵੱਖਰਾ ਦੇਸ਼ ਬਣਾਉਣ ਦੀ ਤਾਂਘ ਉਬਾਲ਼ੇ ਮਾਰ ਰਹੀ ਹੈ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

## ਦਰਬਾਰ ਸਾਹਿਬ 'ਤੇ ਹਮਲਾ ਇੱਕ ਪਾਰਟੀ ਨੇ ਨਹੀਂ, ਪੂਰੇ ਭਾਰਤੀ ਰਾਜਤੰਤਰ ਨੇ ਕੀਤਾ ਸੀ




ਅੰਮ੍ਰਿਤਸਰ : ਜੂਨ 1984 ਦੇ ਤੀਜੇ ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਭਾਈ ਅੰਗਦ ਸਿੰਘ ਕਸ਼ਮੀਰ ਦੀ ਅਗਵਾਈ ਵਿੱਚ ਸਿੱਖ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸ਼ਹੀਦੀ ਯਾਦਗਾਰ ਕੋਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਜਨਰਲ ਸੁਬੇਗ ਸਿੰਘ ਅਤੇ ਸ਼ਹੀਦ ਬਾਬਾ ਥਾਹਰਾ ਸਿੰਘ ਦੀਆਂ ਤਸਵੀਰਾਂ ਵਾਲੇ ਪੋਸਟਰ-ਬੈਨਰ ਲਹਿਰਾਏ ਤੇ ਖ਼ਾਲਿਸਤਾਨ ਦੇ ਪੱਖ 'ਚ ਜਬਰਦਸਤ ਨਾਅਰੇਬਾਜ਼ੀ ਕੀਤੀ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪ੍ਰਭੂਸੱਤਾ ਅਤੇ ਅਜ਼ਾਦੀ ਦਾ ਸੰਕਲਪ ਸਾਡੇ ਧਾਰਮਿਕ ਸਿਧਾਂਤਾਂ ਨਾਲ ਜੁੜਿਆ ਹੈ ਅਤੇ ਆਪਣਾ ਵੱਖਰਾ ਦੇਸ਼ ਬਣਾਉਣ ਦੀ ਤਾਂਘ ਸਿੱਖ ਮਾਨਸਿਕਤਾ ਦਾ ਹਮੇਸ਼ਾਂ ਹਿੱਸਾ ਰਹੀ ਹੈ ਤੇ ਹੁਣ ਉਬਾਲ਼ੇ ਮਾਰ ਰਹੀ ਹੈ। ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਨਾਲ ਸਿੱਖਾਂ ਦਾ ਭਾਰਤ ਨਾਲੋਂ ਰਿਸ਼ਤਾ ਟੁੱਟ ਗਿਆ ਤੇ ਖ਼ਾਲਿਸਤਾਨ ਦੀ ਨੀਂਹ ਰੱਖੀ ਗਈ ਜਿਸ ਦੀ ਅਜ਼ਾਦੀ ਲਈ ਸੰਘਰਸ਼ ਜਾਰੀ ਹੈ। ਉਹਨਾਂ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲਾ ਕਿਸੇ ਇੱਕ ਪਾਰਟੀ ਵੱਲੋਂ ਨਹੀਂ ਬਲਕਿ ਪੂਰੇ ਭਾਰਤ ਦੇ ਰਾਜਤੰਤਰ ਨੇ ਕੀਤਾ ਸੀ ਜਿਸ ਦੀ ਅਗਵਾਈ ਕਾਂਗਰਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤੀ ਤੇ ਭਾਜਪਾ, ਆਰ ਐਸ ਐਸ, ਕਾਮਰੇਡ, ਅਖੌਤੀ ਅਕਾਲੀਆਂ ਅਤੇ ਭਾਰਤ ਦੇ ਸਮੁੱਚੇ ਫ਼ਿਰਕੂ ਹਿੰਦੂਤਵੀਆਂ ਨੇ ਸਮਰਥਨ ਦਿੱਤਾ। ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਅਤੇ ਹੋਰ ਸਿੰਘਾਂ-ਸਿੰਘਣੀਆਂ ਦੀਆਂ ਸ਼ਹੀਦੀਆਂ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹੋਈਆਂ ਹਨ।

ਘੱਲੂਘਾਰੇ ਦਿਹਾੜੇ 'ਤੇ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸਿੰਘਾਂ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ, ਸ਼ਹੀਦ ਭਾਈ ਅਮਰੀਕ ਸਿੰਘ ਅਮਰ ਰਹੇ, ਜਰਨਲ ਸ਼ਬੇਗ ਸਿੰਘ ਜ਼ਿੰਦਾਬਾਦ, ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ, ਰਾਜ ਕਰੇਗਾ ਖ਼ਾਲਸਾ, ਪੰਥ ਕੀ ਜੀਤ, ਅਕਾਲ ਤਖ਼ਤ ਤੋਂ ਆਈ ਅਵਾਜ਼ ਖ਼ਾਲਿਸਤਾਨ ਜ਼ਿੰਦਾਬਾਦ, ਭਿੰਡਰਾਂਵਾਲਿਆਂ ਬੱਬਰ ਸ਼ੇਰਾ ਸੁਪਨਾ ਪੂਰਾ ਕਰਾਂਗੇ ਤੇਰਾ, ਭਿੰਡਰਾਂਵਾਲਾ ਸੰਤ ਸਿਪਾਹੀ ਜਿੰਨੇ ਸੁੱਤੀ ਕੌਮ ਜਗਾਈ, ਸਾਡੀ ਜ਼ਿੰਦ ਸਾਡੀ ਜਾਨ ਖ਼ਾਲਿਸਤਾਨ ਆਦਿ ਨਾਅਰੇ ਪੂਰੇ ਗਰਮਜੋਸ਼ੀ ਨਾਲ ਲਗਾਏ ਜਿਸ ਨਾਲ ਮਾਹੌਲ ਬੇਹੱਦ ਪ੍ਰਭਾਵਸ਼ਾਲੀ ਅਤੇ ਜੋਸ਼ੀਲਾ ਬਣ ਗਿਆ। ਇਸ ਮੌਕੇ ਭਾਈ ਸੁਖਚੈਨ ਸਿੰਘ ਗੋਪਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਪਰਮਿੰਦਰ ਸਿੰਘ ਮੁਕੇਰੀਆਂ, ਭਾਈ ਸੁਰਜੀਤ ਸਿੰਘ ਖ਼ਾਲਿਸਤਾਨੀ ਆਦਿ ਹਾਜ਼ਰ ਸਨ।

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਧਾਲੀਵਾਲ ਪਰਿਵਾਰ ਨੂੰ ਭਾਈ ਸਦਮਾ

# ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ੍ਰ. ਮਲਕੀਤ ਸਿੰਘ ਧਾਲੀਵਾਲ ਨਹੀਂ ਰਹੇ



**ਸਵ. ਸ੍ਰ. ਮਲਕੀਤ ਸਿੰਘ ਧਾਲੀਵਾਲ**

**15 ਜਨਵਰੀ 1930 - 20 ਮਈ 2023**

ਧਾਲੀਵਾਲ ਪਰਿਵਾਰ ਅਤੇ ਸ੍ਰ. ਪਾਲ ਸਿੰਘ ਧਾਲੀਵਾਲ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਸਤਿਕਾਰਯੋਗ ਪਿਤਾ ਸਵਰਗਵਾਸੀ ਸ੍ਰ. ਮਲਕੀਤ ਸਿੰਘ ਧਾਲੀਵਾਲ ਜੋ ਕਿ ਮਿਤੀ 20 ਮਈ 2023 ਦਿਨ ਸ਼ੁੱਕਰਵਾਰ ਨੂੰ ਅਕਾਲ ਚਲਾਣਾ ਕਰ ਗਏ। ਉਹ 93 ਸਾਲ ਦੇ ਸਨ। ਉਹ ਆਪਣੇ ਪਿਛੇ ਆਪਣੀ ਧਰਮ ਪਤਨੀ ਸ੍ਰੀਮਤੀ ਸਤਵਿੰਦਰ ਕੌਰ ਮਾਂਗਟ, ਅਵਤਾਰ ਸਿੰਘ ਧਾਲੀਵਾਲ, ਨਿਰਪਾਲ ਸਿੰਘ ਧਾਲੀਵਾਲ ਛੱਡ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ੍ਰ. ਮਲਕੀਤ ਸਿੰਘ ਧਾਲੀਵਾਲ ਜੀ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਸ੍ਰ. ਮਲਕੀਤ ਸਿੰਘ ਧਾਲੀਵਾਲ ਅੱਜ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ

**FUNERAL**

SATURDAY, JUNE 10TH, 2023

12:00 - 1:30PM, CREMATION: 1:45PM

CHAPEL OF THE CHIMES FUNERAL HOME (32992 MISSION BLVD., CA 94544)

**AKHAND PATH BHOG AND KIRTAN:**

2:30 - 4:30PM (AT FREMONT GURUDWARA)

LANGAR WILL BE AFTERWARDS

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਸਪੁੱਤਰ ਅਵਤਾਰ ਸਿੰਘ ਧਾਲੀਵਾਲ, ਨਿਰਪਾਲ ਸਿੰਘ ਧਾਲੀਵਾਲ**

**408-655-9383**

# ਰੇਲ ਹਾਦਸਿਆਂ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

## *ਹਾਦਸਾਗ੍ਰਸਤ ਲੋਕਾਂ ਨਾਲ ਪੂਰਨ ਹਮਦਰਦੀ ਪ੍ਰਗਟਾਈ*

ਅੰਮ੍ਰਿਤਸਰ : ਓਡੀਸ਼ਾ ਦੇ ਜ਼ਿਲਾ ਬਾਲਾਸੋਰ ਦੇ ਮਹਾਨਗਰ 'ਚ ਬੈਂਗਲੁਰੂ ਹਾਵੜਾ ਸੁਪਰਫਾਸਟ ਐਕਸਪ੍ਰੈਸ ਤੇ ਕੋਰੋਮੰਡਲ ਐਕਸਪ੍ਰੈਸ ਅਤੇ ਇਕ ਮਾਲ ਗੱਡੀ ਦਰਮਿਆਨ ਵੱਖ-ਵੱਖ ਪਟੜੀਆਂ ਤੇ ਵਾਪਰੀ ਤ੍ਰੈਮਾਰਗੀ ਰੇਲ ਹਾਦਸੇ ਵਿੱਚ ਸੈਂਕੜੇ ਤੋਂ ਵੱਧ ਲੋਕਾਂ ਦੀ ਮੌਤ ਅਤੇ ਕਈ ਸੈਂਕੜੇ ਲੋਕ ਜ਼ਖ਼ਮੀ ਹੋ ਗਏ ਹਨ ਇਸ ਸਬੰਧੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਜਖਮੀਆਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਜਲਦ ਸੇਹਤਯਾਬ ਹੋਣ ਦੀ ਕਾਮਨਾ ਕੀਤੀ ਹੈ।



ਉਨ੍ਹਾਂ ਕਿਹਾ ਕਿ ਅੱਜ ਦੀ ਤਕਨਾਲੋਜੀ ਬਹੁਤ ਅਗਾਂਹਵਧੂ ਤੇ ਸੂਚਨਾਦਾਇਕ ਹੋਣ ਦੇ ਬਾਵਜੂਦ ਅਜਿਹੇ ਹਾਦਸੇ ਦੁਖਦਾਇਕ ਹਨ। ਉਨ੍ਹਾਂ ਕਿਹਾ ਕਿ ਤਿੰਨ ਤਿੰਨ ਰੇਲ ਗੱਡੀਆਂ ਦਾ ਹਾਦਸਾ ਇਕੋ ਸਮੇਂ ਬੇਹੱਦ ਅਫਸੋਸਜਨਕ ਤੇ ਮਹਿਕਮੇ ਦੀ ਅਗਾਂਹਵਧੂ ਵਿਗਿਆਨਕ ਤਕਨੋਲਜ਼ੀ ਸਬੰਧੀ ਕਈ ਤਰ੍ਹਾਂ ਦੇ ਸਵਾਲ ਖੜੇ ਕਰਦਾ ਹੈ। ਉਨ੍ਹਾਂ ਕਿਹਾ ਕਿ ਰੇਲ ਮੰਤਰੀ ਵੱਲੋਂ ਮ੍ਰਿਤਕਾਂ ਦੇ ਪ੍ਰੀਵਾਰਾਂ ਨੂੰ ਜੋ ਰਾਸ਼ੀ ਦਾ ਐਲਾਨ ਕੀਤਾ ਗਿਆ ਹੈ ਉਸ ਨਾਲ ਹਾਦਸੇ ਵਿਚ ਮਾਰੇ ਗਏ ਲੋਕਾਂ ਦੀ ਭਰਪਾਈ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਨ੍ਹਾਂ ਰੇਲ ਹਾਦਸਿਆਂ ਦੀ ਉਚ ਪੱਧਰੀ ਜਾਂਚ ਕਰਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਮ੍ਰਿਤਕਾਂ ਦੇ ਪ੍ਰੀਵਾਰਾਂ ਨਾਲ ਦੁਖ ਸਾਂਝਾ ਕਰਦਿਆਂ ਜਖਮੀਆਂ ਦੀ ਸੇਹਤਯਾਬੀ ਦੀ ਕਾਮਨਾ ਕੀਤੀ ਹੈ।

# ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਘੱਲੂਘਾਰੇ ਸਮੇਂ ਅਰਦਾਸ 'ਚ ਵਿਸ਼ੇਸ਼ ਤੌਰ 'ਤੇ ਕੀਤੀ ਸ਼ਮੂਲੀਅਤ

ਅੰਮ੍ਰਿਤਸਰ : ਜੂਨ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਹ ਤੇ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਫੌਜੀ ਹਮਲੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਅਤੇ ਬੇਗਿਣਤ ਸ਼ਹੀਦ ਹੋਏ ਸਿੰਘ ਸਿੰਘਣੀਆਂ ਭੁਜੰਗੀਆਂ ਦੀ 39ਵੀਂ ਯਾਦ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੁੜੇ ਗੁਰਮਤਿ ਸਮਾਗਮ ਸਮੇਂ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼ ?ੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ। ਉਨ੍ਹਾਂ ਆਪਣੀ ਮਨੋਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ 1984 ਸਮੇਂ ਭਾਰਤੀ ਸਰਕਾਰ ਦੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨਾ



ਵੱਡੀ ਭੁੱਲ ਸੀ। ਇਸ ਹਮਲੇ ਸਮੇਂ ਵੱਡੀ ਗਿਣਤੀ ਵਿਚ ਸਿੱਖ ਕੌਮ ਦੇ ਮਰਜੀਵੜੇ ਸਿੱਖ, ਸਿੰਘ ਸ਼ਹੀਦ ਹੋਏ ਜਿਨ੍ਹਾਂ ਦੀ 39 ਵੀਂ ਯਾਦ ਤਾਜ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਇਤਿਹਾਸ ਵਿਚ ਇਸ ਘੱਲੂਘਾਰੇ ਦੀ ਯਾਦ ਹਰ ਸਾਲ ਤਾਜ਼ਾ ਹੁੰਦੀ ਰਹੇਗੀ ਅਤੇ ਸਿੱਖ ਕੌਮ ਉਸ ਸਮੇਂ ਕੇਂਦਰ ਵਿੱਚ ਬੈਠੇ ਹਾਕਮਾਂ ਨੂੰ ਕਦਾਚਿਤ ਮੁਆਫ ਨਹੀਂ ਕਰੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਕੌਮ ਹੀ ਆਪਣੇ ਸ਼ਹੀਦਾਂ, ਘੱਲੂਘਾਰਿਆਂ, ਸਾਕਿਆਂ ਦੇ ਦਿਨ ਦਿਹਾੜੇ ਪੂਰੀ ਊਰਜਾ ਤੇ ਚੜ੍ਹਦੀਕਲਾ ਨਾਲ ਮਨਾਉਂਦੀ ਹੈ।

# ਸਰਕਾਰਾਂ ਬਿਨ੍ਹਾਂ ਸ਼ਰਤ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

## *ਸਿੱਖਾਂ ਤੇ ਹਮਲੇ ਦੇਸ਼ ਲਈ ਖ਼ਤਰਨਾਕ*

ਦਮਦਮਾ ਸਾਹਿਬ (ਤਲਵੰਡੀ ਸਾਬੋ) : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਨਿਹੰਗ ਸਿੰਘਾਂ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਸਰਕਾਰਾਂ ਦੀ ਬੇਇਨਸਾਫੀ ਤੇ ਤਾਨਾਸ਼ਾਹੀ ਦੇ ਸ਼ਿਕਾਰ ਹੋਏ ਖਾਲਸਾ ਪੰਥ ਦੇ ਸੂਰਬੀਰ ਸਿੰਘ ਜੋ ਆਪਣੀਆਂ ਸਜਾਵਾਂ ਵੀ ਕਾਨੂੰਨੀ ਪੱਧਰ ਤੇ ਪੂਰੀਆਂ ਕਰ ਚੁੱਕੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਜਾ ਰਿਹਾ ਤੇ ਬੰਦੀ ਬਣਾ ਕੇ ਰੱਖੇ ਹੋਏ ਹਨ। ਕੇਂਦਰ ਅਤੇ ਵੱਖ-ਵੱਖ ਪ੍ਰਾਂਤਾਂ ਨਾਲ ਸਬੰਧਤ ਸਰਕਾਰਾਂ ਨੂੰ ਬਿਨ੍ਹਾਂ ਸ਼ਰਤ ਇਨ੍ਹਾਂ ਬੰਦੀ ਸਿੰਘਾਂ ਨੂੰ ਸ਼ੀਘਰ ਰਿਹਾਅ ਕਰਨਾ ਚਾਹੀਦਾ ਹੈ। ਦੇਰ ਨਾਲ ਮਿਲਿਆ ਇਨਸਾਫ ਵੀ ਬੇਇਨਸਾਫੀ ਹੀ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਅਨੇਕਾਂ ਸਿੰਘਾਂ ਤੇ ਝੂਠੇ ਮੁਕੱਦਮੇ ਦਰਜ ਕਰਕੇ ਜੇਲ੍ਹਾਂ ਵਿੱਚ ਧੱਕ ਤੇ ਡੱਕ ਦਿੱਤੇ ਗਏ, ਉਹ ਕਈ ਦਹਾਕਿਆਂ ਤੋਂ ਇਨਸਾਫ ਲਈ ਲੜਦੇ, ਮੁਕੱਦਮਿਆਂ ਦੀ ਮੱਦਾਂ ਨੂੰ ਝੂਠੀਆਂ ਸਾਬਤ ਕਰਦਿਆਂ ਜੇਹਲਾਂ ਵਿਚ ਸਜ਼ਾ ਜਾਬਤਾ ਸਮਾਂ ਵੀ ਪੂਰਾ ਕਰ ਚੁੱਕੇ ਹਨ, ਪਰ ਸਰਕਾਰਾਂ ਦੀ ਘੋਰ ਬੇਵਫਾਈ ਕਿ ਉਨ੍ਹਾਂ ਨੂੰ ਅੱਜ ਵੀ ਰਿਹਾਈ ਨਹੀਂ ਮਿਲੀ। ਸਰਕਾਰਾਂ ਜਮਹੂਰੀਅਤ ਦਾ ਦਾਅਵਾ ਕਰਦੀਆਂ ਅਸਲ ਵਿੱਚ ਉਹ ਆਪ ਹੀ ਲੋਕਤੰਤਰੀ ਢਾਂਚੇ ਦਾ ਗਲਾ ਘੁੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਉਪਰ ਭਾਰਤੀ ਫੌਜ ਤੇ ਉਸ ਵੇਲੇ ਦੀ ਹਕੂਮਤ ਵੱਲੋਂ ਕੀਤਾ ਗਏ ਹਮਲੇ ਦੀ ਚੀਸ ਅਜੇ ਵੀ ਸਿੱਖ ਸਮਾਜ ਨੂੰ ਸੌਣ ਨਹੀਂ ਦੇਂਦੀ। ਉਨ੍ਹਾਂ ਕਿਹਾ ਕਿ ਦੇਸ਼ ਪੰਜਾਬ ਅੰਦਰ ਹਲਾਤ ਸਾਂਤੀ ਪੂਰਨ ਰੱਖਣ ਲਈ ਸਾਰੇ ਬੇਕਸੂਰ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਤੇ ਪਿਛਲੇ ਇਤਿਹਾਸ ਤੋਂ ਵੀ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਵੱਖ-ਵੱਖ ਸੂਬਿਆਂ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਤੇ ਹੋ ਰਹੇ ਹਮਲੇ ਬਹੁਤ ਖ਼ਤਰਨਾਕ ਤੇ ਦੇਸ਼ ਲਈ ਸੰਵੇਦਨਸ਼ੀਲ ਹਨ। ਉਨ੍ਹਾਂ ਕਿਹਾ ਮਹਾਂਰਾਸਟਰ ਤੇ ਉਤਰਪ੍ਰਦੇਸ਼ ਵਿੱਚ ਜਨੂੰਨੀ ਹਮਲਿਆਂ ਨੇ ਸਿੱਖਾਂ ਵਿਚ ਦਹਿਸ਼ਤ ਪੈਦਾ ਕੀਤੀ ਹੈ। ਇਸ ਦੇ ਸਿੱਟੇ ਕਦਾਚਿਤ ਸਾਂਤੀ ਪੂਰਨ ਕਿਵੇਂ ਹੋ ਸਕਦੇ ਹਨ। ਜਿਥੇ ਮਸੂਮ ਸਿੱਖ ਬੱਚਿਆਂ ਨੂੰ ਕੋਹ ਕੋਹ ਕੇ ਮਾਰ ਦਿਤਾ ਗਿਆ ਹੈ ਇਹ ਭਾਰਤ ਦੇ ਲੋਕਤੰਤਰੀ ਨਿਜ਼ਾਮ ਦੇ ਮੂੰਹ ਤੇ ਚਪੇੜ ਅਤੇ ਵੱਡਾ ਧੱਬਾ ਹੈ।

# ਦੇਸ ਧ੍ਰੋਹ ਮੱਦ ਸਬੰਧੀ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਭਾਵਨਾ ਵਿਰੁੱਧ: ਬਾਬਾ ਬਲਬੀਰ ਸਿੰਘ

ਸ੍ਰੀ ਅਨੰਦਪੁਰ ਸਾਹਿਬ : ਮੌਜੂਦਾ ਦੇਸ ਧ੍ਰੋਹ ਕਾਨੂੰਨੀ ਮੱਦ ਵਿਚਲੀਆਂ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਭਾਵਨਾ ਦੇ ਵਿਰੁੱਧ ਹਨ। ਸਰਕਾਰਾਂ ਨੇ ਸਮੇਂ ਸਮੇਂ ਇਸ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸਮੇਂ ਸਮੇਂ ਕਾਨੂੰਨਾਂ ਦੀ ਵਿਆਖਿਆਂ, ਸੋਧ ਅਤੇ ਵਾਧਘਾਟ ਹੁੰਦੀ ਆਈ ਹੈ। ਅੰਗਰੇਜ਼ੀ ਹਕੂਮਤ ਸਮੇਂ ਬਨਾਏ ਕਾਨੂੰਨ ਬਾਜ਼ੀਰਾਬ ਏ ਹਿੰਦ ਆਈ ਪੀ ਸੀ ਭਾਰਤੀ ਦੰਡ ਨਿਯਮਾਂਵਲੀ ਵਿਚ ਵੱਖ-ਵੱਖ ਤਰ੍ਹਾਂ ਦੇ ਅਪਰਾਧਾਂ ਨੂੰ ਪਰਿਭਾਸ਼ਿਤ ਕਰਕੇ ਸਜ਼ਾ ਨਿਸ਼ਚਿਤ ਕੀਤੀ ਗਈ ਸੀ। ਇਸ ਵਿਚ ਲੋਕਾਂ ਦੁਆਰਾ ਸਰਕਾਰ ਵਿਰੁੱਧ ਵਿਦਰੋਹ, ਦੇਸ਼ ਧ੍ਰੋਹ ਜਾਂ ਅਪਰਾਧ ਵਿਆਖਿਆ ਨਹੀਂ ਸੀ। 1870 ਵਿਚ ਦੇਸ਼ ਧ੍ਰੋਹ ਬਾਰੇ 124 ਏ ਪਾਈ ਗਈ।

ਉਨ੍ਹਾਂ ਕਿਹਾ ਅਜ਼ਾਦੀ ਤੋਂ ਬਾਅਦ ਪੰਜਾਬ ਹਾਈਕੋਰਟ ਨੇ 1951 ਅਤੇ ਅਲਾਹਾਬਾਦ ਹਾਈਕੋਰਟ ਨੇ 1959 ਵਿਚ ਇਸ ਕਾਨੂੰਨ ਨੂੰ ਅਸੰਵਿਧਾਨਕ ਦਸਿਆ। ਏਸੇ ਤਰ੍ਹਾਂ 1962 ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਿਆਸੀ ਪਾਰਟੀਆਂ ਸਿਆਸਤਦਾਨਾ ਅਤੇ ਹੋਰ ਲੋਕਾਂ ਦੁਆਰਾ ਸਰਕਾਰ ਦੀ ਅਲੋਚਨਾ ਕਰਨੀ ਗ਼ੈਰ ਕਾਨੂੰਨੀ ਨਹੀਂ ਹੈ। ਜਵਾਹਰ ਲਾਲ ਨਹਿਰੂ ਨੇ 1961 ਵਿਚ ਇਸ ਕਾਨੂੰਨ ਨੂੰ ਰੱਦ ਕਰਨ ਦੀ ਵਕਾਲਤ ਕੀਤੀ ਸੀ। ਪਰ 1973 ਵਿਚ ਇੰਦਰਾਗਾਂਧੀ ਦੀ ਸਰਕਾਰ ਸਮੇਂ ਇਹ ਕਾਨੂੰਨ ਹੋਰ ਸਖ਼ਤ ਬਨਾ ਦਿਤਾ ਗਿਆ।

ਉਨ੍ਹਾਂ ਕਿਹਾ ਦੇਸ ਧ੍ਰੋਹ ਕਾਨੂੰਨ ਦੀ ਅਲੋਚਨਾ ਇਸ ਲਈ ਹੁੰਦੀ ਰਹੀ ਹੈ ਕਿਉਂ ਕਿ ਕਾਨੂੰਨ ਮਾਹਿਰਾਂ ਅਨੁਸਾਰ ਇਹ ਕਾਨੂੰਨ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੀ ਭਾਵਨਾ ਦੇ ਵਿਰੁੱਧ ਹੈ। ਸਰਕਾਰਾਂ ਇਸ ਦੀ ਦੁਰਵਰਤੋਂ ਕਰਦੀਆਂ ਹਨ। ਸਰਕਾਰਾਂ ਆਪਣੇ ਵਿਰੁੱਧ ਦਿੱਤੇ ਗਏ ਭਾਸ਼ਾਣਾਂ ਤੇ ਵਿਚਾਰਾਂ ਨੂੰ ਦੇਸ ਧ੍ਰੋਹ ਦੇ ਦਾਇਰੇ ਵਿਚ ਲਿਆ ਕੇ ਆਪਣੇ ਸਿਆਸੀ ਵਿਰੋਧੀਆਂ ਅਤੇ ਅਲੋਚਕਾਂ ਨੂੰ ਨਜ਼ਰ ਬੰਦ ਕਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਸੁਪਰੀਮ ਕੋਰਟ ਨੇ ਕਈ ਵਾਰ ਕਈ ਫੈਸਲਿਆਂ ਵਿਚ ਸਪੱਸ਼ਟ ਕੀਤਾ ਹੈ ਕਿ ਸਰਕਾਰਾਂ ਦੀ ਅਲੋਚਨਾ ਜਾਂ ਵਿਰੁੱਧ ਦੇਸ ਧ੍ਰੋਹ ਨਹੀਂ ਹੈ।

ਉਨ੍ਹਾਂ ਕਿਹਾ ਕਿ ਵੱਖ-ਵੱਖ ਹਾਈਕੋਰਟ ਅਦਾਲਤਾਂ ਵਿਚ ਵੱਖ-ਵੱਖ ਫੈਸਲੇ ਸਾਹਮਣੇ ਆ ਰਹੇ ਹਨ। ਕਰਨਾਟਕ ਹਾਈਕੋਰਟ ਧਾਰਾ 124 ਏ ਆਈ ਪੀ ਸੀ ਵਿਚ ਕਾਇਮ ਰੱਖਣ ਤੇ ਇਸ ਵਿਚ ਹੋਰ ਸਜ਼ਾ ਵਧਾਉਣੀ ਚਾਹੀਦੀ ਹੈ ਬਾਰੇ ਕਹਿ ਦਿਤਾ ਹੈ। ਉਨ੍ਹਾਂ ਕਿਹਾ ਮੌਜੂਦਾ ਧਾਰਾ ਵਿਚ ਕੋਈ ਭਾਸਣ ਦਿੰਦਾ ਜਾਂ ਲੇਖ ਲਿਖਦਾ ਹੈ ਨੂੰ ਅਪਰਾਧੀ ਮੰਨਿਆ ਜਾਂਦਾ ਹੈ। ਲਾਅ ਕਮਿਸ਼ਨ ਨੇ ਇਸ ਕਨੂੰਨ ਦੀ ਦੁਰਵਰਤੋਂ ਕਰਨ ਲਈ ਕਈ ਸੁਝਾਅ ਦਿਤੇ ਹਨ।ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ 2018 ਵਿਚ ਕਾਨੂੰਨ ਕਮਿਸ਼ਨ ਦੀ ਰਾਏ ਸੀ ਕਿ ਸਰਕਾਰ ਨਾਲ ਅਸਹਿਤੀ ਜਾਂ ਅਲੋਚਨਾ ਦੇਸ਼ ਧ੍ਰੋਹ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸੁਪਰੀਮ ਕੋਰਟ ਦੁਆਰਾ ਕਨੂੰਨ ਮੁਅੱਤਲ ਕਰਨ ਦੇ ਸੰਕੇਤ ਦਿੱਤੇ ਸਨ ਕਿ ਇਹ ਕਨੂੰਨ ਸਮਾਂ ਵਿਹਾਅ ਚੁੱਕਾ ਹੈ ਇਸ ਦੀ ਦੁਰਵਰਤੋਂ ਹੋ ਰਹੀ ਹੈ। ਕਨੂੰਨ ਕਮਿਸ਼ਨ ਦੀ ਸਿਫਾਰਸ਼ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕਨੂੰਨ ਸਰਕਾਰ ਦੀਆਂ ਮਨਮਰਜ਼ੀਆਂ ਤੇ ਧੱਕੇਸ਼ਾਹੀ ਨੂੰ ਬੜਾਵਾ ਵੀ ਦਿੰਦੇ ਹਨ, ਲੋਕਤੰਤਰ ਦੀ ਵਿਵਸਥਾ ਕਮਜ਼ੋਰ ਹੁੰਦੀ ਹੈ।

# ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਦੀ ਰਿਹਾਇਸ਼ 'ਤੇ ਵਿਜੀਲੈਂਸ ਦਾ ਛਾਪਾ

ਦੇਵੀਗੜ੍ਹ : ਸਾਬਕਾ ਸੰਸਦ ਮੈਂਬਰ ਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਦੇ ਪਟਿਆਲਾ ਸਥਿਤ ਘਰ 'ਤੇ ਅੱਜ ਵਿਜੀਲੈਂਸ ਟੀਮ ਵੱਲੋਂ ਛਾਪਾ ਮਾਰਿਆ ਗਿਆ। ਟੀਮ ਵੱਲੋਂ ਤਿੰਨ ਘੰਟੇ ਦੇ ਕਰੀਬ ਘਰ ਦੀ ਤਲਾਸ਼ੀ ਲਈ ਗਈ ਪਰ ਸਿੰਗਲਾ ਮੌਕੇ 'ਤੇ ਮੌਜੂਦ ਨਹੀਂ ਸਨ। ਵਿਜੀਲੈਂਸ ਟੀਮ ਨੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਸਿੰਗਲਾ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਜਾਂਚ ਦੇ ਘੇਰੇ 'ਚ ਹਨ।



ਵਿਜੈਇੰਦਰ ਸਿੰਗਲਾ ਪਟਿਆਲਾ ਤੋਂ ਸੰਸਦ ਮੈਂਬਰ ਰਹੇ ਸੰਤ ਰਾਮ ਸਿੰਗਲਾ ਦੇ ਪੁੱਤਰ ਹਨ। ਸੰਤ ਰਾਮ ਸਿੰਗਲਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਪੀਏ ਵੀ ਰਹੇ ਹਨ। ਵਜੈਇੰਦਰ ਸਿੰਗਲਾ ਸੰਗਰੂਰ ਤੋਂ ਸੰਸਦ ਮੈਂਬਰ ਤੇ ਕਾਂਗਰਸ ਸਰਕਾਰ 'ਚ ਕੈਬਨਿਟ ਮੰਤਰੀ ਵੀ ਰਹੇ ਹਨ

# ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਵੱਲੋਂ ਸਾਕਾ ਨੀਲਾ ਤਾਰਾ ਦੇ ਦਸਤਾਵੇਜ਼ ਜਨਤਕ ਕਰਨ ਦੀ ਮੰਗ

ਨਵੀਂ ਦਿੱਲੀ : ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸਾਕਾ ਨੀਲਾ ਤਾਰਾ ਦੇ ਨਾਲ ਸਬੰਧਤ ਸਾਰੇ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧ ਵਿਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਦਫਤਰ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਅਪੀਲ ਕੀਤੀ ਹੈ। ਸ੍ਰੀ ਸਾਹਨੀ ਨੇ ਆਪਣੀ ਅਪੀਲ ਵਿੱਚ ਕਿਹਾ ਕਿ ਇਸ ਸਬੰਧੀ ਫਾਈਲਾਂ ਆਮ ਲੋਕਾਂ ਦੀ ਪਹੁੰਚ ਵਿਚ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਸਾਕਾ ਨੀਲਾ ਤਾਰਾ ਦੌਰਾਨ ਹੋਏ ਕਤਲੇਆਮ ਦੀ ਅਸਲੀਅਤ ਲੋਕਾਂ ਦੇ ਸਾਹਮਣੇ ਆ ਸਕੇ। ਉਨ੍ਹਾਂ ਕਿਹਾ ਕਿ 'ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਹਜਾਰਾਂ ਸ਼ਰਧਾਲੂਆਂ ਦਾ ਕਤਲ, ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਦੀ ਭੰਨਤੋੜ, ਅਜਾਇਬ ਘਰ ਅਤੇ ਤੋਸ਼ਾਖਾਨੇ ਦੀ ਤਬਾਹੀ, ਵਿਰਾਸਤ ਅਤੇ ਇਤਿਹਾਸ ਨਾਲ ਸਬੰਧਤ ਗ੍ਰੰਥਾਂ




ਅਤੇ ਰਿਕਾਰਡਾਂ ਨੂੰ ਨਸ਼ਟ ਕਰਨ ਦੇ ਨਾਲ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ ਸੀ। ਇਸ ਫੌਜੀ ਹਮਲੇ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਜ਼ਰੂਰੀ ਹੈ ਕਿ ਸਬੰਧਤ ਸਾਰੇ ਦਸਤਾਵੇਜ਼ ਜਨਤਕ ਕੀਤੇ ਜਾਣ। ਇਸ ਫੌਜੀ ਅਪਰੇਸ਼ਨ ਦੇ ਪਿੱਛੇ ਦੀ ਸਚਾਈ ਦੀ ਜਾਣਕਾਰੀ ਹਾਸਿਲ ਕਰਨ ਲਈ 39 ਸਾਲ ਦਾ ਇੰਤਜ਼ਾਰ ਬਹੁਤ ਲੰਬਾ ਹੈ। ਉਨ੍ਹਾਂ ਨੇ ਦਸਤਾਵੇਜ਼ਾਂ ਨੂੰ ਜਨਤਕ ਕਰਨ ਅਤੇ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ 39 ਸਾਲ ਪਹਿਲਾ ਜੋ ਕੁਝ ਵਾਪਰਿਆ ਸੀ , ਉਸਨੂੰ ਭੁੱਲਣਾ ਅਸੰਭਵ ਹੈ, ਪਰ ਦਸਤਾਵੇਜ਼ਾਂ ਦੇ ਜਨਤਕ ਹੋਣ ਨਾਲ ਸੱਚਾਈ ਸਾਹਮਣੇ ਆ ਜਾਵੇਗੀ। ਇ ਸ ਨਾਲ ਦੇਸ਼ ਅਤੇ ਦੁਨੀਆ ਨੂੰ ਪਤਾ ਲੱਗ ਜਾਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਇਸ ਮੰਦਭਾਗੀ ਕਾਰਵਾਈ ਲਈ ਕਿਹੜੀ ਸਾਜ਼ਿਸ਼ ਰਚੀ ਗਈ ਸੀ ਅਤੇ ਕਿਸ ਤਰ੍ਹਾਂ ਇਸ ਨੂੰ ਅੰਜਾਮ ਦਿੱਤਾ ਗਿਆ ਸੀ।

# ਸਿੱਖਾਂ 'ਤੇ ਹਮਲਿਆਂ ਖ਼ਿਲਾਫ਼ ਇਕਜੁੱਟ ਹੋਵੇ ਕੌਮ: ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

## ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ ਵਿਖੇ ਘੱਲੂਘਾਰਾ ਦਿਵਸ ਸ਼ਾਂਤੀਪੂਰਵਕ ਸਮਾਪਤ





ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ 1984 'ਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਅੱਜ ਘੱਲੂਘਾਰਾ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂਅ ਖਾਸ ਸੰਦੇਸ਼ ਦਿੱਤਾ। ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਅਤੇ ਹੋਰ ਹਮਲਿਆਂ ਦਾ ਨਿਆਂ ਹੁਕਮਰਾਨਾਂ ਕੋਲੋਂ ਮੰਗਣ ਦੀ ਲੋੜ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਸਮੁੱਚੀ ਸਿੱਖ ਸ਼ਕਤੀ ਇਕਜੁੱਟ ਹੋਵੇ, ਜਿਸ ਅੱਗੇ ਸਰਕਾਰਾਂ ਖੁਦ ਝੁਕਣ ਵਾਸਤੇ ਮਜਬੂਰ ਹੋਣਗੀਆਂ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਨੂੰ ਇੱਕਜੁਟ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ। ਇਹ ਘੱਲੂਘਾਰਾ ਸਿੱਖਾਂ ਦੇ ਦਿਲ 'ਤੇ ਲੱਗੇ ਗਹਿਰੇ ਜ਼ਖ਼ਮ ਹਨ। ਉਨ੍ਹਾਂ ਸਮੇਂ ਦੀਆਂ ਸਰਕਾਰਾਂ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ 1984 ਦਾ ਘੱਲੂਘਾਰਾ ਸਿੱਖਾਂ ਦੀ ਕਮਜ਼ੋਰੀ ਨਹੀਂ ਹੈ, ਬਲਕਿ ਇਸ ਨੂੰ ਯਾਦ ਕਰ ਕੇ ਕੌਮ ਹੋਰ ਮਜ਼ਬੂਤ ਹੁੰਦੀ ਹੈ।

ਸਮਾਗਮ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਇਸ ਤੋਂ ਪਹਿਲਾਂ ਇਕੱਠੇ ਹੋਏ ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਮਾਨ ਦਲ ਤੇ ਹੋਰ ਗਰਮਖਿਆਲੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਖਾਲਿਸਤਾਨ ਅਤੇ ਸੰਤ ਭਿੰਡਰਾਂਵਾਲਾ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੱਖਰੇ ਤੌਰ 'ਤੇ ਸ਼ਹੀਦੀ ਯਾਦਗਾਰ ਦੀਆਂ ਪੌੜੀਆਂ ਵਿੱਚ ਖੜ੍ਹੇ ਹੋ ਕੇ ਆਖਿਆ ਕਿ ਅੱਜ ਦਾ ਦਿਹਾੜਾ ਚਿੰਤਨ ਅਤੇ ਮੰਥਨ ਕਰਨ ਦਾ ਵੀ ਹੈ ਪਰ ਇਸ ਮੌਕੇ ਇੱਥੇ ਆਉਂਦੇ ਸਮੂਹ ਸਿੱਖ ਆਗੂ ਸਿਰਫ ਸਿਆਸੀ ਰੋਟੀਆਂ ਸੇਕ ਕੇ ਚਲੇ ਜਾਂਦੇ ਹਨ। ਅੱਜ ਤੱਕ ਕਦੇ ਵੀ ਭਵਿੱਖ ਦੀ ਚਿੰਤਾ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਫੌਜੀ ਹਮਲੇ ਤੋਂ ਸਬਕ ਸਿੱਖਣ ਦੀ ਲੋੜ ਹੈ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਸਾਰੇ ਰਸਤਿਆਂ ਅਤੇ ਆਲੇ-ਦੁਆਲੇ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਆਦਿ ਹਾਜ਼ਰ ਸਨ। ਦਲ ਖਾਲਸਾ ਵੱਲੋਂ ਦਿੱਤੇ ਗਏ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਸੱਦੇ ਦੇ ਤਹਿਤ ਅੱਜ ਸਵੇਰ ਤੋਂ ਹੀ ਸ਼ਹਿਰ ਦੇ ਅੰਦਰੂਨੀ ਅਤੇ ਬਾਹਰੀ ਇਲਾਕੇ ਵਿੱਚ ਦੁਕਾਨਾਂ, ਕਾਰੋਬਾਰੀ ਤੇ ਵਪਾਰਕ ਅਦਾਰੇ ਮੁਕੰਮਲ ਤੌਰ 'ਤੇ ਬੰਦ ਰਹੇ। ਉਥੇ ਹੀ ਕਿਸੇ ਵੀ ਸਿੱਖ ਜਥੇਬੰਦੀ ਵੱਲੋਂ ਆਵਾਜਾਈ ਨੂੰ ਰੋਕਣ ਦਾ ਯਤਨ ਨਹੀਂ ਕੀਤਾ ਗਿਆ ਅਤੇ ਨਾ ਹੀ ਦੁਕਾਨਾਂ ਅਤੇ ਕਾਰੋਬਾਰ ਬੰਦ ਕਰਵਾਉਣ ਲਈ ਜਲੂਸ ਆਦਿ ਕੱਢੇ ਗਏ।

## ਜ਼ਖ਼ਮੀ ਸਰੂਪ ਦਰਸ਼ਨਾਂ ਲਈ ਰੱਖੇ



ਫ਼ੌਜੀ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਦਰਸ਼ਨ ਕਰਵਾਉਣ ਲਈ ਅੱਜ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੁਸ਼ੋਭਿਤ ਕੀਤਾ ਗਿਆ। ਇਸ ਬਾਰੇ ਸੰਗਤ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਜਾਣਕਾਰੀ ਦਿੱਤੀ। ਇਸ ਮੌਕੇ ਸ੍ਰੀ ਧਾਮੀ ਨੇ ਕਿਹਾ ਕਿ ਜਦੋਂ ਤੱਕ ਦੁਨੀਆਂ ਰਹੇਗੀ, ਕਾਂਗਰਸ ਵੱਲੋਂ ਸਿੱਖਾਂ 'ਤੇ ਵਰਤਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ।



# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ



ਸ੍ਰੀ ਆਨੰਦਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸਤਰੀ ਸਤਿਸੰਗ ਸਭਾ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਗੁਰਦੁਆਰਾ ਸੀਸ ਗੰਜ ਸਾਹਿਬ ਵਿੱਚ ਘੱਲੂਘਾਰਾ ਦਿਵਸ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜਾਏ ਦੀਵਾਨ 'ਚ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਮੌਕੇ ਗਿਆਨੀ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ,ਵਧੀਕ ਮੈਨੇਜਰ ਅਮਰਜੀਤ ਸਿੰਘ ਜਿੰਦਵੜੀ, ਅਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ, ਭਾਈ ਸਰਬਜੀਤ ਸਿੰਘ ਭਾਈ ਹਰਜੀਤ ਸਿੰਘ, ਗਿਆਨੀ ਅੰਮ੍ਰਿਤਪਾਲ ਸਿੰਘ,ਭਾਈ ਜਸਵੀਰ ਸਿੰਘ, ਅਕਾਲੀ ਆਗੂ ਮਨਜਿੰਦਰ ਸਿੰਘ ਬਰਾੜ, ਭਾਈ ਕਰਮਵੀਰ ਸਿੰਘ, ਸੁਖਬੀਰ ਸਿੰਘ ਜਿੰਦਵੜੀ,ਦਵਿੰਦਰ ਸਿੰਘ ਸੂਰੇਵਾਲ, ਜਸਵਿੰਦਰ ਸਿੰਘ ਜੋਗਾ, ਮਹਿੰਦਰ ਸਿੰਘ, ਇਕਬਾਲ ਸਿੰਘ ਰਾਜੂ, ਮਾਤਾ ਗੁਰਚਰਨ ਕੌਰ ਪ੍ਰਧਾਨ ਇਸਤਰੀ ਸਤਿ ਸੰਗ ਸਭਾ ਆਦਿ ਹਾਜ਼ਰ ਸਨ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾਤਸ਼ਾਹੀ ਸੱਤਵੀਂ ਵਿੱਚ 6 ਜੂਨ 1984 ਨੂੰ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘਾਂ/ ਸਿੰਘਣੀਆਂ ਦੀ ਯਾਦ ਵਿੱਚ ਘੱਲੂਘਾਰਾ ਦਿਵਸ ਮਨਾਇਆ ਗਿਆ। ਇਸ ਮੌਕੇ ਸ਼ ?ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਕਾਲੇਵਾਲ, ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਨ, ਸੁਖਵਿੰਦਰ ਸਿੰਘ ਨੇ ਸ਼ਰਧਾਂਜਲੀ ਭੇਟ ਕੀਤੀ।

# ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਮੌਕੇ ਅਰਦਾਸ ਸਮਾਗਮ



ਪਟਿਆਲਾ : ਜੂਨ 1984 ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਮੌਕੇ ਜੂਨ 1984 ਦੇ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਭਾਈ ਹਰਕੀਰਤ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਵੱਲੋਂ ਸਿੱਖ ਕੌਮ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

ਸਮਾਗਮ ਦੌਰਾਨ ਬੇਅੰਤ ਸਿੰਘ ਕਤਲ ਮਾਮਲੇ 'ਚ ਸਜ਼ਾਯਾਫ਼ਤਾ ਭਾਈ ਗੁਰਮੀਤ ਸਿੰਘ ਦੀ ਪੱਕੀ ਜ਼ਮਾਨਤ ਮਿਲਣ 'ਤੇ ਮਾਤਾ ਸੁਰਜੀਤ ਕੌਰ ਅਤੇ ਭਾਈ ਗੁਰਮੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਨੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਸਮਾਗਮ ਦੌਰਾਨ ਇਸ ਮੌਕੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਰੱਖੜਾ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਜਥੇਦਾਰ ਸਤਵਿੰਦਰ ਸਿੰਘ ਟੌਹੜਾ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਮੱਖਣ ਸਿੰਘ ਲਾਲਕਾ ਆਦਿ ਸ਼ਾਮਲ ਹੋਏ। ਇਸ ਦੌਰਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜੂਨ 1984 ਅਜਿਹਾ ਦਰਦ ਹੈ, ਜੋ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਇਸ਼ਾਰੇ 'ਤੇ ਭਾਰਤੀ ਫ਼ੌਜਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰ ਕੇ ਦਿੱਤਾ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਕੀਤਾ ਹਮਲਾ ਸੋਚੀ ਸਮਝੀ ਸਾਜਿਸ਼ ਸੀ। ਇਸ ਮੌਕੇ ਸਾਬਕਾ ਚੇਅਰਮੈਨ ਇੰਦਰਮੋਹਨ ਸਿੰਘ ਬਜਾਜ ਆਦਿ ਸਿਆਸੀ ਤੇ ਧਾਰਮਿਕ ਆਗੂ ਹਾਜ਼ਰ ਸਨ।

# ਬੀਬੀ ਜਗੀਰ ਕੌਰ ਵੱਲੋਂ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਬਣਾਉਣ ਦਾ ਐਲਾਨ



ਜਲੰਧਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਪੰਥਕ ਸੰਸਥਾਵਾਂ ਨੂੰ ਇੱਕ ਪਰਿਵਾਰ ਦੀ ਅਜਾਰੇਦਾਰੀ ਤੋਂ ਮੁਕਤ ਕਰਵਾਉਣ ਦੀ ਸ਼ੁਰੂਆਤ ਕਰਦਿਆਂ ਸ਼੍ਰੋਮਣੀ ਅਕਾਲੀ ਪੰਥ ਬੋਰਡ ਬਣਾਉਣ ਦਾ ਐਲਾਨ ਕੀਤਾ ਹੈ। ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਯਾਦ ਵਿੱਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਅਕਾਲੀ ਪੰਥ ਬੋਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਕੇ ਪੰਥਕ ਸੰਸਥਾਵਾਂ ਦੀ ਪੁਰਾਤਨ ਸ਼ਾਨ ਬਹਾਲ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਏਗਾ। ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਵਿੱਚ ਵਧਦੀ ਸਿਆਸੀ ਦਖ਼ਲਅੰਦਾਜ਼ੀ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਭ ਤੋਂ ਪਹਿਲਾਂ ਆਪਣੀਆਂ ਵੋਟਾਂ ਬਣਾਉਣ ਦੇ ਕੰਮ ਵਿੱਚ ਜੁਟ ਜਾਣ।

# ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅਕਾਲ ਤਖ਼ਤ ਸਾਹਿਬ ਵਿਖੇ ਹੋਇਆ ਸਮਾਗਮ; ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ**



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਰਾਹ 'ਤੇ ਚੱਲਦਿਆਂ ਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਲਈ ਪ੍ਰੇਰਿਆ।

ਸ੍ਰੀ ਅਕਾਲ ਤਖ਼ਤ ਵਿਖੇ ਕੀਤੇ ਗਏ ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਗੁਰਮਿੰਦਰ ਸਿੰਘ ਮੌਜੂਦ ਸਨ। ਇਸ ਮੌਕੇ ਪ੍ਰਕਾਸ਼ ਗੁਰਪੁਰਬ ਸਬੰਧੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਛੇਵੇਂ ਗੁਰੂ ਨੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਸੀ ਅਤੇ ਸਿੱਖਾਂ ਨੂੰ ਜ਼ੁਲਮ ਖਿਲਾਫ਼ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸਿੱਖ ਜਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਆਖਿਆ ਕਿ ਗੁਰੂ ਸਾਹਿਬ ਵੱਲੋਂ ਸਿਰਜਿਆ ਸ੍ਰੀ ਅਕਾਲ ਤਖ਼ਤ ਸਿੱਖਾਂ ਦੀ ਆਜ਼ਾਦ ਹਸਤੀ ਅਤੇ ਇਲਾਹੀ ਜਲੌਅ ਦਾ ਪ੍ਰਤੀਕ ਹੈ। ਇਸ ਸਿਧਾਂਤ 'ਤੇ ਪਹਿਰਾ ਦੇਣਾ ਹਰ ਸਿੱਖ ਦਾ ਫ਼ਰਜ਼ ਹੈ।

# ਕੈਲੀਫੋਰਨੀਆ: ਸਿੱਖਾਂ ਨੂੰ ਹੈਲਮੇਟ ਤੋਂ ਛੋਟ ਦੇਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ



ਅੰਮ੍ਰਿਤਸਰ : ਅਮਰੀਕਾ ਦੇ ਕੈਲੀਫੋਰਨੀਆ 'ਚ ਸਟੇਟ ਸੈਨੇਟ ਵੱਲੋਂ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਲਈ ਖ਼ੁਸ਼ੀ ਦੀ ਖ਼ਬਰ ਹੈ, ਜਿਸ ਦਾ ਹੋਰਨਾਂ ਦੇਸ਼ਾਂ ਅੰਦਰ ਵੀ ਅਸਰ ਹੋਵੇਗਾ। ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਰਹਿਣੀ ਦਾ ਅਹਿਮ ਅੰਗ ਹੈ ਅਤੇ ਸਿੱਖ ਨੂੰ ਹੈਲਮੇਟ ਪਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕੈਲੀਫੋਰਨੀਆ ਦੀ ਸੈਨੇਟ ਦੇ ਮੈਂਬਰ ਬਰੀਅਨ ਡਾਹਲ ਵੱਲੋਂ ਸਿੱਖਾਂ ਦੀ ਆਵਾਜ਼ ਨੂੰ ਸੈਨੇਟ ਵਿਚ ਪੇਸ਼ ਕਰਨ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਬਿਲ ਅਸੈਂਬਲੀ ਵਿਚ ਜਲਦ ਪਾਸ ਹੋ ਜਾਵੇਗਾ। ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਬੀਬੀ ਜਗੀਰ ਕੌਰ ਨੇ ਆਪਣੇ ਇਕ ਵਿਵਾਦਤ ਬਿਆਨ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਮਨਾ ਰਹੀ ਸੰਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਇੰਟਰਵਿਊ ਦੌਰਾਨ 'ਸ਼੍ਰੋਮਣੀ ਅਕਾਲੀ ਪੰਥ ਬੋਰਡ' ਦੇ ਮੰਚ 'ਤੇ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਵਿਅਕਤੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਮੌਕਾ ਦੇਣ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਘੱਲੂਘਾਰਾ ਹਫ਼ਤੇ ਦੌਰਾਨ ਸਿੱਖ ਕੌਮ ਭਾਵੁਕ ਪਲਾਂ 'ਚੋਂ ਲੰਘ ਰਹੀ ਹੈ, ਜਦੋਂਕਿ ਦੂਜੇ ਪਾਸੇ ਬੀਬੀ ਸਿੱਖ ਨਸਲਕੁਸ਼ੀ ਦੀ ਦੋਸ਼ੀ ਕਾਂਗਰਸ ਜਮਾਤ ਦਾ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਵਾਗਤ ਕਰ ਰਹੀ ਹੈ।

# ਦਮਦਮੀ ਟਕਸਾਲ ਵੱਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ 'ਚ ਸਮਾਗਮ




ਅੰਮ੍ਰਿਤਸਰ : ਦਮਦਮੀ ਟਕਸਾਲ ਚੌਕ ਮਹਿਤਾ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਟਕਸਾਲ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿੱਚ ਘਲੂਘਾਰਾ ਸ਼ਹੀਦੀ ਸਮਾਗਮ ਪਹਿਲਾ ਵਾਂਗ ਵੱਢੇਰੇ ਤੌਰ 'ਤੇ ਮਨਾਇਆ ਗਿਆ ਹੈ। ਇਸ ਸਬੰਧ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਰਾਗੀ ਜਥਿਆਂ ਨੇ ਗੁਰਬਾਨੀ ਦਾ ਕੀਰਤਨ ਕੀਤਾ। ਇਸ ਮੌਕੇ ਮੁੱਖ ਵਾਕ ਦੀ ਕਥਾ ਕਰਦਿਆਂ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸਿੱਖ ਕੌਮ ਸ਼ਹੀਦੀਆਂ ਦੇਣ ਵਾਲੀ ਕੌਮ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਪਣੇ ਜੁਝਾਰੂ ਸਿੰਘਾਂ ਨਾਲ ਸ਼ਹਾਦਤਾਂ ਦੇ ਕੇ ਅਠਾਰਵੀਂ ਸਦੀ ਦੇ ਇਤਿਹਾਸ ਨੂੰ ਦੁਹਰਾਇਆ ਹੈ। ਉਨ੍ਹਾਂ ਨੇ ਦਮਦਮੀ ਟਕਸਾਲ ਵੱਲੋਂ ਮਤਾ ਪੇਸ਼ ਕਰਦੇ ਹੋਏ ਸਰਕਾਰਾਂ ਨੂੰ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਜਲਦੀ ਰਿਹਾਅ ਕਰਨ ਦੀ ਅਪੀਲ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਮਦਮੀ ਟਕਸਾਲ ਨੂੰ ਸ਼ਹਾਦਤਾਂ ਵਿਰਸੇ ਵਿੱਚ ਮਿਲੀਆਂ ਹਨ, ਜਿਨ੍ਹਾਂ ਵਿਚ ਬਾਬਾ ਦੀਪ ਸਿੰਘ ਤੋਂ ਲੈ ਕੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਤੱਕ ਆਪਣੀ ਵਿਰਾਸਤ ਅਨੁਸਾਰ ਸ਼ਹਾਦਤਾਂ ਦੇ ਕੇ ਸਿੱਖੀ ਦੀ ਸ਼ਾਨ ਨੂੰ ਬਰਕਰਾਰ ਰੱਖਿਆ ਹੈ।

ਸਿੱਖ ਵਿਦਵਾਨ ਅਤੇ ਕਥਾ ਵਾਚਕ ਬਾਬਾ ਬੰਤਾ ਸਿੰਘ ਮੁੰਡਾ ਪਿੰਡ ਵਾਲਿਆਂ ਨੇ ਵੀ ਸੰਬੋਧਨ ਕੀਤਾ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਮੁੱਚੇ ਪੰਥ ਨੂੰ ਇਕ ਝੰਡੇ ਹੇਠ ਇੱਕਠੇ ਹੋਣਾ ਚਾਹੀਦਾ ਹੈ। ਗਿਆਨੀ ਜਗਤਾਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਚਾਵਲਾ ਨੇ ਵੀ ਸੰਬੋਧਨ ਕੀਤਾ।

ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰ ਬੀਰ ਸਿੰਘ ਢੋਟ ਨੇ ਟਕਸਾਲ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਸੰਤ ਭਿੰਡਰਾਂ ਵਾਲਿਆਂ ਦੇ ਪੁੱਤਰ ਭਾਈ ਈਸ਼ਰ ਸਿੰਘ ਨੂੰ ਦਮਦਮੀ ਟਕਸਾਲ ਵੱਲੋਂ ਸਨਮਾਨਿਆ ਗਿਆ।

# ਭਗਤ ਕਬੀਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵੱਲੋਂ ਭਗਤ ਕਬੀਰ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ। ਇਸ ਮੌਕੇ ਕਥਾਵਾਚਕ ਭਾਈ ਗੁਰਪ੍ਰੀਤ ਸਿੰਘ ਨੇ ਸੰਗਤ ਨਾਲ ਭਗਤ ਕਬੀਰ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸੁਖਰਾਜ ਸਿੰਘ, ਬਘੇਲ ਸਿੰਘ ਸਤਨਾਮ ਸਿੰਘ, ਗੁਰਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ। ਇਸ ਦੌਰਾਨ ਕੇਂਦਰੀ ਹਲਕਾ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਭਗਤ ਕਬੀਰ ਜੀ ਦੇ ਜਨਮ ਦਿਵਸ ਮੌਕੇ ਚੌਪਈ ਰੋਡ 'ਤੇ ਹੋਏ ਸਮਾਗਮ ਵਿੱਚ ਪੁੱਜੇ। ਉਨ੍ਹਾਂ ਨੇ ਲੋਕਾਂ ਨੂੰ ਭਗਤੀ ਲਹਿਰ ਦੇ ਮਹਾਨ ਸੰਤ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਅਪੀਲ ਕੀਤੀ।

# ਸ਼੍ਰੋਮਣੀ ਕਮੇਟੀ ਦਾ ਵਫ਼ਦ ਅਮਿਤ ਸ਼ਾਹ ਨੂੰ ਮਿਲਿਆ



ਨਵੀਂ ਦਿੱਲੀ/ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਵਫ਼ਦ ਨੇ ਨਵੀਂ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਹ ਵਫਦ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਮਿਲਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਫਦ ਨੇ ਗ੍ਰਹਿ ਮੰਤਰੀ ਨਾਲ ਗੁਰਦੁਆਰਿਆਂ ਦੇ ਪ੍ਰਬੰਧਾਂ ਦੇ ਅਹਿਮ ਮਸਲਿਆਂ 'ਤੇ ਵਿਚਾਰ ਕੀਤੀ।

ਸ਼੍ਰੋਮਣੀ ਕਮੇਟੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਵਫ਼ਦ ਨੇ ਗੁਰਦੁਆਰਿਆਂ ਦੇ ਕੰਮਕਾਜ, ਪ੍ਰਬੰਧ ਤੇ ਹੋਰ ਸਿੱਖ ਮਸਲਿਆਂ ਬਾਰੇ ਗੱਲਬਾਤ ਕੀਤੀ। ਇਸ ਮੌਕੇ ਵਫਦ ਨੇ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਬਣਾਇਆ ਜਾਵੇਗਾ। ਸ੍ਰੀ ਧਾਮੀ ਨੇ ਦੱਸਿਆ ਕਿ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਧਾਰਾ 85 ਅਤੇ ਧਾਰਾ 87 ਤਹਿਤ ਆਉਂਦੇ ਗੁਰਦੁਆਰਿਆਂ ਦੇ ਪ੍ਰਬੰਧਾਂ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ, ਅਜਿਹੇ ਗੁਰਦੁਆਰਿਆਂ ਦੀ ਆਮਦਨ ਦੀ ਹੱਦ ਵਿੱਚ ਤਬਦੀਲੀ ਕਰਨ, ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਸਮੇਤ ਕਮੇਟੀ ਮੁਲਾਜ਼ਮਾਂ ਤੇ ਕਮੇਟੀ ਪ੍ਰਬੰਧ ਨਾਲ ਜੁੜੇ ਮਸਲੇ ਵਿਚਾਰੇ ਗਏ। ਇਸ ਮੌਕੇ ਸ਼ਾਹ ਨੇ ਇਨ੍ਹਾਂ ਮਾਮਲਿਆਂ ਵਿੱਚ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਮਸਲਿਆਂ ਦਾ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿੱਚ ਵੱਖਰੇ ਪਾਸੇ ਤੋਂ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਐਸਜੀਪੀਸੀ ਚੋਣਾਂ ਵੱਲ ਵੀ ਸਿੱਖ ਸਿਆਸੀ ਧਿਰਾਂ ਦਾ ਧਿਆਨ ਕੇਂਦਰਿਤ ਹੈ। ਵਫ਼ਦ 'ਚ ਸ਼?ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਐਡਵੋਕੇਟ ਏਪੀਐੱਸ ਆਹਲੂਵਾਲੀਆ ਸ਼ਾਮਲ ਸਨ।

# ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ’ਤੇ ਲਾਠੀਚਾਰਜ; ਦਰਜਨਾਂ ਜ਼ਖ਼ਮੀ

## ਸੂਰਜਮੁਖੀ ਦਾ ਸਮਰਥਨ ਮੁੱਲ ਮੰਗਦੇ ਕਿਸਾਨਾਂ ’ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ; ਵੱਡੀ ਗਿਣਤੀ ਕਿਸਾਨਾਂ ਨੂੰ ਹਿਰਾਸਤ ’ਚ ਲਿਆ



ਕੁਰੂਕਸ਼ੇਤਰ ਹਾਈਵੇਅ ’ਤੇ ਧਰਨਾਕਾਰੀ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਗੁਰਨਾਮ ਸਿੰਘ ਚੜੂਨੀ।



ਕੁਰੂਕਸ਼ੇਤਰ ਵਿੱਚ ਇਕ ਕਿਸਾਨ ਨੂੰ ਕਾਬੂ ਕਰਦੇ ਹੋਏ ਪੁਲੀਸ ਮੁਲਾਜ਼ਮ।

ਕੁਰੂਕਸ਼ੇਤਰ/ਸ਼ਾਹਬਾਦ : ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਅਲਟੀਮੇਟਮ ਦੇ ਬਾਵਜੂਦ ਹਰਿਆਣਾ ਸਰਕਾਰ ਵੱਲੋਂ ਮੰਗਲਵਾਰ ਤੱਕ ਘੱਟੋ-ਘੱਟ ਸਮਰਥਨ ਮੁੱਲ ’ਤੇ ਸੂਰਜਮੁਖੀ ਦੀ ਖਰੀਦ ਸ਼ੁਰੂ ਨਾ ਕਰਨ ’ਤੇ ਕਿਸਾਨਾਂ ਨੇ ਮੰਗਲਵਾਰ ਦੁਪਹਿਰ ਨੂੰ ਇੱਥੇ ਨੈਸ਼ਨਲ ਹਾਈਵੇਅ ਜਾਮ ਕਰ ਦਿੱਤਾ, ਜਿਸ ਕਾਰਨ ਦੂਰ-ਦੂਰ ਤੱਕ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ। ਕਰੀਬ ਸੱਤ ਘੰਟੇ ਇੱਥੇ ਜਾਮ ਲੱਗਿਆ ਰਿਹਾ। ਡਿਪਟੀ ਕਮਿਸ਼ਨਰ ਕੁਰੂਕਸ਼ੇਤਰ ਦੇ ਹੁਕਮਾਂ ’ਤੇ ਸ਼ਾਮ ਸਵਾ ਸੱਤ ਵਜੇ ਪੁਲੀਸ ਨੇ ਧਰਨਕਾਰੀ ਕਿਸਾਨਾਂ ’ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਲਾਠੀਚਾਰਜ ਕਰ ਦਿੱਤਾ, ਜਿਸ ਕਾਰਨ ਧਰਨੇ ਵਾਲੀ ਥਾਂ ’ਤੇ ਭਗਦੜ ਮੱਚ ਗਈ। ਪੁਲੀਸ ਨੇ ਦਰਜਨਾਂ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਜ਼ਖ਼ਮੀ ਹੋ ਗਏ। ਪੁਲੀਸ ਨੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਸਿਰਫ਼ 20 ਮਿੰਟ ਦੀ ਕਾਰਵਾਈ ਵਿੱਚ ਹੀ ਨੈਸ਼ਨਲ ਹਾਈਵੇਅ ’ਤੇ ਆਵਾਜਾਈ ਨੂੰ ਬਹਾਲ ਕਰ ਦਿੱਤਾ। ਸ਼ਾਮੀ ਅੰਬਾਲਾ ਰੇਂਜ ਦੇ ਆਈਜੀ ਕਵੀ ਸ਼ਿਵਰਾਜ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਵੀ ਲਿਆ। ਇਸੇ ਦੌਰਾਨ ਲਾਠੀਚਾਰਜ ਤੋਂ ਰੋਹ ਵਿੱਚ ਆਏ ਕਿਸਾਨਾਂ ਨੇ ਲਾਡਵਾ ਰੋਡ ਸ਼ਾਹਬਾਦ, ਕਲਸਾਨੀ ਚੌਕ ਸ਼ਾਹਬਾਦ ਅਤੇ ਲਾਡਵਾ ਵਿੱਚ ਕੇਂਦਰ ਰੋਡ ’ਤੇ ਆਵਾਜਾਈ ਠੱਪ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕਿਸਾਨਾਂ ਨੂੰ ਹਾਈਵੇਅ ’ਤੇ ਜਾਣ ਤੋਂ ਰੋਕਣ ਲਈ ਪ੍ਰਸ਼ਾਸਨ ਵੱਲੋਂ 9 ਡਿਊਟੀ ਮੈਜਿਸਟਰੇਟ ਤਾਇਨਾਤ ਕੀਤੇ ਗਏ ਸਨ। ਇਸੇ ਦੌਰਾਨ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠ ਪੁਲੀਸ ਨੂੰ ਚਕਮਾ ਦੇ ਕੇ ਸ਼ਹੀਦ ਊਧਮ ਸਿੰਘ ਸਮਾਰਕ ਦੇ ਰਸਤੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਕਿਸਾਨ ਪੁਲ ’ਤੇ ਚੜ੍ਹ ਕੇ ਨੈਸ਼ਨਲ ਹਾਈਵੇਅ ਜਾਮ ਲਗਾਉਣ ਵਿੱਚ ਸਫ਼ਲ ਹੋ ਗਏ। ਕੁਝ ਦੇਰ ਉਥੇ ਬੈਠਣ ਤੋਂ ਬਾਅਦ ਕਿਸਾਨ ਸ਼ਾਹਬਾਦ ਥਾਣੇ ਦੇ ਸਾਹਮਣੇ ਪੁੱਜ ਗਏ।

ਜ਼ਿਕਰਯੋਗ ਹੈ ਕਿ ਬਰਾੜਾ ਰੋਡ ’ਤੇ ਸ਼ਹੀਦ ਊਧਮ ਸਿੰਘ ਯਾਦਗਾਰੀ ਹਾਲ ਵਿੱਚ ਕਿਸਾਨਾਂ ਦੀ ਮਹਾਪੰਚਾਇਤ ਸਵੇਰੇ 10 ਵਜੇ ਸ਼ੁਰੂ ਹੋਈ। ਗੁਰਨਾਮ ਸਿੰਘ ਚੜੂਨੀ ਨੇ ਪ੍ਰਸ਼ਾਸਨ ਨੂੰ ਦੁਪਹਿਰ 12 ਵਜੇ ਤੱਕ ਅਲਟੀਮੇਟਮ ਦਿੱਤਾ ਕਿ ਜੇ ਮੰਗ ਨਾ ਮੰਨੀ ਤਾਂ ਕਿਸਾਨ ਹਾਈਵੇਅ ਜਾਮ ਕਰਨਗੇ। ਇਸ ਦੌਰਾਨ ਗੁਰਨਾਮ ਸਿੰਘ ਚੜੂਨੀ ਨੇ ਐੱਸਡੀਐੱਮ ਕਪਿਲ ਸ਼ਰਮਾ ਅਤੇ ਡੀਐੱਸਪੀ ਰਣਧੀਰ ਸਿੰਘ ਨਾਲ ਮੀਟਿੰਗ ਵੀ ਕੀਤੀ, ਪਰ ਇਹ ਬੇਸਿੱਟਾ ਰਹੀ। ਇਸ ਤੋਂ ਬਾਅਦ ਡੀਸੀ ਅਤੇ ਐੱਸਪੀ ਕੁਰੂਕਸ਼ੇਤਰ ਕਿਸਾਨਾਂ ਨਾਲ ਮੀਟਿੰਗ ਲਈ ਪੁੱਜੇ। ਜਦੋਂ ਇਹ ਦੋਵੇਂ ਉੱਚ ਅਧਿਕਾਰੀ ਵੀ ਕਿਸਾਨਾਂ ਨੂੰ ਭਰੋਸਾ ਨਾ ਦੇ ਸਕੇ, ਤਾਂ ਚੜੂਨੀ ਨੇ ਹਾਈਵੇਅ ਜਾਮ ਕਰਨ ਦਾ ਐਲਾਨ ਕਰ ਦਿੱਤਾ। ਇਸ ’ਤੇ ਕਿਸਾਨਾਂ ਨੇ ਰੋਸ ਮਾਰਚ ਕਰਦਿਆਂ ਸੜਕ ’ਤੇ ਜਾਮ ਲਾ ਦਿੱਤਾ। ਇਸ ਦੌਰਾਨ ਸੜਕਾਂ ’ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਜ਼ਿਕਰਯੋਗ ਹੈ ਕਿ 2 ਜੂਨ ਨੂੰ ਚੰਡੀਗੜ੍ਹ ਵਿੱਚ ਸਿੱਖਿਆ ਮੰਤਰੀ ਨਾਲ ਕਿਸਾਨ ਯੂਨੀਅਨ ਦੀ ਮੀਟਿੰਗ ਬੇਸਿੱਟਾ ਰਹੀ ਸੀ ਅਤੇ ਭਾਕਿਯੂ ਨੇ ਪ੍ਰਸ਼ਾਸਨ ਨੂੰ 5 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਸੀ। ਇਸ ਦੌਰਾਨ ਡੇਰਾ ਕਾਰ ਸੇਵਾ ਸ਼ਾਹਾਬਾਦ ਨੇ ਹਾਈਵੇਅ ’ਤੇ ਹੀ ਕਿਸਾਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ। ਕਿਸਾਨਾਂ ਨੇ ਦੁਪਹਿਰ ਤੋਂ ਸ਼ਾਮ ਤੱਕ ਹਾਈਵੇਅ ’ਤੇ ਲੰਗਰ ਪ੍ਰਸ਼ਾਦ ਛਕਿਆ ਅਤੇ ਆਰਾਮ ਕੀਤਾ।



ਰੀ ਕਿਸਾਨ ਨੂੰ ਜਬਰੀ ਲੈ ਕੇ ਜਾਂਦੇ ਹੋਏ ਪੁਲਿਸ ਮੁਲਾਜ਼ਮ।

# ਐੱਨਸੀਬੀ ਨੇ ਡਾਰਕਨੈੱਟ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹ ਦਾ ਪਰਦਾਫ਼ਾਸ਼ ਕਰਕੇ ਵੱਡੀ ਖੇਪ ਜ਼ਬਤ ਕੀਤੀ



ਨਵੀਂ ਦਿੱਲੀ : ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਦੇਸ਼ ਭਰ ਵਿੱਚ ‘ਡਾਰਕਨੈੱਟ’ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਐੱਲਐੱਸਡੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਜ਼ਬਤ ਕਰਨ ਦਾ ਦਾਅਵਾ ਕੀਤਾ ਹੈ। ਐੱਲਐੱਸਡੀ ਜਾਂ ਲਾਈਸਰਜਿਕ ਐਸਿਡ ਡਾਇਥਾਈਲਾਮਾਈਡ ਅਸਲ ਵਿੱਚ ਸਿੰਥੈਟਿਕ ਰਸਾਇਣ ਅਧਾਰਤ ਨਸ਼ੀਲਾ ਪਦਾਰਥ ਹੈ। ‘ਡਾਰਕ ਵੈੱਬ’ ਇੰਟਰਨੈੱਟ ਦਾ ਮਤਲਬ ਡੂੰਘਾਈ ’ਚ ਲੁਕੇ ਉਨ੍ਹਾਂ ਮੰਚਾਂ ਤੋਂ ਹੈ ਜੋ ਨਸ਼ੇ ਵੇਚਣ, ਅਸ਼ਲੀਲ ਸਮੱਗਰੀ ਦਾ ਆਦਾਨ-ਪ੍ਰਦਾਨ ਕਰਨ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਕਰਨ ਲਈ ਵਰਤੇ ਜਾਂਦੇ ਹਨ। ਇੰਟਰਨੈੱਟ ’ਤੇ ਇਸ ਨੂੰ ਬੜੇ ਖ਼ੁਫ਼ੀਆ ਢੰਗ ਨਾਲ ਚਲਾਇਆ ਜਾਂਦਾ ਹੈ। ਇਨ੍ਹਾਂ ਨੂੰ ਕਾਬੂ ਕਰਨ ਲਈ ਕਾਫ਼ੀ ਨਿਗਰਾਨੀ ਕਰਨੀ ਪੈਂਦੀ ਹੈ।

# ਵਿਜੀਲੈਂਸ ਦੇ ‘ਪ੍ਰੋਫਾਰਮੇ’ ਨੇ ਸਿਆਸਤਦਾਨਾਂ ਨੂੰ ਲਿਆਂਦੀਆਂ ਤਰੇਲੀਆਂ

## ਪੁਲੀਸ ਤੇ ਸਿਵਲ ਅਧਿਕਾਰੀ ਪਾਸਪੋਰਟ ਜਮ੍ਹਾਂ ਕਰਾਉਣ ਤੋਂ ਨਾਂਹ-ਨੁੱਕਰ ਕਰਨ ਲੱਗੇ

ਚੰਡੀਗੜ੍ਹ : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲਿਆਂ ਵਿੱਚ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਵਿਰੁੱਧ ਵਿੱਢੀ ਜਾਂਚ ਦੌਰਾਨ ਵਿਜੀਲੈਂਸ ਦਾ ਨਿਰਧਾਰਿਤ ਪ੍ਰੋਫਾਰਮਾ ਭਰਨ ਨੇ ਰਾਜਸੀ ਵਿਅਕਤੀਆਂ ਤੇ ਅਧਿਕਾਰੀਆਂ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 60 ਤੋਂ ਵੱਧ ਮਾਮਲਿਆਂ ਵਿੱਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਿਆਸੀ ਆਗੂਆਂ ਸਣੇ ਆਈਏਐੱਸ, ਪੀਸੀਐੱਸ, ਆਈਪੀਐੱਸ ਤੇ ਪੀਪੀਐੱਸ ਅਧਿਕਾਰੀਆਂ ਨੂੰ ਪ੍ਰੋਫਾਰਮੇ ਭਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 10 ਜਣਿਆਂ ਨੇ ਹੀ ਪ੍ਰਫਾਰਮਾ ਭਰਨ ਦੀ ਹਿੰਮਤ ਜੁਟਾਈ ਹੈ ਜਦੋਂਕਿ ਬਾਕੀ ਵਿਸ਼ੇਸ਼ ਵਿਅਕਤੀਆਂ ਵੱਲੋਂ ਨਾਂਹ-ਨੁੱਕਰ ਕੀਤੀ ਜਾ ਰਹੀ ਹੈ।

ਵਿਜੀਲੈਂਸ ਅਧਿਕਾਰੀਆਂ ਨੇ ਕਿਹਾ ਕਿ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲਿਆਂ ਵਿੱਚ ਪ੍ਰੋਫਾਰਮਾ ਅਹਿਮ ਹੁੰਦਾ ਹੈ। ਇਸ ਪ੍ਰੋਫਾਰਮੇ ਰਾਹੀਂ ਸਬੰਧਤ ਵਿਅਕਤੀ ਨੇ ਆਪਣੇ ਤੇ ਪਰਿਵਾਰਕ ਮੈਂਬਰਾਂ ਦੇ ਨਾਮ ’ਤੇ ਖ਼ਰੀਦੀਆਂ ਜਾਇਦਾਦਾਂ, ਸਾਰੇ ਪਰਿਵਾਰਕ ਮੈਂਬਰਾਂ ਦੇ ਬੈਂਕ ਖਾਤੇ, ਆਦਮਨ ਕਰ ਦੀਆਂ ਰਿਟਰਨਾਂ, ਵਿਦੇਸ਼ ਦੌਰਿਆਂ ਦੀਆਂ ਟਿਕਟਾਂ ਅਤੇ ਵਿਦੇਸ਼ ’ਚ ਕੀਤੇ ਖਰਚ ਸਮੇਤ ਸਮੁੱਚੇ ਖ਼ਰਚ ਦਾ ਬਿਊਰਾ



ਵਿਜੀਲੈਂਸ ਨੂੰ ਦੇਣਾ ਹੁੰਦਾ ਹੈ। ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਕਈ ਸਿਵਲ ਤੇ ਪੁਲੀਸ ਅਧਿਕਾਰੀਆਂ ਵੱਲੋਂ ਆਪਣੇ ਤੇ ਪਤਨੀਆਂ ਦੇ ਪਾਸਪੋਰਟ ਵਿਜੀਲੈਂਸ ਦੇ ਤਫ਼ਤੀਸ਼ੀ ਅਫਸਰਾਂ ਹਵਾਲੇ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਇਸ ਤੋਂ ਬਾਅਦ ਹੀ ਜਾਂਚ ਤਣ-ਪੱਤਣ ਲੱਗ ਸਕਦੀ ਹੈ। ਵਿਜੀਲੈਂਸ ਅਧਿਕਾਰੀਆਂ ਮੁਤਾਬਕ ਹੁਣ ਤੱਕ 30 ਤੋਂ ਵੱਧ ਕਾਂਗਰਸੀ ਆਗੂਆਂ, ਜਿਨ੍ਹਾਂ ਵਿੱਚ ਸਾਬਕਾ ਮੰਤਰੀ, ਮੌਜੂਦਾ ਤੇ ਸਾਬਕਾ ਵਿਧਾਇਕ ਸਮੇਤ ਸਾਬਕਾ ਮੁੱਖ ਮੰਤਰੀ ਵੀ ਸ਼ਾਮਲ ਹਨ, ਵਿਰੁੱਧ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ 15 ਦੇ ਕਰੀਬ ਸਿਆਸਤਦਾਨ ਤੇ ਦਰਜਨ ਤੋਂ ਵੱਧ ਅਜਿਹੇ ਨੌਕਰਸ਼ਾਹ ਹਨ, ਜਿਨ੍ਹਾਂ ਦੇ ਅਸਾਸੇ ਵਿਜੀਲੈਂਸ ਵੱਲੋਂ ਘੋਖੇ ਜਾ ਰਹੇ ਹਨ। ਵਿਜੀਲੈਂਸ ਦੇ ਤਫ਼ਤੀਸ਼ੀ ਅਫ਼ਸਰਾਂ ਵੱਲੋਂ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੇ ਬੈਂਕ ਖਾਤੇ ਘੋਖੇ ਜਾ ਰਹੇ ਹਨ ਤੇ ਮਾਲ ਵਿਭਾਗ ਤੋਂ ਵੀ ਜਾਇਦਾਦਾਂ ਦੇ ਵੇਰਵੇ ਤੇ ਜਮ੍ਹਾਂਬੰਦੀਆਂ ਮੰਗੀਆਂ ਗਈਆਂ ਹਨ। ਇਸ ਆਧਾਰ ’ਤੇ ਵਿਜੀਲੈਂਸ ਵੱਲੋਂ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲਿਆਂ ਵਿੱਚ ਦੋਸ਼ ਪੱਤਰ ਤਿਆਰ ਕੀਤੇ ਜਾ ਰਹੇ ਹਨ।

**ਸਮਾਂਬੱਧ ਤੇ ਪੇਸ਼ੇਵਰ ਜਾਂਚ ਲਈ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਤਾਇਨਾਤੀ**

ਸੂਬੇ ਵਿੱਚ ਸੱਤਾ ਤਬਦੀਲੀ ਤੋਂ ਬਾਅਦ ਵਿਜੀਲੈਂਸ ਦੀਆਂ ਸਰਗਰਮੀਆਂ ਵਿੱਚ ਭਾਰੀ ਵਾਧਾ ਹੋਇਆ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਇੱਕ ਸਾਲ ਦੇ ਸਮੇਂ ਦੌਰਾਨ ਅੱਧੀ ਦਰਜਨ ਤੋਂ ਵੱਧ ਸਾਬਕਾ ਕਾਂਗਰਸੀ ਮੰਤਰੀਆਂ ਖਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਇਨ੍ਹਾਂ ਮਾਮਲਿਆਂ ਦੀ ਸਮਾਂਬੱਧ ਤੇ ਪੇਸ਼ੇਵਰ ਢੰਗ ਨਾਲ ਜਾਂਚ ਲਈ ਅਧਿਕਾਰੀਆਂ ਤੇ ਮੁਲਾਜ਼ਮਾਂ ਸਣੇ ਮਾਹਿਰਾਂ ਦੀ ਗਿਣਤੀ ਵਧਾਉਣ ਦੀ ਮੰਗ ਉੱਠੀ ਸੀ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਤੇ ਆਰਥਿਕ ਅਪਰਾਧਾਂ ਨਾਲ ਨਜਿੱਠਣ ਲਈ ਬਿਊਰੋ ਵਿੱਚ ਪੰਜਾਬ ਪੁਲੀਸ ਵੱਲੋਂ ਸਿਪਾਹੀ ਤੋਂ ਲੈ ਕੇ ਐੱਸਪੀ ਰੈਂਕ ਤੱਕ ਦੇ 100 ਦੇ ਕਰੀਬ ਮੁਲਾਜ਼ਮਾਂ ਤੇ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਜਾ ਰਹੀ ਹੈ।

# ਦੇਸੀ ਦੀ ਪ੍ਰਦੇਸੀ ਨੂੰ ਅਨੋਖੀ ਲਾਹਣਤ ?





ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸ਼ਾਇਦ ਇਹ ਸੰਨ 2008 ਜਾਂ 9 ਦੀ ਗੱਲ ਹੋਵੇ ਗੀ। ਮੈਂ ਅਮਰੀਕਾ ਤੋਂ ਦੂਜੀ ਕੁ ਵਾਰੀ ਆਪਣੇ ਪਿੰਡ ਗਿਆ ਹੋਇਆ ਸਾਂ। ਖੇਤੀ-ਬਾੜੀ ਤੇ ਪਸ਼ੂ-ਪਾ ਦੇ ਧੰਦੇ ਵਿੱਚ ਅੱਠੇ ਪਹਿਰ ਲਿਪਤ ਰਹਿੰਦੇ ਕੁੱਝ ਪੇਂਡੂ ਪ੍ਰਵਾਰਾਂ ਦੇ ਸਾਦ-ਮੁਰਾਦੇ ਮਿੱਤਰਾਂ ਦੀ ਮਹਿਫਲ ਵਿੱਚ 'ਖੁਲ੍ਹੀਆਂ ਗੱਲਾਂ' ਚੱਲ ਰਹੀਆਂ ਸਨ ਅਮਰੀਕਾ ਦੀਆਂ ਕੋਈ ਵਿਲੱਖਣ ਬਾਤਾਂ ਸੁਣਨ ਦੇ ਸ਼ੌਕੀਨ ਉਹ ਮੇਰੇ ਕੋਲੋਂ ਵੱਖੋ ਵੱਖਰੇ ਸਵਾਲ ਪੁੱਛੀ ਜਾ ਰਹੇ ਸਨ।

ਉਹ ਇਹ ਗੱਲ ਸੁਣ ਕੇ ਬਹੁਤ ਹੈਰਾਨ ਹੋਏ ਕਿ ਪਿੰਡ ਸਾਈਕਲ ਚਲਾਉਣਾ ਵੀ ਨਾ ਜਾਣਦੀ ਮੇਰੀ ਘਰ ਵਾਲੀ ਉੱਥੇ ਫੁੱਲ ਸਪੀਡ ਕਾਰ ਚਲਾਉਂਦੀ ਹੋਈ ਕੰਮ 'ਤੇ ਜਾਂਦੀ ਹੈ!

ਆਟਾ ਦਾਲ ਜਾਂ ਸਬਜ਼ੀਆਂ ਦੀਆਂ ਗੱਲਾਂ ਚੱਲਣ 'ਤੇ ਮੈਂ ਉਨ੍ਹਾਂ ਨੂੰ ਵਾਲਮਾਰਟ ਸਟੋਰ 'ਤੇ ਵਾਪਰੀ ਇੱਕ ਘਟਨਾਂ ਸੁਣਾਉਣ ਲੱਗਿਆਂ ਸਹਿਵਨ ਹੀ ਦੱਸਿਆ ਕਿ ਮੈਂ ਤੇ ਮੇਰੀ ਘਰ ਵਾਲੀ ਘਰੇਲੂ ਸਮਾਨ ਲੈਣ ਗਏ। ਉੱਥੇ ਉਹਦੀ ਕੰਪਨੀਂ ਦਾ ਇੱਕ ਸੁਪਰਵਾਈਜ਼ਰ ਮਿਲ ਪਿਆ.ਉਹਨੇ ਮੇਰੀ ਘਰ ਵਾਲੀ ਨਾਲ ਹੱਥ ਮਿਲਾਇਆ ਤੇ..!

ਹਾਲੇ ਮੇਰੀ ਗੱਲ ਏਥੇ ਹੀ ਪਹੁੰਚੀ ਸੀ ਕਿ ਭੱਜਾ ਨਾਂ ਦਾ ਮੁੰਡਾ ਇੱਕ ਦਮ ਖੜੱਪੇ ਸੱਪ ਵਾਂਗ ਧੌਣ'ਤਾਂਹ ਨੂੰ ਕਰਕੇ ਮੇਰੀ ਬਾਂਹ 'ਤੇ ਹੱਥ ਮਾਰਦਾ ਬੋਲਿਆ-

"ਹੈਂਅ! ਭਾਬੀ ਨਾਲ ?..!!

ਗੋਰੇ ਨੇ ਹੱਥ ਮਿਲਾ ਲਿਆ.!!!

ਓ ਤੇਰੇ ਸਾਹਮਣੇ ਈਂ ?

ਰੁਕ ਰੁਕ ਕੇ ਸਾਹ ਲੈਂਦਿਆਂ ਭੱਜੇ ਵਲੋਂ ਕਹੇ ਗਏ 'ਨੂੰਹੇਂ ਦੇ ਡੰਗ' ਵਰਗੇ ਇਨ੍ਹਾਂ ਤਿੰਨਾਂ ਸਵਾਲਾਂ ਨੇ ਮੈਨੂੰ ਸੁਣਾਈ ਜਾਣ ਵਾਲੀ ਅਗਲੀ ਗੱਲ ਹੀ ਭੁਲਾ ਦਿੱਤੀਤੇ ਮੇਰੇ ਮੂੰਹੋਂ ਵੀ ਉੱਭੜਵਾਹੇ ਨਿਕਲ ?'ਆਹੋ' ਸੁਣਕੇ ਉਹ ਹੋਰ ਗਹਿਰੀਆਂ ਲਾਲ ਅੱਖਾਂ ਕਰਕੇ ਮੈਨੂੰ ਕਹਿੰਦਾ-

"ਤੂੰ ਜਿਊਂਦਾ ਈ ਨੀ ਮਰ ਗਿਆ ਉਦੋਂ ?

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਪੁਰਬ ਮੌਕੇ ਬੱਚਿਆਂ ਵਿਚ ਸਵਾਲ-ਜਵਾਬ ਪ੍ਰਤੀਯੋਗਤਾ ਕਰਵਾਈ



ਟਾਂਡਾ, (ਰਵਿੰਦਰ ਸਿੰਘ ਟਾਂਡਾ) : ਗੁਰਦਵਾਰਾ ਸਿੰਘ ਸਭਾ, ਵਿਜੈ ਨਗਰ, ਬਿਜਲੀ ਘਰ, ਟਾਂਡਾ ਉੜਮੁੜ ਵਿਖੇ, ਛੇਵੀਂ ਪਾਤਸ਼ਾਹੀ, ਮੀਰੀ-ਪੀਰੀ ਦੇ ਮਾਲਿਕ, ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਪੁਰਬ ਮਨਾਇਆ ਗਿਆ। ਸੰਗਤਾਂ ਵੱਲੋਂ ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਗਾਇਆ ਗਿਆ। ਉਪਰੰਤ ਬੱਚਿਆਂ ਵਿਚ ਸਵਾਲ-ਜਵਾਬ ਪ੍ਰਤੀਯੋਗਤਾ ਕਾਰਵਾਈ ਗਈ। ਜਿਸ ਵਿਚ ਸਿੱਖੀ, ਸਾਇੰਸ, ਸਾਹਿਤ ਦੇ ਨਾਲ-ਨਾਲ ਹੋਰ ਸਾਧਾਰਨ ਗਿਆਨ ਸੰਬੰਧੀ ਵੀ ਪ੍ਰਸ਼ਨ ਪੁੱਛੇ ਗਏ। ਪ੍ਰਤੀਯੋਗਤਾ ਵਿਚ ਬੱਚਿਆਂ ਦੇ ਨਾਲ-ਨਾਲ ਵੱਡਿਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰਤੀਯੋਗਿਤਾ ਵਿਚ ਰਾਵੀ, ਜੇਹਲਮ ਅਤੇ ਸਰਸਵਤੀ ਟੀਮਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਇਨਾਮ ਵੰਡਣ ਦੀ ਰਸਮ ਬਲਵਿੰਦਰ ਕੌਰ ਅਤੇ ਪ੍ਰਕਾਸ਼ ਕੌਰ ਜੀ ਨੇ ਅਦਾ ਕੀਤੀ। ਇਸ ਉਪਰਾਲੇ ਲਈ ਕਮੇਟੀ ਮੈਂਬਰ ਪਿਆਰਾ ਸਿੰਘ (ਪ੍ਰਧਾਨ), ਕਰਨੈਲ ਸਿੰਘ ਧੁੱਗਾ, ਸਰਬਜੀਤ ਕੌਰ, ਸੁਰਜੀਤ ਕੌਰ ਅਤੇ ਸੇਵਾ ਸਿੰਘ (ਖ਼ਜਾਨਚੀ) ਸਾਰੇ ਸ਼ਲਾਘਾ ਦੇ ਪਾਤਰ ਹਨ।

# ਸਿੱਧੂ ਮੂਸੇਵਾਲਾ ਦਾ ਪਿਸਤੌਲ ਅਤੇ ਮੋਬਾਈਲ ਪਰਿਵਾਰ ਨੂੰ ਸੌਂਪੇ



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਸਾਲ ਬਾਅਦ ਪਰਿਵਾਰ ਨੂੰ ਅਦਾਲਤ ਵਿੱਚੋਂ ਉਸ ਦਾ ਪਿਸਤੌਲ ਅਤੇ ਦੋ ਮੋਬਾਈਲ ਫੋਨ ਵਾਪਸ ਮਿਲ ਗਏ ਹਨ। ਪਰਿਵਾਰ ਵੱਲੋਂ ਇਸ ਸਬੰਧੀ ਬਾਕਾਇਦਾ ਅਪੀਲ ਕੀਤੀ ਗਈ ਸੀ। ਅਦਾਲਤ ਵੱਲੋਂ ਉਨ੍ਹਾਂ ਨੂੰ ਇਹ ਦੋਨੋਂ ਚੀਜ਼ਾਂ ਦੇਣ ਤੋਂ ਬਾਅਦ ਆਦੇਸ਼ ਕੀਤੇ ਹਨ ਕਿ ਹਰ ਪੇਸ਼ੀ 'ਤੇ ਉਨ੍ਹਾਂ ਨੂੰ ਆਪਣੇ ਨਾਲ ਇਨ੍ਹਾਂ ਨੂੰ ਲਿਆਉਣਾ ਹੋਵੇਗਾ। ਜਾਣਕਾਰੀ ਅਨੁਸਾਰ ਮੂਸੇਵਾਲਾ ਦੇ ਪਰਿਵਾਰ ਨੂੰ ਪਿਸਤੌਲ ਲਈ 4 ਲੱਖ ਰੁਪਏ ਅਤੇ ਮੋਬਾਈਲ ਫੋਨ ਲਈ ਇਕ ਲੱਖ ਰੁਪਏ ਦਾ ਮੁਚੱਲਕਾ ਭਰਨਾ ਪਿਆ ਹੈ। ਪਿਸਤੌਲ ਹੁਣ ਮੂਸੇਵਾਲਾ ਦੀ ਮਾਤਾ ਚਰਨ ਕੌਰ ਦੇ ਨਾਂ 'ਤੇ ਦਰਜ ਹੋਵੇਗਾ। ਅਦਾਲਤ ਨੇ ਮੂਸੇਵਾਲਾ ਦੇ ਪਰਿਵਾਰ ਨੂੰ ਕਿਹਾ ਕਿ ਜਦੋਂ ਤੱਕ ਕੇਸ ਚੱਲ ਰਿਹਾ ਹੈ, ਉਹ ਮੋਬਾਈਲ ਅਤੇ ਪਿਸਤੌਲ ਅੱਗੇ ਨਹੀਂ ਵੇਚ ਸਕਣਗੇ ਅਤੇ ਨਾ ਹੀ ਇਨ੍ਹਾਂ ਦਾ ਰੰਗ-ਰੂਪ ਬਦਲਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਸਮੇਂ ਮੋਬਾਈਲ ਫੋਨ ਅਤੇ ਪਿਸਤੌਲ ਉਸਦੇ ਕੋਲ ਸਨ। ਮੂਸੇਵਾਲਾ ਨੇ ਵੀ ਆਪਣੇ ਪਿਸਤੌਲ ਤੋਂ ਗੋਲੀ ਚਲਾਈ ਦੱਸੀ ਜਾਂਦੀ ਹੈ।

### ਮੂਸੇਵਾਲਾ ਦੀ ਫੋਟੋ ਨੂੰ ਗੁਟਕਾ ਕੰਪਨੀ ਵੱਲੋਂ ਲਗਾਉਣ 'ਤੇ ਪ੍ਰਸ਼ੰਸਕਾਂ ਨੂੰ ਇਤਰਾਜ਼

ਇਸੇ ਦੌਰਾਨ ਹੀ ਸਿੱਧੂ ਮੂਸੇਵਾਲਾ ਦੀ ਫੋਟੋ ਨੂੰ ਗੁਟਕਾ ਬਣਾਉਣ ਵਾਲੀ ਕੰਪਨੀ ਨੇ ਆਪਣੇ ਸੁਪਾਰੀ ਦੇ ਪੈਕੇਟ ਉਤੇ ਛਾਪਿਆ ਹੈ। ਸੋਸ਼ਲ ਮੀਡੀਆ ਉਤੇ ਇਹ ਫੋਟੋ ਸਾਹਮਣੇ ਆਉਣ ਤੋਂ ਬਾਅਦ ਮੂਸੇਵਾਲਾ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਨੇ ਇਸ ਮਾਮਲੇ ਦਾ ਬੁਰਾ ਮਨਾਇਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਫੋਟੋ ਨੂੰ ਸੁਪਾਰੀ ਦੇ ਪੈਕੇਟ ਉਤੇ ਲਗਾਉਣ ਵਾਲੀ ਕੰਪਨੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਸਿੱਖ ਨੌਜਵਾਨ ਵੋਟਾਂ ਬਣਵਾਉਣ: ਮਾਨ



ਅੰਮ੍ਰਿਤਸਰ : ਸੰਸਦ ਮੈਂਬਰ ਅਤੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖ ਨੌਜਵਾਨਾਂ ਨੂੰ ਆਖਿਆ ਕਿ ਉਹ ਆਗਾਮੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਆਪਣੀਆਂ ਵੋਟਾਂ ਬਣਵਾਉਣ। ਉਹ ਅੱਜ ਇੱਥੇ ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਵਿਖੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਨੇੜੇ ਗੁਰਦੁਆਰਾ ਥੜ੍ਹਾ ਸਾਹਿਬ ਕੋਲ ਖੜ੍ਹੇ ਹੋ ਕੇ ਸੰਬੋਧਨ ਕਰਦਿਆਂ ਸ੍ਰੀ ਮਾਨ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆ ਰਹੀਆਂ ਹਨ ਅਤੇ ਇਸ ਵਾਸਤੇ ਸਿੱਖ ਨੌਜਵਾਨਾਂ ਨੂੰ ਆਪਣੀਆਂ ਵੋਟਾਂ ਬਣਵਾਉਣੀਆਂ ਚਾਹੀਦੀਆਂ ਹਨ ਤਾਂ ਜੋ ਸਿੱਖ ਸੰਸਥਾ ਦਾ ਪ੍ਰਬੰਧ ਕੌਮ ਆਪਣੇ ਹੱਥਾਂ ਵਿਚ ਲੈ ਸਕੇ। ਸਾਕਾ ਨੀਲਾ ਤਾਰਾ ਸਮੇਂ ਫੌਜਾਂ ਨਾਲ ਲੜਨ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਹੋਰ ਸਿੱਖਾਂ ਦੀ ਤੁਲਨਾ ਉਨ੍ਹਾਂ ਨੇ ਸਾਰਾਗੜ੍ਹੀ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਨਾਲ ਕੀਤੀ। ਇਸ ਮੌਕੇ ਉਨ੍ਹਾਂ ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਅੱਜ ਦੇ ਦਿਨ ਵੱਖਰੇ ਤੌਰ 'ਤੇ ਸ਼ਹੀਦੀ ਦਿਵਸ ਸਮਾਗਮ ਮਨਾਉਣ ਦਾ ਵਿਰੋਧ ਕੀਤਾ।

# ਭਾਜਪਾ ਨੇ ਹਲਵਾਰਾ ਹਵਾਈ ਅੱਡੇ ਦਾ ਨਾਮ ਗੁਰੂ ਹਰਿਗੋਬਿੰਦ ਸਾਹਿਬ ਰੱਖਣ ਦੀ ਮੁਹਿਮ ਚਲਾਈ

ਗੁਰੂਸਰ ਸੁਧਾਰ : ਭਾਜਪਾ ਨੇ ਹਲਵਾਰਾ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ 'ਤੇ ਰੱਖਣ ਦੀ ਦਸਤਖਤੀ ਮੁਹਿੰਮ ਚਲਾ ਦਿੱਤੀ ਹੈ ਜਿਸ ਵਿੱਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਸ਼ ?ਰੋਮਣੀ ਕਮੇਟੀ ਮੈਂਬਰ ਨੇ ਵੀ ਦਸਤਖਤ ਕਰ ਦਿੱਤੇ ਹਨ ਹਾਲਾਂਕਿ ਇਹ ਸ਼੍ਰੋਮਣੀ ਕਮੇਟੀ ਦੀ ਮੁਹਿੰਮ ਨਹੀਂ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਹਵਾਈ ਅੱਡੇ ਦਾ ਨਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣ ਲਈ ਸਰਬਸੰਮਤੀ ਨਾਲ ਪ੍ਰਸਤਾਵ ਪਾਸ ਕਰ ਕੇ ਪ੍ਰਵਾਨਗੀ ਲਈ ਕੇਂਦਰ ਨੂੰ ਭੇਜ ਚੁੱਕੀ ਹੈ ਤੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਇਸ ਪ੍ਰਸਤਾਵ 'ਤੇ ਵਿਚਾਰ ਕਰਨ ਦਾ ਭਰੋਸਾ ਵੀ ਦਿੱਤਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਧਾਰਮਿਕ ਸਮਾਗਮ ਦੌਰਾਨ ਭਾਜਪਾ ਦੀ ਜ਼ਿਲ੍ਹਾ ਟੀਮ ਦੇ ਆਗੂ ਵਿਨੀਤ ਪਾਲ ਸਿੰਘ ਮੋਂਗਾ ਦੀ ਅਗਵਾਈ ਵਿੱਚ ਸੁਧਾਰ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਪੁੱਜੇ। ਉਨ੍ਹਾਂ ਸਿੰਘ ਸਾਹਿਬ ਸਾਹਮਣੇ ਪ੍ਰਸਤਾਵ ਰੱਖਿਆ ਅਤੇ ਹਵਾਈ ਅੱਡੇ ਦਾ ਨਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ 'ਤੇ ਰੱਖਣ ਲਈ ਦਸਤਖ਼ਤੀ ਮੁਹਿੰਮ ਸ਼ੁਰੂ ਕਰਨ ਦੀ ਮੰਗ ਕੀਤੀ। ਗਿਆਨੀ ਜਗਤਾਰ ਸਿੰਘ ਨੇ ਸ਼ਰਧਾਲੂਆਂ ਦੇ ਕਹਿਣ 'ਤੇ ਗੁਰਦੁਆਰੇ ਵਿੱਚ ਹੀ ਇਸ ਦੀ ਸ਼ੁਰੂਆਤ ਕਰ ਦਿੱਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਜਗਜੀਤ ਸਿੰਘ ਤਲਵੰਡੀ ਨੇ ਵੀ ਮੰਗ-ਪੱਤਰ 'ਤੇ ਦਸਤਖ਼ਤ ਕੀਤੇ। ਇਸ ਮੌਕੇ ਇਤਿਹਾਸਕ ਗੁਰਦੁਆਰਾ ਸੁਧਾਰ ਦੇ ਮੈਨੇਜਰ ਹਰਦੀਪ ਸਿੰਘ, ਭਾਈ ਗੁਰਜੰਟ ਸਿੰਘ ਅਤੇ ਪਿੰਡ ਐਤੀਆਣਾ ਦੇ ਸਰਪੰਚ ਲਖਵੀਰ ਸਿੰਘ ਵੀ ਮੌਜੂਦ ਸਨ। ਜਥੇਦਾਰ ਜਗਜੀਤ ਸਿੰਘ ਤਲਵੰਡੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ 'ਤੇ ਕਦੇ ਵਿਚਾਰ ਨਹੀਂ ਕੀਤਾ, ਉਨ੍ਹਾਂ ਤਾਂ ਕੁਝ ਸ਼ਰਧਾਲੂਆਂ ਵੱਲੋਂ ਰੱਖੇ ਅਜਿਹੇ ਪ੍ਰਸਤਾਵ ਉੱਪਰ ਨਿੱਜੀ ਹੈਸੀਅਤ ਵਿੱਚ ਦਸਤਖ਼ਤ ਕੀਤੇ ਹਨ।

ਭਾਜਪਾ ਆਗੂ ਵਿਨੀਤ ਪਾਲ ਸਿੰਘ ਮੋਂਗਾ ਅਤੇ ਮਹਿਲਾ ਮੋਰਚਾ ਦੀ ਮੀਤ ਪ੍ਰਧਾਨ ਰੁਪਿੰਦਰਜੀਤ ਕੌਰ ਰੂਬੀ ਮੋਂਗਾ ਨੇ ਕੁਝ ਦਿਨ ਪਹਿਲਾਂ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੂੰ ਵੀ ਅਜਿਹਾ ਹੀ ਇਕ ਮੰਗ-ਪੱਤਰ ਸੌਂਪਿਆ ਸੀ।




ਭਾਜਪਾ ਆਗੂਆਂ ਵੱਲੋਂ ਚਲਾਈ ਮੁਹਿੰਮ ਦੀ ਹਮਾਇਤ 'ਚ ਦਸਤਖ਼ਤ ਕਰਦੇ ਹੋਏ ਗਿਆਨੀ ਜਗਤਾਰ ਸਿੰਘ।

# ਕਟਾਰੂਚੱਕ ਮਾਮਲਾ: ਕੌਮੀ ਕਮਿਸ਼ਨ ਵਲੋਂ ਸਰਕਾਰ ਨੂੰ 12 ਤਕ ਕਾਰਵਾਈ ਰਿਪੋਰਟ ਸੌਂਪਣ ਦੇ ਹੁਕਮ



ਚੰਡੀਗੜ੍ਹ : ਕੌਮੀ ਅਨੁਸੂਚਿਤ ਜਾਤੀਆਂ ਲਈ ਕੌਮੀ ਕਮਿਸ਼ਨ (ਐਨਸੀਐਸਸੀ) ਨੇ ਪੰਜਾਬ ਸਰਕਾਰ ਦੇ ਮੰਤਰੀ ਲਾਲ ਚੰਦ ਕਟਾਰੂਚੱਕ 'ਤੇ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਤੀਜਾ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਤੀਸਰੇ ਨੋਟਿਸ ਵਿੱਚ ਐਨਸੀਐਸਸੀ ਨੇ ਰਾਜ ਸਰਕਾਰ ਦੇ ਮੁੱਖ ਸਕੱਤਰ, ਡਾਇਰੈਕਟਰ ਜਨਰਲ ਪੁਲੀਸ ਅਤੇ ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਨੂੰ ਹੁਕਮ ਦਿੱਤੇ ਹਨ ਕਿ ਉਹ ਤੁਰੰਤ ਪੀੜਤ ਦੇ ਬਿਆਨ ਵੀਡੀਓ ਕਾਨਫਰੰਸ ਰਾਹੀਂ ਜਾਂ ਦਿੱਲੀ ਵਿੱਚ ਵਿਅਕਤੀਗਤ ਤੌਰ 'ਤੇ ਰਿਕਾਰਡ ਕਰੇ ਤੇ ਉਸ ਨੂੰ ਸੁਰੱਖਿਆ ਪ੍ਰਦਾਨ ਕਰੇ। ਉਨ੍ਹਾਂ ਇਸ ਦੀ ਕਾਰਵਾਈ ਰਿਪੋਰਟ 12 ਜੂਨ ਤੱਕ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਕੇਸ਼ਵ ਕੁਮਾਰ ਦੀ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਮਿਸ਼ਨ ਨੇ 5 ਮਈ ਨੂੰ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਪਹਿਲਾ ਨੋਟਿਸ ਜਾਰੀ ਕਰਕੇ ਤੁਰੰਤ ਕਾਰਵਾਈ ਦੀ ਰਿਪੋਰਟ ਪੇਸ਼ ਕਰਨ ਤੇ ਪੀੜਤ ਵਿਅਕਤੀ ਨੂੰ ਸੁਰੱਖਿਆ ਪ੍ਰਦਾਨ ਕਰਵਾਉਣ ਲਈ ਕਿਹਾ ਸੀ। ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਨੇ ਕਿਹਾ ਕਿ ਵਾਰ-ਵਾਰ ਨੋਟਿਸ ਭੇਜਣ ਦੇ ਬਾਵਜੂਦ ਰਾਜ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

# ਵਿਸ਼ਵ ਸਾਹਿਤ ਵਿਚ 'ਜੇਲ੍ਹ ਚਿੱਠੀਆਂ' ਦਾ ਸਥਾਨ

*ਯੂਰਪੀਅਨ ਦੇਸ਼ਾਂ ਦੀਆਂ ਜੇਲ੍ਹ ਸਹੂਲਤਾਂ ਅਤੇ ਭਾਰਤੀ ਜੇਲ੍ਹਾਂ ਦੀਆਂ ਸਹੂਲਤਾਂ ਦੇ ਅੰਤਰ ਬਾਰੇ ਪੰਜਾਬੀ ਪਾਠਕ ਚੰਗੀ ਤਰ੍ਹਾਂ ਜਾਣਦੇ ਹਨ। ਇਸ ਸੰਦਰਭ ਵਿਚ ਜਿਵੇਂ ਭਾਈ ਰਣਧੀਰ ਸਿੰਘ ਜੀ ਨੇ ਸਿੱਖ ਹੱਕਾਂ ਉਪਰ ਪਹਿਰਾ ਦਿੱਤਾ ਅਤੇ ਟੋਪੀ, ਧੋਤੀ ਦੀ ਥਾਂ ਅੰਗ੍ਰੇਜ਼ ਹਕੂਮਤ ਨੂੰ ਦਸਤਾਰ, ਕਛਹਿਰਾ ਆਦਿ ਪਹਿਨਣ ਲਈ ਮਜ਼ਬੂਰ ਹੀ ਨਹੀਂ ਕੀਤਾ ਸਗੋਂ ਸਦਾ ਵਾਸਤੇ ਜੇਲ੍ਹ ਮੈਨੂਅਲ ਵਿਚ ਤਬਦੀਲੀ ਲਿਆਂਦੀ। ਇਸ ਪੱਖੋਂ ਦੁਨੀਆਂ ਵਿਚ ਲਿਖੀਆਂ ਗਈਆਂ ਅਜਿਹੀਆਂ ਪੁਸਤਕਾਂ ਵਿਚੋਂ ਇਹ ਨਿਵੇਕਲੀ ਪੁਸਤਕ ਹੈ। ਅਮਰੀਕਨ ਲੇਖਕ ਹੈਨਰੀ ਡੇਵਿਡ ਥੌਰੋ ਨੂੰ ਮੈਕਸੀਕਨ ਜੰਗ ਲਈ ਇਕੱਤਰ ਕੀਤੇ ਜਾ ਰਹੇ ਫੰਡ ਦਾ ਵਿਰੋਧ ਕਰਨ ਬਦਲੇ ਇਕ ਰਾਤ ਜੇਲ੍ਹ ਵਿਚ ਗੁਜਾਰਨੀ ਪਈ ਤਾਂ ਉਸ ਨੇ 'ਸਿਵਲ ਡਿਸਓਬੀਡੀਐਂਸ' ਲਿਖ ਮਾਰੀ।*



'ਜੇਲ੍ਹ ਚਿੱਠੀਆਂ' ਤੋਂ ਭਾਵ ਹੈ ਜੇਲ ਯਾਤਰਾ ਦੌਰਾਨ ਲਿਖੀਆਂ ਗਈਆਂ ਚਿੱਠੀਆਂ। ਜੇਲ੍ਹ ਜੀਵਨ ਦੇ ਹਾਲਾਤ ਬਾਰੇ ਜਾਂ ਤਾਂ ਲੇਖਕ ਖ਼ੁਦ ਇਨ੍ਹਾਂ ਨੂੰ ਪੁਸਤਕ ਰੂਪ ਦਿੰਦੇ ਹਨ ਅਤੇ ਜਾਂ ਫਿਰ ਉਹਨਾਂ ਦੇ ਸ਼ਰਧਾਲੂ ਜਨ ਇਨ੍ਹਾਂ ਵਿਚ ਮੌਜੂਦ ਸਰਬਸਾਂਝੀ ਪੀੜਾ ਨੂੰ ਮਹਿਸੂਸ ਕਰਕੇ ਪਾਠਕਾਂ ਦੇ ਲਾਭ ਹਿੱਤ ਇਨ੍ਹਾਂ ਨੂੰ ਪੁਸਤਕ ਰੂਪ ਦਿੰਦੇ ਹਨ। ਭਾਈ ਰਣਧੀਰ ਸਿੰਘ ਜੀ ਦੀਆਂ ਇਹ ਚਿੱਠੀਆਂ 1922 ਤੋਂ ਬਾਅਦ ਦੀਆਂ ਹਨ ਅਤੇ ਪੰਥ ਸੇਵਕ ਭਾਈ ਨਾਹਰ ਸਿੰਘ ਦਾ ਇਨ੍ਹਾਂ ਨੂੰ ਇਤਿਹਾਸਕ ਦਸਤਾਵੇਜ ਵਜੋਂ ਸੰਭਾਲਣ ਵਿਚ ਵਿਸ਼ੇਸ਼ ਯੋਗਦਾਨ ਸਦਾ ਹੀ ਸਲਾਹਿਆ ਜਾਂਦਾ ਰਹੇਗਾ।

ਪੰਜਾਬੀ ਸਾਹਿਤ ਵਿਚ ਜੇਲ੍ਹ ਸਾਹਿਤ ਦਾ ਇਕ ਵੱਡਾ ਹਿੱਸਾ ਹੈ। ਖੋਜਾਰਥੀਆਂ ਨੇ ਹਾਲੇ ਇਸ ਪ੍ਰਸੰਗ ਵਿਚ ਬਹੁਤ ਘੱਟ ਕਾਰਜ ਕੀਤਾ ਹੈ। ਪਰੰਤੂ ਸੁਭਾਗ ਦੀ ਗੱਲ ਹੈ ਕਿ ਅਜਿਹੇ ਸਾਹਿਤ ਵਿਚੋਂ ਭਾਈ ਰਣਧੀਰ ਸਿੰਘ ਜੀ ਦੀਆਂ 'ਜੇਲ੍ਹ ਚਿੱਠੀਆਂ' ਜੇਲ੍ਹ ਸਾਹਿਤ ਰੂਪੀ ਮਾਲਾ ਦਾ ਮੇਰੂ ਮਣਕਾ ਸਰਬ ਪ੍ਰਤੱਖ ਹੈ। ਭਾਵੇਂ ਮਾਸਟਰ ਤਾਰਾ ਸਿੰਘ (ਪ੍ਰੇਮ ਲਗਨ), ਤੇਜਾ ਸਿੰਘ (ਆਰਸੀ), ਗੁਰਮੁੱਖ ਸਿੰਘ ਮੁਸਾਫਿਰ ਤੇ ਦੀਵਾਨ ਸਿੰਘ ਕਾਲੇ ਪਾਣੀ ਦੀਆਂ ਰਚਨਾਵਾਂ ਵਿਚ ਜੇਲ ਅਨੁਭਵ ਦਰਜ ਹਨ ਪਰੰਤੂ 'ਜੇਲ੍ਹ ਚਿੱਠੀਆਂ' ਦੀ ਰੂਹਾਨੀ ਛੱਬੀ ਲਾਮਿਸਾਲ ਹੈ।

ਚਿੱਠੀਆਂ ਵਿਚ ਲਿਖਣ ਵਾਲੇ ਦੀ ਰੂਹ ਦੇ ਪਰਤੱਖ ਦਰਸ਼ਨ ਹੁੰਦੇ ਹਨ। ਇਨ੍ਹਾਂ ਵਿਚ ਦਰਜ ਸਾਰੇ ਕੌੜੇ ਤੇ ਮਿੱਠੇ ਅਨੁਭਵਾਂ ਦਾ ਵਹਿਣ ਚਿੱਠੀਆਂ ਲਿਖਣ ਵਾਲੀ ਸ਼ਖਸੀਅਤ ਵਿਚੋਂ ਪ੍ਰਗਟ ਹੋਇਆ ਹੁੰਦਾ ਹੈ। ਇਸ ਲਈ ਇਨ੍ਹਾਂ ਵਿਚ ਅਸਲੀਅਤ ਹਰ ਥਾਂ ਹਾਜ਼ਰ ਰਹਿੰਦੀ ਹੈ। ਪੱਛਮੀ ਆਲੋਚਕਾਂ, ਖਾਸ ਕਰ ਮੈਥਿਊ ਆਰਨੱਲਡ, ਅਨੁਸਾਰ ਕਿਸੇ ਲੇਖਕ ਦੀਆਂ ਲਿਖਤਾਂ ਦੀ ਪੂਰੀ ਥਾਹ ਪਾਉਣ ਲਈ ਉਸ ਦੇ ਜੀਵਨ-ਸਮਾਚਾਰ ਬਹੁਤ ਸਹਾਈ ਹੁੰਦੇ ਹਨ। ਮੈਂ ਪਾਠਕਾਂ ਨਾਲ ਇਹ ਗੱਲ ਸਾਂਝੀ ਕਰਦਿਆਂ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਤੇ ਅੰਗ੍ਰੇਜ਼ੀ ਸਾਹਿਤ ਦਾ ਪਾਠਕ ਹੋਣ ਕਰਕੇ ਮੈਨੂੰ ਖ਼ਲੀਲ ਜ਼ਿਬਰਾਨ ਦੀਆਂ ਚਿੱਠੀਆਂ ('Self-Portrait') ਦਾ ਅਨੁਵਾਦ ਪੰਜਾਬੀ ਪਾਠਕਾਂ ਦੇ ਸਾਹਮਣੇ ਲਿਆਉਣ ਤੋਂ ਬਾਅਦ ਸਿੱਖ ਧਰਮ ਦੇ ਡੂੰਘੇ ਚਿੰਤਕ ਤੇ ਗੁਰੂ ਸਾਹਿਬਾਨ ਦੇ ਚੋਜਾਂ ਨੂੰ ਸਹੀ ਪ੍ਰਸੰਗ ਵਿਚ ਸਮਝਣ ਅਤੇ ਸਿੱਖ ਧਰਮ ਵਿਚ ਪਏ ਭਰਮ-ਭੁਲੇਖਿਆਂ ਦਾ ਨਿਤਾਰਾ ਕਰਨ ਵਾਲੇ ਪੰਥਕ ਕਵੀ ਤੇ ਆਪਣੇ ਪਿਆਰੇ ਵਿਦਿਅਕ ਉਸਤਾਦ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਖਤੋ-ਕਿਤਾਬਤ ਦੀ ਸੰਪਾਦਨਾ ਕਰਨ ਦਾ ਮਾਣ ਪ੍ਰਾਪਤ ਹੈ। ਜਦੋਂ ਵੀ ਕਦੇ ਉਨ੍ਹਾਂ ਨੇ ਭਾਈ ਰਣਧੀਰ ਸਿੰਘ ਜੀ ਦੇ ਸਿਦਕਵਾਨ ਜੀਵਨ ਦਾ ਜ਼ਿਕਰ ਕਰਨਾ ਤਾਂ ਉਨ੍ਹਾਂ ਨੇ ਸਦਾ ਹੀ ਕਿਸੇ ਡੂੰਘੇ ਅਹਿਸਾਸ ਵਿਚੋਂ ਕਹਿਣਾ ਕਿ "ਭਾਈ ਰਣਧੀਰ ਸਿੰਘ ਵਰਗੇ ਅਡੋਲ ਤੇ ਸਿਦਕੀ ਸਿੱਖ, ਸੰਤਾਂ ਦੀ ਪੰਥ ਨੂੰ ਡਾਹਢੀ ਲੋੜ ਹੈ, ਕਿਉਂਕਿ ਉਨ੍ਹਾਂ ਦੀ ਕਹਿਣੀ ਤੇ ਕਥਨੀ ਵਿਚ ਰੰਚਕ ਮਾਤਰ ਵੀ ਅੰਤਰ ਨਹੀਂ ਸੀ। ਉਨ੍ਹਾਂ ਨੇ ਅਕਸਰ ਕਹਿਣਾ ਕਿ ਭਾਈ ਰਣਧੀਰ ਸਿੰਘ ਜੀ ਏਨੇ ਪਹੁੰਚੇ ਹੋਏ ਪੁਰਖ ਸਨ ਕਿ ਉਹ 'ਜਪੁਜੀ ਸਾਹਿਬ' ਦੇ ਸਾਰੇ ਪਾਠ ਦੇ ਸ਼ੁਧ ਸ਼ਬਦ-ਜੋੜ ਜ਼ਬਾਨੀ ਦਸ ਸਕਦੇ ਸਨ। ਗੁਰੂ ਗ੍ਰੰਥ ਸਾਹਿਬ ਦੇ ਲਗਾਂ-ਮਾਤ੍ਰਾਂ ਦੇ ਵਿਆਕਰਣਿਕ ਪਹਿਲੂ ਤੋਂ ਭਾਈ ਰਣਧੀਰ ਸਿੰਘ, ਡਾ. ਸਾਹਿਬ ਸਿੰਘ (ਗੁਰੂ ਗ੍ਰੰਥ ਸਾਹਿਬ ਦਰਪਣ) ਜਿੱਡੇ ਹੀ ਵਿਦਵਾਨ ਸਨ।"

ਭਾਰਤੀ ਅਜ਼ਾਦੀ ਅੰਦੋਲਨ ਦੇ ਇਤਿਹਾਸ ਵਿਚ ਸਿੱਖ ਜਗਤ ਦੀ ਜਿਹੜੀ ਸਿਰਮੌਰ ਸ਼ਖਸੀਅਤ ਦਾ ਯੋਗਦਾਨ ਅਨੇਕਾਂ ਪੱਖਾਂ ਤੋਂ ਬਹੁਤ ਉੱਜਲ ਹੈ, ਉਸ ਸ਼ਖਸੀਅਤ ਦਾ ਸ਼ੁਭ ਨਾਮ ਭਾਈ ਰਣਧੀਰ ਸਿੰਘ ਜੀ ਹੈ। ਉਨ੍ਹਾਂ ਦੇ ਰਚਨਾ ਜਗਤ ਦੀਆਂ ਲਗਭਗ ਤਿੰਨ ਦਰਜਨ ਪੁਸਤਕਾਂ ਭਾਵੇਂ ਆਪਣੇ-ਆਪਣੇ ਵਿਸ਼ਾ-ਵਸਤੂ ਅਤੇ ਉਸਦੇ ਨਿਭਾਅ ਪੱਖ ਤੋਂ ਵਿਸ਼ੇਸ਼ ਸਥਾਨ ਰੱਖਦੀਆਂ ਹਨ ਪਰੰਤੂ 'ਜੇਲ੍ਹ ਚਿੱਠੀਆਂ' ਨਾਮ ਦੀ ਪੁਸਤਕ ਸੰਸਾਰ ਦੇ ਜੇਲ ਸਾਹਿਤ ਵਿਚੋਂ ਸਭ ਤੋਂ ਮਹਾਨ ਪੁਸਤਕ ਹੈ। ਅਜਿਹਾ ਕਹਿਣ ਦੇ ਅਨੇਕ ਕਾਰਨ ਹਨ। ਇਹ ਪੁਸਤਕ ਸਿੱਖ ਸਾਹਿਤ, ਪੰਜਾਬੀ ਬੋਲੀ ਤੇ ਭਾਰਤੀ ਆਜ਼ਾਦੀ ਅੰਦੋਲਨ ਤੇ ਗੁਰਦੁਆਰਾ ਸੁਧਾਰ ਲਹਿਰ ਦਾ ਤਾਂ ਇਕ ਵਿਸ਼ੇਸ਼ ਦਸਤਾਵੇਜ਼ ਹੈ ਹੀ ਪਰ ਇਸ ਦੇ ਨਾਲ ਹੀ ਦੁਨੀਆਂ ਭਰ ਵਿਚ ਜੇਲ੍ਹ ਸਾਹਿਤ ਦੀਆਂ ਪੁਸਤਕਾਂ ਵੇਖਣ ਤੋਂ ਸਵੈ-ਸਪਸ਼ਟ ਹੋ ਜਾਂਦਾ ਹੈ ਕਿ ਇਹ ਅਨਮੋਲ ਪੁਸਤਕ ਉਪਰੋਕਤ ਨਾਲ ਸਬੰਧਤ ਹੁੰਦਿਆਂ ਆਪਣੀ ਨਿਵੇਕਲੀ ਸ਼ੈਲੀ ਤੇ ਵਿਸ਼ਾ-ਵਸਤੂ ਕਾਰਨ ਦੇਸ਼ ਕਾਲ ਦੀਆਂ ਸੀਮਾਵਾਂ ਪਾਰ ਕਰਕੇ ਸੰਸਾਰ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

ਆਮ ਕਰਕੇ ਜੇਲ੍ਹ ਜੀਵਨ ਬਾਰੇ ਲਿਖਣ ਵਾਲਿਆਂ ਨੇ ਆਪਣੇ ਸਮੇਂ ਦੀਆਂ ਰਾਜਨੀਤਕ ਪ੍ਰਸਥਿਤੀਆਂ ਵਿਚ ਨਿੱਜ ਦੀ ਕਹਾਣੀ ਨੂੰ ਕਲਮਬੰਦ ਕਰਦਿਆਂ ਸਮੇਂ ਦੇ ਹਾਕਮਾਂ ਦੀਆਂ ਜ਼ਬਰਦਸਤੀਆਂ, ਜ਼ੁਲਮ ਤੇ ਬੇਇਨਸਾਫੀਆਂ ਬਿਆਨ ਕੀਤੀਆਂ ਹਨ ਪਰੰਤੂ ਇਨ੍ਹਾਂ ਤੋਂ ਵੱਧ ਕੇ ਭਾਈ ਰਣਧੀਰ ਸਿੰਘ ਜੀ (7 ਜੁਲਾਈ 1878-16 ਅਪ੍ਰੈਲ 1961) ਨੇ ਇਸ ਵਿਚ ਆਪਣੇ ਧਰਮ ਵਿਚ ਸੁਦ੍ਰਿੜ ਰਹਿਣ, ਜੇਲ੍ਹ ਸਾਥੀਆਂ ਤੇ ਜੇਲ ਸਟਾਫ ਨੂੰ ਆਪਣੇ ਤੇਜ ਪ੍ਰਤਾਪੀ ਰੂਹਾਨੀ ਜੀਵਨ ਦੀ ਛੁਹ ਨਾਲ ਉਨ੍ਹਾਂ ਦੀ ਸੋਚ ਬਦਲਣ ਅਤੇ ਜੇਲ੍ਹ ਦੇ ਨਿਯਮਾਂ ਵਿਚ ਵਕਤੀ ਅਤੇ ਸਦੀਵੀ ਤਬਦੀਲੀਆਂ ਆਦਿ ਲਿਆਉਣ ਵਿਚ ਜਿਹੜੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ, ਉਨ੍ਹਾਂ ਨੂੰ ਮੁੜ ਸਮਝਣ ਦੇ ਨਾਲ ਸੰਸਾਰ ਵਾਸੀਆਂ ਤੇ ਵਿਸ਼ੇਸ਼ ਤੌਰ 'ਤੇ ਸਿੱਖ ਜਗਤ ਦੇ ਹਰ ਪ੍ਰਾਣੀ ਦੇ ਧਿਆਨ ਵਿਚ ਲਿਆਉਣ ਦੀ ਲੋੜ ਹੈ।


ਚੇਤਨ ਸਿੰਘ
98729-81237




ਸੰਸਾਰ ਸਾਹਿਤ ਵਿਚ ਜੇਲ ਜੀਵਨ ਨਾਲ ਸਬੰਧਤ ਜਾਂ ਜੇਲ੍ਹ ਵਿਚ ਲਿਖੀਆਂ ਗਈਆਂ ਪੁਸਤਕਾਂ ਦੀ ਜਿੰਨੀ ਕੁ ਜਾਣਕਾਰੀ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਹੈ, ਉਸ ਅਨੁਸਾਰ ਥਾਮਸ ਮੈਲੋਰੀ ਦੀ 1450 ਈਸਵੀ ਸੰਨ ਦੇ ਆਸ ਪਾਸ ਲਿਖੀ ਪੁਸਤਕ ਪਹਿਲੀਆਂ ਪੁਸਤਕਾਂ ਵਿਚੋਂ ਇਕ ਹੈ। 'ਪਿਲਗਰਿਮਜ਼ ਪ੍ਰਾਗਰੈੱਸ' ਦੀ ਰਚਨਾ ਦਾ ਲੇਖਕ ਜਾਹਨ ਬੁਨੀਅਨ 12 ਸਾਲ ਜੇਲ੍ਹ ਵਿਚ ਰਿਹਾ। ਜਿਵੇਂ 'ਜੇਲ੍ਹ ਚਿੱਠੀਆਂ' ਵਿਚ ਭਾਈ ਰਣਧੀਰ ਸਿੰਘ ਦੇ ਖ਼ਾਲਸਾ ਧਰਮ ਵਿਚ ਪਰਪੱਕ ਰਹਿਣ ਦਾ ਸੰਦੇਸ਼ ਸਭ ਤੋਂ ਮਹੱਤਵਪੂਰਨ ਪਹਿਲੂ ਹੈ, ਇਸੇ ਤਰ੍ਹਾਂ ਸੇਂਟ ਪਾਲ ਨੇ ਜੇਲ੍ਹ ਵਿਚ ਰਹਿੰਦਿਆਂ ਧਰਮ ਦੇ ਪ੍ਰਚਾਰ ਲਈ ਬਹੁਤ ਸਾਰੇ ਪੱਤਰ ਲਿਖੇ। ਵਿਸ਼ਵ ਭਰ ਵਿਚ ਜੇਲ੍ਹ ਵਿਚ ਲਿਖੀਆਂ ਗਈਆਂ ਇਨ੍ਹਾਂ ਪੁਸਤਕਾਂ ਦੇ ਲੇਖਕਾਂ ਵਿਚ ਆਸਕਰ ਵਾਈਲਡ, ਜੀਨ ਜੇਨੈੱਟ, ਐਜ਼ਰਾ ਪਾਉਂਡ ਅਤੇ ਡੇਨੀਅਲ ਡੀਫੋਅ ਦੇ ਨਾਂ ਵੀ ਜ਼ਿਕਰਯੋਗ ਹਨ। ਪਰੰਤੂ ਇਥੇ ਅਸੀਂ ਭਾਈ ਰਣਧੀਰ ਸਿੰਘ ਦੀਆਂ 'ਜੇਲ੍ਹ ਚਿੱਠੀਆਂ' ਬਾਰੇ ਵੀਚਾਰ ਕਰਨਾ ਹੈ।

ਯੂਰਪੀਅਨ ਦੇਸ਼ਾਂ ਦੀਆਂ ਜੇਲ੍ਹ ਸਹੂਲਤਾਂ ਅਤੇ ਭਾਰਤੀ ਜੇਲ੍ਹਾਂ ਦੀਆਂ ਸਹੂਲਤਾਂ ਦੇ ਅੰਤਰ ਬਾਰੇ ਪੰਜਾਬੀ ਪਾਠਕ ਚੰਗੀ ਤਰ੍ਹਾਂ ਜਾਣਦੇ ਹਨ। ਇਸ ਸੰਦਰਭ ਵਿਚ ਜਿਵੇਂ ਭਾਈ ਰਣਧੀਰ ਸਿੰਘ ਜੀ ਨੇ ਸਿੱਖ ਹੱਕਾਂ ਉਪਰ ਪਹਿਰਾ ਦਿੱਤਾ ਅਤੇ ਟੋਪੀ, ਧੋਤੀ ਦੀ ਥਾਂ ਅੰਗ੍ਰੇਜ਼ ਹਕੂਮਤ ਨੂੰ ਦਸਤਾਰ, ਕਛਹਿਰਾ ਆਦਿ ਪਹਿਨਣ ਲਈ ਮਜ਼ਬੂਰ ਹੀ ਨਹੀਂ ਕੀਤਾ ਸਗੋਂ ਸਦਾ ਵਾਸਤੇ ਜੇਲ੍ਹ ਮੈਨੁਅਲ ਵਿਚ ਤਬਦੀਲੀ ਲਿਆਂਦੀ। ਇਸ ਪੱਖੋਂ ਦੁਨੀਆਂ ਵਿਚ ਲਿਖੀਆਂ ਗਈਆਂ ਅਜਿਹੀਆਂ ਪੁਸਤਕਾਂ ਵਿਚੋਂ ਇਹ ਨਿਵੇਕਲੀ ਪੁਸਤਕ ਹੈ। ਅਮਰੀਕਨ ਲੇਖਕ ਹੈਨਰੀ ਡੇਵਿਡ ਥੌਰੋ ਨੂੰ ਮੈਕਸੀਕਨ ਜੰਗ ਲਈ ਇਕੱਤਰ ਕੀਤੇ ਜਾ ਰਹੇ ਫੰਡ ਦਾ ਵਿਰੋਧ ਕਰਨ ਬਦਲੇ ਇਕ ਰਾਤ ਜੇਲ੍ਹ ਵਿਚ ਗੁਜਾਰਨੀ ਪਈ ਤਾਂ ਉਸ ਨੇ 'ਸਿਵਲ ਡਿਸਓਬੀਡੀਐਂਸ' ਲਿਖ ਮਾਰੀ। ਇਸ ਰਚਨਾ ਦੇ ਰਚੇ ਜਾਣ ਦਾ ਕਾਰਨ ਤੇ ਮਜ਼ਮੂਨ ਇਕੋ ਇਕ ਸੀ। ਐਪਰ 'ਜੇਲ੍ਹ ਚਿੱਠੀਆਂ' ਰਾਜਨੀਤਕ ਵਰਤਾਰੇ ਤੇ ਧਾਰਮਕ ਬੇਇਨਸਾਫੀਆਂ ਦੇ ਨਾਲ-ਨਾਲ ਮਨੁੱਖ ਦੀ ਰੂਹਾਨੀ ਤਰੱਕੀ ਦਾ ਰਾਹ ਖੋਲ੍ਹਦਿਆ ਹਰ ਮਾਨਵ ਦਿਲ ਦੀ ਗੱਲ ਕਰਦਿਆਂ ਆਪਣਾ ਘੇਰਾ ਵਿਸ਼ਾਲ ਬਣਾਉਂਦੀ ਹੈ। ਇੰਝ ਸਾਹਿਤ ਆਲੋਚਕਾਂ ਦੀ ਇਸ ਕਸਵੱਟੀ ਤੇ ਇਹ ਪੁਸਤਕ ਪੂਰਿਆਂ ਉਤਰਦੀ ਹੈ ਕਿ ਚੰਗਾ ਲੇਖਕ ਦੇਸ਼ ਕਾਲ ਦੀਆਂ ਹੱਦਾਂ ਪਾਰ ਕਰਕੇ ਕੁਲ ਸ੍ਰਿਸ਼ਟੀ ਨਾਲ ਆਪਣੀ ਸਾਂਝ ਸਥਾਪਿਤ ਕਰਦਾ ਹੈ। ਜਿਵੇਂ ਹਿਟਲਰ ਕਤਲ ਕੇਸ ਦੇ ਇਕ ਦੋਸ਼ੀ ਡਾਇਰੈੱਕ ਬੈਨਹੋਫਰ ਦੇ ਜੇਲ੍ਹ ਵਿਚੋਂ ਲਿਖੇ ਸਾਹਿਤ ਨੂੰ ਧਾਰਮਕ ਸ਼ਾਸਤਰ ਵਾਂਗ ਲੋਕ ਮੰਨਦੇ ਹਨ, ਉਵੇਂ 'ਜੇਲ੍ਹ ਚਿੱਠੀਆਂ' ਸਿੱਖਾਂ ਨੂੰ ਔਖਿਆਂ ਸਮਿਆਂ ਵਿਚ ਵੀ ਆਪਣੇ ਸਿਧਾਂਤ ਤੇ ਪੱਕਿਆਂ ਰਹਿਣ ਦੀ ਸਫਲ ਪ੍ਰੇਰਨਾ ਦਿੰਦੀ ਹੈ। ਮੇਰੀ ਸੋਚ ਅਨੁਸਾਰ ਹਰ ਸਿੱਖ ਪਰਿਵਾਰ ਪਾਸ ਹੋਰਨਾਂ ਬਹੁਤ ਲੋੜੀਂਦੇ ਸਿੱਖ ਗ੍ਰੰਥਾਂ ਵਾਂਗ 'ਜੇਲ੍ਹ ਚਿੱਠੀਆਂ' ਦੀ ਪੁਸਤਕ ਵੀ ਹੋਣੀ ਚਾਹੀਦੀ ਹੈ।

ਇਸ ਪੁਸਤਕ ਦੀ ਪ੍ਰਮਾਣਿਕਤਾ ਤੇ ਸਰਬ ਮਕਬੂਲੀਅਤ ਦਾ ਇਸ ਤੱਥ ਤੋਂ ਵੀ ਪਤਾ ਲੱਗਦਾ



ਹੈ ਕਿ ਇਹ ਪੰਜਾਬੀ ਦੀਆਂ ਉਂਗਲਾਂ ਤੇ ਗਿਣੀਆਂ ਜਾਣ ਵਾਲੀਆਂ ਉਨ੍ਹਾਂ ਪੁਸਤਕਾਂ ਵਿਚੋਂ ਇਕ ਹੈ ਜਿਹੜੀਆਂ ਵਾਰ-ਵਾਰ ਛਪੀਆਂ ਹਨ। ਨਵੰਬਰ 2010 ਵਿਚ ਇਸਦਾ ਚੌਦਵਾਂ ਸੰਸਕਰਣ ਪਾਠਕਾਂ ਦੇ ਹੱਥਾਂ ਵਿਚ ਪਹੁੰਚਿਆ ਹੈ।

ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਭਾਈ ਰਣਧੀਰ ਸਿੰਘ ਵੀਹਵੀਂ ਸਦੀ ਦੇ ਅਜਿਹੇ ਸਿੱਖ ਲਿਖਾਰੀ ਹੋਏ ਹਨ ਜਿਨ੍ਹਾਂ ਦੀਆਂ ਲਿਖਤਾਂ ਵਿਚਲਾ ਰੂਹਾਨੀ ਤਾਣ (Spirtual Power) ਪਾਠਕਾਂ ਨੂੰ ਗੁਰੂ ਰੰਗ ਵਿਚ ਰੰਗੇ ਜਾਣ ਲਈ ਪ੍ਰਭਾਵਿਤ ਕਰਦਾ ਹੈ। ਇਸ ਦਾ ਕਾਰਣ ਇਹੀ ਹੈ ਕਿ ਇਹ ਸਾਹਿਤ ਨਿੱਜੀ ਜੀਵਨ ਦੀ ਉਚ ਕਮਾਈ ਅਤੇ ਗੁਰੂ ਸਾਹਿਬਾਨ ਪ੍ਰਤੀ ਡੂੰਘੀ ਲਗਨ ਅਤੇ ਉਚੀ ਸੁਰਤ ਵਿਚੋਂ ਪੈਦਾ ਹੋਇਆ ਹੈ। ਇਸ ਸੰਦਰਭ ਵਿਚ ਇਹੋ ਤਿੰਨੇ ਨਾਮ-ਰੰਗੀਆਂ ਰੂਹਾਂ ਦਾ ਕੋਈ ਸਾਨੀ ਨਹੀਂ। ਜਿੱਥੇ ਭਾਈ ਵੀਰ ਸਿੰਘ ਦੀਆਂ ਚਿੱਠੀਆਂ ('ਪਿਆਰੇ ਜੀਓ' ਤੇ 'ਹਮਦਰਦੀ ਪੱਤਰ') ਸੰਸਾਰਕ ਜੀਵਨ ਵਿਚ ਆਉਂਦੀਆਂ ਕੁਦਰਤੀ ਹਨੇਰੀਆਂ ਸਮੇਂ ਸਿੱਖੀ ਸਿਦਕ ਵਿਚ ਅਡੋਲ ਰਹਿਣ ਲਈ ਭਾਰੀ ਪ੍ਰੇਰਨਾ ਦਿੰਦੀਆਂ ਹਨ, ਪ੍ਰੋ. ਪੂਰਨ ਸਿੰਘ ਦਾ ਆਜ਼ਾਦੀ ਦੌਰ ਵਿਚ ਸਰ ਜਾਹਨ ਸਾਈਮਨ ਨੂੰ ਲਿਖਿਆ ਪੱਤਰ (1928) ਸਿੱਖ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ, ਉਥੇ ਭਾਈ ਰਣਧੀਰ ਸਿੰਘ ਦੀਆਂ 'ਜੇਲ੍ਹ ਚਿੱਠੀਆਂ' ਇਕੋ ਪੁਸਤਕ ਵਿਚ ਸਾਰੇ ਵਿਸ਼ਿਆਂ ਨੂੰ ਪਰਤੱਖ ਤੌਰ ਤੇ ਪੇਸ਼ ਕਰ ਰਹੀ ਹੈ। ਇਨ੍ਹਾਂ ਤਿੰਨਾਂ ਲੇਖਕਾਂ ਦੀਆਂ ਲਿਖਤਾਂ ਦੀ ਡੂੰਘੀ ਰੂਹਾਨੀ ਸਾਂਝ ਵੀ ਹੈ ਅਤੇ ਇਨ੍ਹਾਂ ਵਿਚੋਂ ਲੇਖਕਾਂ ਦਾ ਉੱਚਾ ਤਜਰਬਾ ਤੇ ਵਿਅਕਤਿੱਤਵ ਵੱਖਰਾ-ਵਖਰਾ ਵੀ ਨਜ਼ਰ ਆ ਜਾਂਦਾ ਹੈ।

'ਜੇਲ੍ਹ ਚਿੱਠੀਆਂ' ਦੀ ਚੌਦਵੀਂ ਛਾਪ ਦਾ ਘੇਰਾ 542 (524+28) ਪੰਨਿਆਂ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਵਿਚ ਭਾਈ ਨਾਹਰ ਸਿੰਘ ਤੇ ਪਰਿਵਾਰਕ ਮੈਂਬਰਾਂ ਨੂੰ ਲਿੱਖੀਆਂ ਚਿੱਠੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਪੜ੍ਹਿਆਂ ਭਾਈ ਰਣਧੀਰ ਸਿੰਘ ਦੀ ਰੂਹਾਨੀ ਅਵਸਥਾ ਦੇ ਸਪਸ਼ਟ ਝਲਕਾਰੇ ਵੇਖੇ ਜਾ ਸਕਦੇ ਹਨ ਜਿੱਥੇ ਉਹ 'ਪੂਰਨ ਪੁਰਖ ਨਹੀਂ ਡੋਲਾਨੇ॥' ਦੇ ਪਦ ਤੇ ਪੁਜ ਜਾਂਦੇ ਹਨ। ਇਕ ਵੀ ਉਦਾਹਰਣ ਅਜਿਹੀ ਨਹੀਂ ਜਿੱਥੇ ਭਾਈ ਰਣਧੀਰ ਸਿੰਘ ਨੇ ਹਾਲਾਤ ਨਾਲ ਸਮਝੌਤਾ ਕਰਦਿਆਂ ਸਿੱਖੀ ਸਿਦਕ ਦਾ ਲੜ ਢਿੱਲਾ ਪੈਣ ਦਿੱਤਾ ਹੋਵੇ। ਜੇਲ ਦੇ ਵਾਸੀ ਅਕਸਰ ਜੇਲ੍ਹ ਸਟਾਫ ਦੇ ਆਗਿਆਕਾਰ ਹੁੰਦੇ ਹਨ, ਪਰੰਤੂ ਭਾਈ ਰਣਧੀਰ ਸਿੰਘ ਜੀ ਤਾਂ ਇਸ ਤਰ੍ਹਾਂ ਹਨ ਜਿਵੇਂ ਪਿੰਜਰੇ ਵਿਚ ਬੰਦ ਸ਼ੇਰ ਦੀ ਗਰਜ ਵੀ ਦੂਸਰਿਆਂ ਨੂੰ ਓਨੀ ਹੀ ਭੈ-ਭੀਤ ਕਰਦੀ ਹੈ ਜਿੰਨੀ ਕਿ ਖੁੱਲੇ ਜੀਵਨ ਵਿਚ। ਜੇਲ੍ਹ ਦੇ ਸਟਾਫ ਦੀ ਉਦੋਂ ਪੈਰਾਂ ਵਿਚੋਂ ਮਿੱਟੀ ਨਿਕਲ ਜਾਂਦੀ ਸੀ ਜਦੋਂ ਉਹ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਵਾਂਗ ਬੇਖੌਫ ਹੋ ਕੇ ਉਨ੍ਹਾਂ ਨੂੰ ਵੰਗਾਰਦੇ ਸਨ। ਇਕ ਉਦਾਹਰਣ ਦਿੰਦੇ ਹਾਂ- "ਇਹ ਜੇਲ੍ਹਰ ਮਿਸਟਰ ਬਿੱਗ ਮੇਰੇ ਉਤੇ ਹਮਲਾ ਕਰਨਾ ਚਾਹੁੰਦਾ ਹੈ, ਜੇ ਐਸਾ ਕਰੇਗਾ ਤਾਂ ਆਪਣਾ ਕੀਤਾ ਭਰ ਪਾਏਗਾ। ਇਸ ਨੂੰ ਇਸੇ ਕਰਤੂਤ ਤੋਂ ਵਰਜਣਾ ਹੈ ਤਾਂ ਵਰਜ ਲਵੋ, ਨਹੀਂ ਤਾਂ ਆਪੇ ਇਸ ਨਾਲ ਸੁਝ ਲਵਾਂਗਾ। ਮੈਂ ਆਪਣੇ ਹੱਥੀ ਆਪਣਾ ਕਾਰਜ ਆਪੇ ਹੀ ਸਵਾਰਾਂਗਾ।" ਅਰ ਕਥਨੀ ਤੇ ਕਰਨੀ ਦੇ ਪੂਰੇ ਹੁੰਦਿਆਂ ਉਨ੍ਹਾਂ ਭਰੀ ਸੁਰਾਹੀ ਗੋਰੇ ਉਪਰ ਮਾਰ ਦਿੱਤੀ। ਜਦੋਂ ਸੁਪਰਡੰਟ ਨੇ ਸਾਰੀ ਤਫ਼ਤੀਸ਼ ਕਰਦਿਆਂ ਗੋਰੇ ਤੋਂ ਹੀ ਪੁਛ ਲਿਆ ਕਿ 'ਫਿਰ ਆਵੇਂ ਇਸ ਦਾ ਸਿਰ ਫਿਰਿਆ ਹੋਇਆ ਸੀ। ਕੁਛ ਨਾ ਕੁਛ ਜ਼ਰੂਰ ਤੇਰੇ ਵੱਲੋਂ ਹੀ ਪਹਿਲਾਂ ਹਰਕਤ ਹੋਈ ਹੋਣੀ ਹੈ' ਤਾਂ ਉਤਰ ਵਿਚ ਗੋਰੇ ਨੇ ਕਿਹਾ - 'ਹਰਕਤ ਤਾਂ ਕੋਈ ਨਹੀਂ ਸੀ ਹੋਈ, ਮੈਥੋਂ ਭੁੱਲ ਕੇ ਐਵੇਂ ਮਾੜਾ ਜਿਹਾ ਪੈਰ ਇਸ ਦੀ ਸੁਰਾਹੀ ਨੂੰ ਛੁਹ ਗਿਆ। ਬਸ, ਇਸ ਨੇ ਲੈਂਦੇ ਨੇ ਹੀ ਸੁਰਾਹੀ ਚੁੱਕ ਕੇ ਮੇਰੇ ਮਾਰੀ।'

ਭਾਈ ਰਣਧੀਰ ਸਿੰਘ ਜੀ ਦੇ ਸੁਭਾ ਵਿਚ ਚੰਗੇ ਵਿਅਕਤੀ ਲਈ ਸਤਿਕਾਰ ਵੀ ਸੀ। ਭਾਵੇਂ ਉਹ ਜੇਲ੍ਹ ਸਟਾਫ ਹੀ ਕਿਉਂ ਨਾ ਹੋਵੇ। ਇਕ ਥਾਂ ਦਰੋਗੇ ਬਾਰੇ ਲਿਖਦੇ ਹਨ- 'ਅਸਾਡੇ ਨਾਲ ਇਸ ਦਾ ਅਤਿਅੰਤ ਹੀ ਸੋਹਣੇ ਸਲੀਕੇ ਵਾਲਾ ਸਲੂਕ ਸੀ। ਅਸੀਂ ਭੀ ਇਸ ਨੂੰ ਥੋੜੀ ਕਦਰ ਤੇ ਸਨਮਾਨ ਦੀ ਨਿਗਾਹ ਨਾਲ ਦੇਖਦੇ ਹੁੰਦੇ ਸਾਂ। ਐਥੋਂ ਤਕ ਕਿ ਜਦੋਂ ਇਸ ਨੇ ਆਉਣਾ ਤਾਂ ਅਸੀਂ ਆਪੇ ਹੀ ਇਸ ਦੀ ਇਜ਼ਤ ਲਈ ਉਠ ਖੜਨਾ, ਬਸ਼ਰਤੇ ਕਿ ਬਾਣੀ ਦਾ ਪਾਠ ਨਾ ਕਰਦੇ ਹੋਈਏ। ਨਫ਼ਰਤ ਭਰੇ ਗੋਰੇ ਸੁਪਰਡੰਟ ਮਿਸਟਰ ਹਸਬੈਂਡ ਨੇ ਜਦੋਂ ਆਉਣਾ ਤਾ ਆਕੜ ਖਾਂ ਹੋ ਕੇ ਆਉਣਾ। ਅਸੀਂ ਭਾਵੇਂ ਬਾਣੀ ਦਾ ਪਾਠ ਕਰਦੇ ਹੋਈਏ ਤਾਂ ਭੀ ਸਾਨੂੰ ਆਪ ਕਹਿ ਕਹਿ ਅਤੇ ਧਕੁੰਨ-ਧਕੁੰਨ ਕੇ ਆਪਣਾ ਅਦਬ ਕਰਾਉਣ ਲਈ ਅਤੇ ਉਠ ਖੜੇ ਹੋਣ ਲਈ ਧਮਕਾਉਣਾ। ਪਰ ਅਸੀਂ ਕੱਖ ਪਰਵਾਹ ਨਾ ਕਰਨੀ।'

ਅੰਗ੍ਰੇਜ਼ੀ ਸਾਹਿਤ ਵਿਚ ਵਿਲੀਅਮ ਸ਼ੇਕਸਪੀਅਰ ਨੇ ਇੰਗਲੈਂਡ ਦੇ ਜਨ-ਜੀਵਨ ਬਾਰੇ ਇਤਿਹਾਸਕ ਤੇ ਰੁਮਾਂਸਵਾਦੀ ਨਾਟਕ ਲਿਖੇ ਹਨ। ਨਾਟਕੀ ਪਰੰਪਰਾਵਾਂ ਅਨੁਸਾਰ ਉਸਦੇ ਨਾਟਕਾਂ ਵਿਚਲੇ ਪਹਿਲੇ ਐਕਟ ਦੇ ਪਹਿਲੇ ਦ੍ਰਿਸ਼ ਵਿਚ ਉਸ ਦੀ ਸਾਰੀ ਰਚਨਾ ਦਾ ਝਲਕਾਰਾ ਨਜ਼ਰ ਆਉਂਦਾ ਹੈ ਕਿ ਸਾਰੀ ਰਚਨਾ ਵਿਚ ਇਸੇ ਵੀਚਾਰ ਨੂੰ ਵਿਸਥਾਰ ਵਿਚ ਦੱਸਿਆ ਜਾਵੇਗਾ। ਭਾਵੇਂ ਭਾਈ ਰਣਧੀਰ ਸਿੰਘ ਦੀਆਂ ਲਿੱਖਤਾਂ ਦੀ ਉਸ ਦੀਆਂ ਰਚਨਾਵਾਂ ਨਾਲ ਤੁਲਨਾ ਕਰਨ ਦੀ ਕੋਈ ਤੁਕ ਨਹੀਂ ਬਣਦੀ ਪਰ ਫਿਰ ਵੀ 'ਜੇਲ੍ਹ ਚਿੱਠੀਆਂ' ਦੀ ਮਹਾਨ ਕ੍ਰਿਤ ਦੇ ਮੁਢਲੇ ਪੰਨਿਆਂ ਵਿਚ ਜਦੋਂ ਅਸੀਂ ਭਾਈ ਰਣਧੀਰ ਸਿੰਘ ਜੀ ਦੇ ਇਲਾਹੀ ਜੀਵਨ ਦੀ ਇਕ ਆਰੰਭਕ ਘਟਨਾ ਬਾਰੇ ਪੜ੍ਹਦੇ ਹਾਂ ਤਾਂ ਇਹ ਇਸ ਗੱਲ ਦੀ ਨਿਸ਼ਾਨੀ ਹੈ ਕਿ ਸਾਰੀ ਰਚਨਾ ਵਿਚ ਇਸੇ ਤਰ੍ਹਾਂ ਦੇ ਕੌਤਕਾਂ ਤੇ ਰੂਹਾਨੀ ਅਨੁਭਵਾਂ ਦਾ ਵਿਸਥਾਰ ਹੋਵੇਗਾ। ਇਹ ਘਟਨਾ ਇਸ ਤਰ੍ਹਾਂ ਹੈ ਕਿ ਇਕ ਵਾਰ ਭਾਈ ਸਾਹਿਬ ਇਕ ਕਰਾਮਾਤੀ ਸਾਧੂ ਵਲ ਖਿੱਚੇ ਗਏ। ਪਰ ਉਸ ਦੀ ਇਕ ਹਰਕਤ ਨਾਲ ਭਾਈ ਸਾਹਿਬ ਦਾ ਕਾਲਜਾ ਪਾਟ ਗਿਆ ਤੇ ਉਸ ਨਾਲੋਂ ਗੀਝ ਤੋੜ ਲਈ। ਭਾਈ ਸਾਹਿਬ ਕਿਸੇ ਰੂਹਾਨੀ ਬੈਰਾਗ ਦੀ ਅਵਸਥਾ ਵਿਚ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ ਵੱਲ ਚਲੇ ਗਏ। ਤਾਂ ਲਿਖਦੇ ਹਨ - "ਅਜੇ ਸ਼ਹੀਦ ਗੰਜ ਦੇ ਬੂਹੇ ਵੜਨ ਹੀ ਲੱਗਾ ਸੀ ਕਿ ਇਕ ਬਿਰਧ ਸਿੰਘ-ਸੁਜਾਨ ਚਿੱਟੇ ਦਾਹੜੇ ਵਾਲੇ ਮੈਨੂੰ ਮਿਲੇ। ਦਾਸ ਨੇ ਦੋਇ ਕਰ ਜੋੜ ਫਤਹ ਬੁਲਾਈ ਤੇ ਉਨ੍ਹਾਂ ਦੇ ਅੱਗੇ ਨਿਉਂ ਕੇ ਖਲੋ ਗਿਆ। ਉਹਨਾਂ ਮੈਨੂੰ ਥਾਪਣਾ ਦੇ ਕੇ ਆਖਿਆ - "ਜਾਹ ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ ਹਨ। ਤੂੰ ਸੁਲਫਈ ਫ਼ਕੀਰ ਉਤੇ ਨਹੀਂ ਰੀਝਿਆ। ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਆਹੇਗੀ। ਜਾਹ! ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਿਜੁਗ ਦੇ ਹਨ। ਇਨ੍ਹਾਂ ਦੇ ਲੜ ਲੱਗਿਆ ਹੀ ਪਾਰ ਉਤਾਰਾ ਹੋਵੇਗਾ। ਨਿਤ ਉਠ ਪਹਿਲਾਂ ਇਹਨਾਂ ਦਾ ਹੀ ਦਰਸ਼ਨ ਪਾਠ ਕੀਤਾ ਕਰ।"

ਇਸੇ ਪ੍ਰਸੰਗ ਵਿਚ ਨਾਹਰ ਸਿੰਘ ਗਿਆਨੀ ਜੀ ਨੇ 'ਜੇਲ੍ਹ ਚਿੱਠੀਆਂ' ਵਿਚਲੀ ਸੱਚੀ ਵਾਰਤਾ ਬਾਰੇ ਲਿਖਦਿਆਂ ਕਿਹਾ ਹੈ 'ਕਿ ਇਸ ਪੁਸਤਕ ਵਿਚ ਆਤਮਕ ਰੰਗਾਂ ਦੇ ਪੇਖੇ ਪਰਖੇ ਤਜਰਬੇ, ਗੁਰਮਤਿ ਦੀਆਂ ਗੁੱਝੀਆਂ ਰਮਜ਼ਾਂ, ਬਿਪਤ ਕਾਲ ਵਿਚ ਸਿੱਖਾਂ ਦੀ ਸ਼ਰਧਾ ਤੇ ਸਿਦਕ ਦਾ ਵਰਨਣ ਤੇ ਹੋਰ ਇਤਿਹਾਸਕ ਸਮਾਚਾਰ ਹਨ। ਧਾਰਮਿਕ, ਇਤਿਹਾਸਕ ਤੇ ਸਾਹਿਤਕ ਨੁਕਤਾ ਨਿਗਾਹ ਨਾਲ ਏਹ ਪੁਸਤਕ ਹਰ ਪਹਿਲੂ ਤੋਂ ਇਕ ਕੀਮਤੀ ਲਿਟਰੇਚਰ ਹੈ, ਜੋ ਨਿਰੋਲ ਇਤਿਹਾਸਕ ਰੀਕਾਰਡ ਦੇ ਖ਼ਿਆਲ ਨੂੰ ਮੁੱਖ ਰੱਖ ਕੇ ਪ੍ਰਕਾਸ਼ਤ ਕੀਤਾ ਗਿਆ ਹੈ। ਇਨ੍ਹਾਂ ਸੱਤਰਾਂ ਦੇ ਲੇਖਕ ਨੇ ਭਾਸ਼ਾ ਵਿਭਾਗ ਵਿਚ ਅਨੁਵਾਦਕ ਵਜੋਂ ਕੰਮ ਕਰਦਿਆਂ ਇਕ ਵਾਰ ਉਸ 'ਜੇਲ ਮੈਨੁਅਲ' ਦੇ ਕੁਝ ਹਿੱਸੇ ਦਾ ਅਨੁਵਾਦ ਕੀਤਾ ਸੀ, ਜਿਹੜਾ ਕਿ ਅੰਗ੍ਰੇਜ਼ ਸਰਕਾਰ ਨੇ ਤਿਆਰ ਕਰਕੇ ਭਾਰਤੀ ਜੇਲ੍ਹਾਂ ਵਿਚ ਲਾਗੂ ਕੀਤਾ ਸੀ, ਜਿਸਦਾ ਵੱਡਾ ਹਿੱਸਾ ਹੁਣ ਵੀ ਲਾਗੂ ਹੈ। 'ਜੇਲ੍ਹ ਚਿੱਠੀਆਂ' ਪੜ੍ਹਣ ਸਮੇਂ ਮੈਨੂੰ 'ਜੇਲ੍ਹ ਮੈਨੂਅਲ' ਵਾਰ-ਵਾਰ ਯਾਦ ਆਉਂਦਾ ਹੈ। ਇਨ੍ਹਾਂ ਨਿਯਮਾਂ ਦੀ ਪੇਚੀਦਗੀ ਪੜ੍ਹ ਕੇ ਪਾਠਕ ਦੰਗ ਰਹਿ ਜਾਂਦਾ ਹੈ। ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦੇ ਹੋਰ ਅਨੇਕਾਂ ਸਾਥੀਆਂ ਨੇ ਜੇਲ੍ਹ ਦੇ ਇਨ੍ਹਾਂ ਸਖ਼ਤ ਨਿਯਮਾਂ ਨੂੰ ਸਹਾਰਿਆ ਵੀ ਅਤੇ ਵੰਗਾਰਿਆ ਵੀ। ਅਜਿਹਾ ਸਫਲ ਚੈਲੰਜ ਦੁਨੀਆਂ ਦੇ ਕਿਸੇ ਸਾਧਾਰਨ ਲਿਖਾਰੀ ਜਾਂ ਸੰਤ ਕੈਦੀ ਨੇ ਨਹੀਂ ਕੀਤਾ। ਇਸ ਪੱਖੋਂ ਵਿਸ਼ਵ ਜੇਲ੍ਹ ਸਾਹਿਤ ਵਿਚ ਇਸ ਦਾ ਸਥਾਨ ਵੱਖਰਾ ਹੀ ਹੈ।

ਭਾਈ ਰਣਧੀਰ ਸਿੰਘ ਜੀ ਦੇ ਸਿਦਕੀ ਜੀਵਨ ਦਾ ਜੋ ਪ੍ਰਭਾਵ ਜੇਲ੍ਹ ਸਟਾਫ ਉਪਰ ਸਮੇਂ ਸਮੇਂ ਪੈਂਦਾ ਰਿਹਾ, ਉਸ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿਉਂ ਜੋ ਜੇਲ੍ਹ ਦੇ ਕੈਦੀ ਔਖੇ ਸੌਖੇ ਜੇਲ ਦਾ ਸਮਾਂ ਲੰਘਾਉਂਦੇ ਹਨ। ਪਰ ਇਥੇ ਤਾਂ ਭਾਈ ਸਾਹਿਬ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਆਪਣੀ ਸੁਰਤ ਨੂੰ ਹੋਰ ਉਚੇ ਮੰਡਲਾਂ ਵਿਚ ਲਿਜਾਂਦੇ ਹਨ। ਭਾਈ ਸਾਹਿਬ ਇਕ ਤੰਗ ਅਤੇ ਨਿੱਕੀ ਜਿਹੀ ਕੋਠੜੀ ਵਿਚ ਬੰਦ ਹਨ ਜੋ ਕਿ ਲੰਬਾਈ ਤੇ ਚੌੜਾਈ ਵਿਚ ਇਕੋ ਜਿਹੀ ਦੋ ਦੋ ਕਰਮ ਹੈ। ਅਰ ਇਤਨੀ ਹੀ ਜਗ੍ਹਾ ਕੋਠੜੀ ਦੇ ਅਗਲੇ ਵਿਹੜੇ ਦੀ ਹੈ। ਇਸ ਵਿਚ ਨਾ ਖੁੱਲ੍ਹੀ ਹਵਾ ਹੀ ਆਉਂਦੀ ਹੈ ਅਰ ਨਾ ਹੀ ਪੂਰੀ ਰੌਸ਼ਨੀ ਦੀ ਪਹੁੰਚ ਹੈ। ਪ੍ਰੰਤੂ ਆਪ ਵਾਹਿਗੁਰੂ ਦਿਆਂ ਚਰਨਾਂ ਵਿਚ ਚਿਤ ਜੋੜ ਕੇ ਇਸ ਦੁਨੀਆਂ ਦੇ ਨਰਕ ਵਿਚ ਸ੍ਵਰਗਪੁਰੀ ਦਾ ਆਨੰਦ ਲੈ ਰਹੇ ਹਨ। ਨਾਮ ਦੇ ਅਨੰਦ ਵਿਚ ਮਗਨ ਹੋ ਕੇ ਬੜੀ ਸੁਰੀਲੀ ਤੇ ਪ੍ਰੇਮ-ਭਿੰਨੀ ਸੁਰ ਵਿਚ "ਤੂੰ ਵਿਸਰਹਿ ਤਾਂ ਸਭੁ ਕੋ ਲਾਗੂ" ਸ਼ਬਦ ਦਾ ਜਾਪ ਕਰ ਰਹੇ ਹਨ। ਜੇਲ੍ਹ ਸੁਪਰਡੰਟ ਨੇ ਆਪਣੇ ਸਾਥੀਆਂ ਨਾਲ ਵੇਖ ਕੇ ਪ੍ਰਭਾਵਿਤ ਹੁੰਦਿਆਂ ਹੈਰਾਨੀ ਵਿਚ ਕਿਹਾ - "ਜਦ ਇਸ ਦੀ ਇਹ ਹਾਲਤ ਹੈ ਤਾਂ ਇਸ ਨੂੰ ਭੁੱਖ ਤ੍ਰੇਹ ਕੀ ਮਹਿਸੂਸ ਹੋ ਸਕਦੀ ਹੈ।" ਅਜਿਹੇ ਦ੍ਰਿਸ਼ਾਂ ਦਾ ਇਸ ਤਰ੍ਹਾਂ ਦਾ ਪ੍ਰਭਾਵ ਪਿਆ ਕਿ ਸਾਰੇ ਬਿਹਾਰੀ ਸਿਪਾਹੀ ਅਤੇ ਸਰਕਾਰੀ ਅਮਲੇ ਵਾਲੇ ਜੇਲ ਚਾਕਰ ਖ਼ਾਲਸੇ ਦੀ ਖਾਸੀ ਹਮਦਰਦੀ ਕਰਨ ਲਗ ਪਏ। ਕਈ ਖਾਸ ਸੱਜਣ ਤਾਂ ਗੁਰਬਾਣੀ ਦੀਆਂ ਧੁੰਨੀਆਂ ਸੁਣ-ਸੁਣ ਗੁਰਸਿੱਖੀ ਦੇ ਸੱਚੇ ਆਸ਼ਕ ਹੋ ਖੜੋਤੇ, ਕਈ ਸਿਪਾਹੀਆਂ ਨੇ ਕੇਸ ਰੱਖ ਲਏ ਅਤੇ ਕਈਆਂ ਨੇ ਧੂਮਰਪਾਨ (ਤਮਾਕੂ ਪੀਣਾ) ਤਿਆਗ ਦਿੱਤਾ। ਇਹ ਸਭ ਕੁਝ ਬਿਨਾਂ ਉਪਦੇਸ਼ ਦੇ ਹੀ ਹੋਇਆ। ਖ਼ਾਲਸਾ ਜੀ ਦੀ ਰਹਿਤ-ਬਹਿਤ ਦੀ ਰੀਝ ਆ ਗਈ। ਸਭ ਤੋਂ ਸ੍ਰੇਸ਼ਟ ਮੂਰਤੀ ਇਕ ਰਾਧਾ ਸਿੰਘ ਨਾਮੇ ਸਿਪਾਹੀ ਦੀ ਉਜਾਗਰ ਹੋਈ। ਇਸ ਰਾਧਾ ਸਿੰਘ ਦਾ ਪਹਿਲਾਂ ਹੀ ਸਾਧੂ ਸੁਭਾਓ ਸੀ। ਪਹਿਰਿਆਂ ਸਮੇਂ ਸੁਖਮਨੀ ਸਾਹਿਬ ਆਦਿਕ ਬਾਣੀਆਂ ਦਾ ਪਾਠ ਸੁਣ-ਸੁਣ ਮਾਨੋ ਇਹ ਸੱਜਣ ਪਾਰਸ ਪਰਸ ਕੇ ਕੰਚਨ ਹੋਣ ਲਗ ਪਿਆ। ਪਹਿਰੇ ਤੇ ਹੁੰਦਾ ਹੋਇਆ ਤਿੰਨ-ਤਿੰਨ ਘੰਟੇ ਇਕੋ ਆਸਣ ਬੈਠਾ ਪਾਠ ਸੁਣਦਾ ਰਹਿੰਦਾ। ਇਸ ਪਰੇਮੀ ਦੀ ਪਰੇਮ ਕਥਾ ਦਾ ਇਕ ਵੱਖਰਾ ਪੁਸਤਕ ਤਿਆਰ ਹੋ ਸਕਦਾ ਹੈ।" ਸਿੱਖ ਯਾਦ ਵਿਚ ਇਹ ਘਟਨਾ ਵੀ ਤਾਜ਼ਾ ਹੈ ਕਿ ਸ਼ਹੀਦ ਭਗਤ ਸਿੰਘ ਨੇ ਭਾਈ ਰਣਧੀਰ ਸਿੰਘ ਜੀ ਦਾ ਪ੍ਰਭਾਵ ਕਬੂਲਿਆ ਸੀ। ਆਪ ਦੀਆਂ ਠੋਸ ਦਲੀਲਾਂ ਸਦਕਾ ਜੇਲ੍ਹ ਅਧਿਕਾਰੀ ਤੇ ਡਾਕਟਰ ਆਪ ਦੇ ਪੈਰੀ ਹੱਥ ਲਾਉਣਾ ਧੰਨ ਭਾਗ ਸਮਝਦੇ ਹਨ।

ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦੇ ਦੌਰ ਸਮੇਂ ਦੇ ਹਾਲਤ ਬਾਰੇ ਸਾਰੇ ਜਾਣਦੇ ਹਨ ਕਿ ਜਦੋਂ ਵੀ ਸਿੱਖਾਂ ਉਪਰ ਘੋਰ ਸੰਕਟ ਆਏ ਤਾਂ ਉਨ੍ਹਾਂ ਦਾ ਸਿੱਖੀ ਸਿਦਕ ਵਾਲਾ ਜੀਵਨ ਹੋਰ ਵਧੇਰੇ ਚਮਕਦਿਆ। ਇਸੇ ਤਰ੍ਹਾਂ ਜਦੋਂ ਵੀ ਜੇਲ੍ਹ ਸਟਾਫ ਨੇ ਭਾਈ ਸਾਹਿਬ ਤੇ ਜਬਰ-ਤਸ਼ੱਦਦ ਢਾਹੁਣਾ ਸ਼ੁਰੂ ਕਰਨਾ ਤਾਂ ਆਪ ਦੀ ਸੁਰਤ ਰੂਹਾਨੀਅਤ ਦੇ ਉਚੇ ਮੰਡਲਾਂ ਵਿਚ ਉਡਾਰੀਆਂ ਮਾਰਨ ਲੱਗ ਪੈਂਦੀ। ਆਪ ਇਕ ਥਾਂ ਲਿਖਦੇ ਹਨ : "ਜਿਉਂ ਜਿਉਂ ਸ਼ਰੀਰ ਕਸ਼ਟਾਂ ਦੀ ਕਸੌਟੀ ਦੀ ਸਾਣ ਚੜਦਾ ਸੀ ਤਿਉਂ ਤਿਉਂ ਆਤਮਕ ਅਵਸੱਥਾ ਦੀ ਉਢਾਣ ਹੋਰ ਉੱਚੀ ਹੋ ਜਾਂਦੀ ਸੀ। ਕਈ ਚਿਲੇ ਚੜ੍ਹੇ ਤੇ ਕਈ ਬਾਣ ਉਚਿਆਣ ਤੋਂ ਗਏ, ਡੋਰੀ ਲਿਵ ਚਰਨਾਂ ਦੀ ਗਗਨ ਭਵਨਾਂ ਤੇ ਜਾ ਘੂਕੀ। ਉਥੋਂ ਕੌਣ ਉਤਾਰੇ? ਬਪੜੇ ਤਨ ਤਸੀਹੇ ਕੀਹਦੇ ਪਾਣੀ ਹਨ।" ਪ੍ਰੋ. ਮਹਿਬੂਬ ਅਨੁਸਾਰ ਭਾਈ ਰਣਧੀਰ ਸਿੰਘ ਨੇ ਅੰਗ੍ਰੇਜ਼ ਜੇਲ੍ਹਾਂ ਦੇ ਕਠੋਰ ਤਸੀਹਿਆਂ ਨੂੰ ਸਾਲਾਂ ਬੱਧੀ ਬਿਨਾਂ ਕਿਸੇ ਸ਼ਿਕਵੇ ਦੇ ਖਿੜੇ ਮੱਥੇ ਜਰਦਿਆਂ ਗਿਆਨ ਅਤੇ ਲਿਵ ਦਾ ਦੀਵਾ ਬਲਦਾ ਰੱਖਿਆ। ਜੇਲ੍ਹ ਚਿੱਠੀਆਂ ਦੀ ਚਿਰ ਸਦੀਵੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਆਪਣੇ ਇਕ ਲੇਖ ਵਿਚ ਬਹੁਤ ਸੁੰਦਰ ਲਿਖਿਆ ਹੈ ਕਿ "ਭਾਈ ਸਾਹਿਬ (ਭਾਈ ਰਣਧੀਰ ਸਿੰਘ) ਨੂੰ ਮਿਲਣ ਪਿੱਛੋਂ ਸ਼ਹੀਦ (ਭਗਤ ਸਿੰਘ) ਦੀ ਤੀਖਣ, ਅਸਤਿੱਤਵੀ ਕਸ਼ਮਕਸ਼ ਵਿਚੋਂ ਪੈਦਾ ਹੋਣ ਵਾਲੀ ਦੀਰਘ ਰੂਹਾਨੀ ਤਲਬ ਕੰਮ ਕਰ ਰਹੀ ਸੀ, ਜਿਸ ਨੂੰ ਸਿਰਫ ਲੰਮੀ ਨਜ਼ਮ, ਨਾਟਕ ਜਾਂ ਲੰਮੀ ਕਹਾਣੀ ਵਿਚ ਦਰਸਾਇਆ ਜਾ ਸਕਦਾ ਹੈ। ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਭਾਈ ਰਣਧੀਰ ਸਿੰਧ ਦੀ ਹਜ਼ੂਰੀ ਵਿਚ ਬਿਤਾਏ ਪਲ ਹੀ ਸ਼ਹੀਦ ਦੀ ਜ਼ਿੰਦਗੀ ਦੇ ਸਭ ਤੋਂ ਮਹਾਨ ਪਲ ਸਨ ਅਤੇ ਉਹਨਾਂ ਦਾ ਪ੍ਰਕਾਸ਼ ਕਰਦੀ ਜੇਲ੍ਹ ਚਿੱਠੀ ਇਤਿਹਾਸ ਦੀ ਰੌਸ਼ਨ ਹਕੀਕਤ ਦਾ ਮੁਜੱਸਮਾ ਹੈ।"

ਜੇਲ੍ਹ ਸਾਹਿਤ ਸਬੰਧੀ ਲਿਖੀਆਂ ਗਈਆਂ ਪੁਸਤਕਾਂ ਦੀ ਸ਼ਬਦਾਵਲੀ ਆਮ ਕਰਕੇ ਰਵਾਇਤੀ ਹੁੰਦੀ ਹੈ। ਪਰੰਤੂ 'ਜੇਲ੍ਹ ਚਿੱਠੀਆਂ' ਦੀ ਭਾਸ਼ਾ ਵਿਚ ਪੰਜਾਬੀ ਤੋਂ ਵੱਧ ਸਿੱਖ ਸ਼ਬਦਾਵਲੀ ਤੇ ਇਸ ਤੋਂ ਵੱਧ ਭਾਈ ਸਾਹਿਬ ਦੀ ਦੈਵੀ ਸ਼ਖਸੀਅਤ ਅਨੁਸਾਰ ਨਵੀਂ ਘਾੜਤ ਵਾਲਾ ਤੇ ਨਿਵੇਕਲਾ ਰੰਗ ਸਪਸ਼ਟ ਵੇਖਿਆ ਜਾ ਸਕਦਾ ਹੈ। ਸਿੱਖ ਸ਼ਬਦਾਵਲੀ ਦਾ ਹੋਣਾ ਕੁਦਰਤੀ ਸੀ ਪਰੰਤੂ ਲੋੜ ਅਨੁਸਾਰ ਉਰਦੂ-ਫ਼ਾਰਸੀ ਦੀ ਢੁਕਵੀਂ ਸ਼ਬਦਾਵਲੀ ਦੀ ਬਹੁਤਾਤ ਦੇ ਨਾਲ-ਨਾਲ ਅਜਿਹੇ ਬੇਸ਼ੁਮਾਰ ਸ਼ਬਦ ਸਮਾਸ ਹਨ ਜੋ ਭਾਈ ਸਾਹਿਬ ਨੇ ਘੜੇ ਹਨ ਤੇ ਵਾਕ-ਬਣਤਰ ਅਤੇ ਵਿਸ਼ਾ-ਵਸਤੂ ਦੇ ਅਨੁਸਾਰ ਐਨ ਢੁੱਕਵੇਂ ਹਨ ਜਿਵੇਂ ਅਨੀਤਿਆ, ਭੜਕੂ ਸ਼ਾਹ, ਆਨਨ-ਫਾਨਨ, ਬਿਸਤਰਾ ਬੁਗਚਾ, ਪ੍ਰੇਮ-ਹੁੱਬ, ਨਿਹਾਲਣ, ਚਿੜੀਅਲ, ਮਸਤੁਲ-ਮਸਤ, ਅਖਰਜਾਤ, ਵਾਹਣੇ-ਵਾਹੇ, ਹੋਕਰਾ ਦੇਣਾ, ਨਿਊਣੀਆਂ-ਭਿਊਣੀਆਂ, ਫਾਲਤੂ-ਫੁਰੂਆਤ, ਸੱਜਣ-ਸਾਥੀਅੜੇ, ਹਥ-ਹਟਕੋੜ, ਹੱਥ-ਫੇਰੀਆਂ, ਚਾਪਲੋਸੀ-ਚਾਟ, ਪਿਆਰ-ਪ੍ਰਿੰਮਾ, ਨਿਘਾ-ਨਿਹੁਰਾਇਕੈ, ਮੌਜ-ਸਮੌਜਣ ਤੇ ਹੰਢ-ਹੰਢਣੀਆਂ ਆਦਿ ਭਾਈ ਸਾਹਿਬ ਦੀਆਂ ਰੂਹਾਨੀ ਤਰਕਾਂ ਨੂੰ ਖ਼ੂਬ ਪ੍ਰਗਟਾਉਂਦੇ ਹਨ।

ਸਾਰੀ ਦੁਨੀਆਂ ਵਿਚ ਐਨੀ ਫਰੈਂਕ (Annie Frank) ਦੀ ਡਾਇਰੀ (The Diary of a Young Girl) ਬਾਰੇ ਚਰਚਾ ਹੈ ਕਿ ਉਸਨੇ ਨਾਜ਼ੀਆਂ ਦੇ ਜਰਮਨ ਉਪਰ ਕਬਜ਼ੇ ਬਾਅਦ ਜ਼ੁਲਮਾਂ ਦੇ ਅੱਖੀ ਦੇਖੇ ਹਾਲਾਤ ਕਲਮਬੰਦ ਕੀਤੇ ਹਨ। ਡੱਚ ਭਾਸ਼ਾ ਵਿਚ ਲਿਖੀ ਇਸ ਮੂਲ ਪੁਸਤਕ ਦਾ 1952 ਵਿਚ ਪਹਿਲੀ ਵਾਰ ਅੰਗ੍ਰੇਜ਼ੀ ਸੰਸਕਰਣ, ਛਪਿਆ। ਉਸ ਤੋਂ ਬਾਅਦ ਤਾਂ ਦੁਨੀਆਂ ਦੀਆਂ ਹੋਰ ਬਹੁਤ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ ਹੀ ਨਹੀਂ ਛਪਿਆ ਸਗੋਂ ਇਸ ਡਾਇਰੀ ਉਪਰ ਫਿਲਮਾਂ ਵੀ ਤਿਆਰ ਕੀਤੀਆਂ ਗਈਆਂ। ਇਸ ਦੀ ਚਰਚਾ ਦਾ ਕਾਰਨ ਯਹੂਦੀਆਂ ਉਪਰ ਕੀਤੇ ਗਏ ਜ਼ੁਲਮਾਂ ਦਾ ਸੱਚਾ ਵਰਨਣ ਹੈ। ਮੇਰਾ ਯਕੀਨ ਹੈ ਕਿ ਜਦੋਂ ਹੁਣ ਜੇਲ੍ਹ ਚਿੱਠੀਆਂ ਦਾ ਅਨੁਵਾਦ ਭਾਈ ਰਣਧੀਰ ਸਿੰਘ ਦੀ ਪਾਵਨ ਸ਼ਖਸੀਅਤ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ ਡਾ. ਤਰਲੋਚਨ ਸਿੰਘ ਹੁਰਾਂ ਨੇ ਬਹੁਤ ਸੋਹਣੀ ਅੰਗ੍ਰੇਜ਼ੀ ਵਿਚ ਕੀਤਾ ਹੈ ਤਾਂ ਸਿੱਖ ਹੱਕਾਂ ਤੇ ਪਹਿਰਾ ਦੇਣ ਵਾਲੀ ਵੀਹਵੀਂ ਸਦੀ ਦੀ ਪੂਰਨ ਸਿੱਖ ਸ਼ਖਸੀਅਤ ਭਾਈ ਰਣਧੀਰ ਸਿੰਘ ਦੀ ਇਹ ਰਚਨਾ ਵੀ ਸੰਸਾਰ ਵਿਚ ਪੜ੍ਹੀ ਲਿਖੀ ਜਾਵੇਗੀ।

ਜੇਲ੍ਹ ਚਿੱਠੀਆਂ ਵਿਚ ਮੌਜੂਦ ਸਿਖ ਫ਼ਿਲਾਸਫ਼ੀ, ਵਿਸ਼ੇਸ਼ ਸ਼ਬਦਾਵਲੀ, ਜੇਲ੍ਹ ਨਿਯਮਾਂ ਦੇ ਨਾਲ ਜੇਲ੍ਹ ਸਟਾਫ ਨੂੰ ਪ੍ਰਭਾਵਿਤ ਕਰਨ, ਹੁਰ ਜੁਲਮ ਨੂੰ ਖਿੜੇ ਮੱਥੇ ਝੱਲਣ, ਸਿੱਖ ਸਿਧਾਤਾਂ ਲਈ ਜੇਲ ਮੈਨੂਅਲ ਵਿਚ ਸਦੀਵੀ ਤਬਦੀਲੀ, ਨਿੱਜ ਤੋਂ ਉਠ ਕੇ ਪੰਥਕ ਦਰਦ ਮਹਿਸੂਸ ਕਰਨ, ਰੂਹਾਨੀਅਤ ਦਾ ਪ੍ਰਕਾਸ਼, ਨਿਰਭੈ ਅਵਸਥਾ ਵਿਚ ਰਹਿਣ ਨੂੰ ਵੇਖਦੇ ਹੋਏ ਇਸ ਰਚਨਾ ਨੂੰ ਵਿਸ਼ਵ ਜੇਲ੍ਹ ਸਾਹਿਤ ਵਿਚ ਉਚਾ ਸਥਾਨ ਪ੍ਰਾਪਤ ਹੈ।

**ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕਿਤਾਬ ਸਿਮਰਤੀ ਗ੍ਰੰਥ ਵਿਚੋਂ ਧੰਨਵਾਦ ਸਹਿਤ**

# ਸਿੱਖਾਂ ਦੇ ਸਰਬਉੱਚ ਅਸਥਾਨ ਉਪਰ ਫੌਜੀ ਹਮਲਾ ਅਤੇ ਸਿੱਖਾਂ ਦੇ ਕਤਲੇਆਮ ਨੂੰ ਅੱਜ ਵੀ ਦੁਨੀਆ ਭਰ ਵਿੱਚ ਬੈਠਾ ਸਿੱਖ ਕੱਲ੍ਹ ਵਾਂਗ ਮਹਿਸੂਸ ਕਰ ਰਿਹਾ ਹੈ : ਸਿੰਘ ਬ੍ਰਦਰਜ਼





ਸਨਫਰਾਂਸਿਸਕੋ/ ਕੈਲੀਫੋਰਨੀਆ (ਬਿਊਰੋ ਨਿਊਜ਼) : ਨਗਰ ਕੀਰਤਨ ਸਨਫਰਾਂਸਿਸਕੋ ਵਿਖੇ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਸੀ। ਸੰਗਤਾ 'ਚ ਭਾਰੀ ਰੋਹ ਵਿੱਚ ਸੀ। ਇਸ ਵਾਰੇ ਗੱਲਬਾਤ ਕਰਦਿਆਂ ਕਮਿਊਨਟੀ ਦੇ ਉਘੇ ਆਗੂ ਸ੍ਰ. ਜਰਨੈਲ ਸਿੰਘ ਕੁਲਾਰ ਅਤੇ ਨੌਜਵਾਨ ਆਗੂਆਂ ਜਿਨ੍ਹਾਂ 'ਚ ਸੁਖਬੀਰ ਸਿੰਘ, ਜਰਨੈਲ ਸਿੰਘ, ਇੰਦਰਜੀਤ ਸਿੰਘ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖਾਂ ਦੇ ਸਰਬਉੱਚ ਅਸਥਾਨ ਉਪਰ ਫੌਜੀ ਹਮਲਾ ਅਤੇ ਸਿੱਖਾਂ ਦੇ ਕਤਲੇਆਮ ਨੂੰ ਅੱਜ ਵੀ ਦੁਨੀਆ ਭਰ ਵਿੱਚ ਬੈਠਾ ਸਿੱਖ ਕੱਲ੍ਹ ਵਾਂਗ ਮਹਿਸੂਸ ਕਰ ਰਿਹਾ ਹੈ।

ਉਨ੍ਹਾਂ ਅੱਜ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਨਗਰ ਕੀਰਤਨ 'ਚ ਪਹੁੰਚੇ ਹਜ਼ਾਰਾਂ ਪਰਿਵਾਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।




ਸ. ਜਰਨੈਲ ਸਿੰਘ ਕੁਲਾਰ, ਸ. ਸੁਖਬੀਰ ਸਿੰਘ, ਸ. ਜਰਨੈਲ ਸਿੰਘ, ਇੰਦਰਜੀਤ ਸਿੰਘ

## ਸ਼ਹੀਦ ਕੌਮ ਦਾ ਸਰਮਾਇਆ ਤੇ ਜਿੰਦ ਜਾਨ ਹੁੰਦੇ, ਆਹ ਨਹੀਂ ਭਰਦੇ ਜਦੋਂ ਕੁਰਬਾਨ ਹੁੰਦੇ ਨੇ

# ਅਸੀਂ ਮੌਜੂਦਾ ਤੇ ਪੁਰਾਤਨ ਸ਼ਹੀਦਾਂ ਨੂੰ ਕੋਟਿਨ ਕੋਟ ਪ੍ਰਣਾਮ ਕਰਦੇ ਹਾਂ : ਸ. ਸੁਖਵਿੰਦਰ ਸਿੰਘ ਗੋਗੀ



ਸਨ ਫਰਾਂਸਿਸਕੋ ਕੈਲੀਫੋਰਨੀਆ : ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹਦਿੀ ਦਿਵਸ ਅਤੇ ਦਰਬਾਰ ਸਾਹਿਬ ਉਪਰ ਹਮਲੇ ਦੀ ਯਾਦ 'ਚ ਸਲਾਨਾ ਨਗਰ ਕੀਰਤਨ ਉਪਰ ਵਿਸ਼ਾਲ ਨਗਰ ਕੀਰਤਨ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਕੇਂਦਰੀ ਵਾਦੀ ਤੇ ਹੋਰ ਵੱਖ ਵੱਖ ਥਾਵਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ। ਇਸ ਮਹਾਨ ਨਗਰ ਕੀਰਤਨ ਉਪਰ ਕਮਿਊਨਟੀ ਦੇ ਉਘੇ ਨੌਜਵਾਨ ਆਗੂ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਪ੍ਰਮੋਟ ਕਰਨ ਵਾਲੇ ਸਰਦਾਰ ਸੁਖਵਿੰਦਰ ਸਿੰਘ ਗੋਗੀ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦ ਕੌਮਾਂ ਦਾ ਗਹਿਣਾ ਹੁੰਦੇ ਹਨ। ਉਹ ਕੌਮਾਂ ਇਤਿਹਾਸ ਵਿੱਚ ਗਰਕ ਹੋ ਜਾਂਦੀਆਂ ਹਨ ਜੋ ਆਪਣੇ ਕੌਮੀ ਸ਼ਹੀਦਾਂ ਦਾ ਸਨਮਾਨ ਤੇ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਉਪਰ ਨਹੀਂ ਚਲਦੀਆਂ ਉਨ੍ਹਾਂ ਦੁਨੀਆ ਭਰ ਵਿੱਚ ਵਸਦੇ ਸਮੂਹ ਪੰਥ ਨੂੰ ਇਕੱਠਾ ਹੋਣ ਦੀ ਬੇਨਤੀ ਕੀਤੀ ਅਤੇ ਅੱਜ ਦੇ ਸਨਫਰਾਂਸਿਸਕੋ ਵਿਖੇ ਵਿਸ਼ਾਲ ਨਗਰ ਕੀਰਤਨ ਉਪਰ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੱਤੀ।














# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਦੀ ਦਾ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 39ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਭਾਰੀ ਇਕੱਠ












ਸੈਨ ਫਰਾਂਸਿਸਕੋ, ਕੈਲੀਫੋਰਨੀਆ : ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਅਤੇ 1984 ਵਿਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਹਮਲੇ ਦੀ 39 ਵੀਂ ਵਰ੍ਹ ਗੰਢ ਸੈਨ ਫਰਾਂਸਿਸਕੋ ਵਿਖੇ ਨਗਰ ਕੀਰਤਨ ਦੇ ਰੂਪ 'ਚ ਸਮੂਹਕ ਤੌਰ 'ਤੇ ਮਨਾਈ। ਇਸ ਮੌਕੇ ਵਿਸ਼ਾਲ ਸਮਾਗਮ ਵਿਚ ਬੇਅ ਏਰੀਆ, ਸੈਕਰਾਮੈਂਟੋ ਅਤੇ ਕੇਂਦਰੀ ਵਾਦੀ ਤੇ ਹੋਰ ਵੱਖ-ਵੱਖ ਥਾਵਾਂ ਤੋਂ ਹਜ਼ਾਰਾਂ ਸਿੱਖਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਕੱਢੀ ਗਈ ਪਰੇਡ ਵਿਚ ਇਸ ਗੱਲ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਕਿ 39 ਸਾਲ ਬੀਤ ਜਾਣ ਦੇ ਬਾਅਦ ਵੀ ਘੱਟ ਗਿਣਤੀ ਸਿੱਖਾਂ ਦੀਆਂ ਧਾਰਮਿਕ ਅਤੇ ਆਰਥਿਕ ਮੰਗਾਂ ਅਜੇ ਵੀ ਅਣਸੁਲਝੀਆਂ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਬਿਨਾਂ ਕਿਸੇ ਦੋਸ਼ ਅਤੇ ਅਪਰਾਧ ਦੇ ਜੇਲਾਂ ਵਿਚ ਬੰਦ ਹਨ। ਭਾਰਤ ਵਿਚ ਸਿੱਖਾਂ ਨੂੰ ਜਬਰ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਅਤੇ ਹੋਰਨਾਂ ਭਾਰਤੀ ਸ਼ਹਿਰਾਂ ਵਿਚ ਵਾਪਰੀ ਸਿੱਖ ਨਸਲਕੁਸ਼ੀ ਦੇ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿਚ ਹਨ।

ਇਸ ਵਿਸਾਲ ਅਤੇ ਮਹਾਨ ਸਮਾਗਮ ਵਿੱਚ ਜਿਥੇ ਦੂਰੋਂ ਨੇੜਿਓਂ ਸਿੱਖ ਭਾਈਚਾਰੇ ਦੇ ਲੋਕ ਵੱਡੀ ਗਿਣਤੀ 'ਚ ਇਕੱਠੇ ਹੋਏ ਉਥੇ ਸਿੱਖ ਭਾਈਚਾਰੇ ਦੇ ਲੀਡਰ ਵੀ ਪਹੁੰਚੇ, ਜਿਨ੍ਹਾਂ 'ਚ ਡਾ. ਪ੍ਰਿਤਪਾਲ ਸਿੰਘ (AGPC), ਸ. ਜੌਹਨ ਸਿੰਘ ਗਿੱਲ, ਸ. ਸੰਤ ਸਿੰਘ ਹੋਠੀ ਪ੍ਰਧਾਨ (AGPC), ਹਰਜੋਤ ਸਿੰਘ ਖਾਲਸਾ, ਸ੍ਰ. ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ੍ਰ. ਜਸਵਿੰਦਰ ਸਿੰਘ ਜੰਡੀ ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਾਂਟ, ਸ: ਹਰਨੇਕ ਸਿੰਘ ਅਟਵਾਲ, ਜਸਜੀਤ ਸਿੰਘ ਅੰਮ੍ਰਿਤਸਰ ਟਾਈਮਜ਼, ਮਨਜੀਤ ਸਿੰਘ ਬਰਾੜ, ਸੰਦੀਪ ਸਿੰਘ ਜੰਟੀ, ਸ: ਸਤਨਾਮ ਸਿੰਘ ਖਹਿਰਾ, ਗੁਲਵਿੰਦਰ ਸਿੰਘ ਭਿੰਦਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਸ: ਰੇਸ਼ਮ ਸਿੰਘ, ਸ: ਕੁਲਜੀਤ ਸਿੰਘ ਨਿੱਝਰ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ, ਸ: ਤਜਿੰਦਰ ਸਿੰਘ ਦੁਸਾਂਝ ਯੂਬਾ ਸਿਟੀ, ਸ: ਮੇਜਰ ਸਿੰਘ ਨਿੱਝਰ, ਸ: ਜਸਬੀਰ ਸਿੰਘ ਦਿੱਲੀ, ਸ: ਹਰਦੀਪ ਸਿੰਘ ਹੇਅਰ, ਭਾਈ ਜਸਵਿੰਦਰ ਸਿੰਘ ਜੰਡੀ, ਸੁਪਰੀਮ ਕੌਂਸਲ ਮੈਂਬਰ ਸ: ਰਜਿੰਦਰ ਸਿੰਘ ਸੇਖੋਂ, ਸੁਖਵਿੰਦਰ ਸਿੰਘ ਗੋਗੀ, ਸ: ਪਰਮਿੰਦਰ ਸਿੰਘ ਸਾਹੀ, ਸ: ਹਰਦੇਵ ਸਿੰਘ ਭਲਵਾਨ, ਲਾਲੀ ਧਨੋਆ, ਸ: ਸੁਖਦੇਵ ਸਿੰਘ ਬੈਨੀਵਾਲ, ਸ. ਰਾਜਾ ਨੂਰਪੁਰੀਆ ਸ. ਬਲਜੀਤ ਸਿੰਘ ਫਰੀਮਾਂਟ, ਸ. ਸੁਖਵਿੰਦਰ ਸਿੰਘ ਗੋਗੀ ਸ: ਜਸਦੇਵ ਸਿੰਘ ਸਾਬਕਾ ਸੁਪਰੀਮ ਕੌਂਸਲ ਮੈਂਬਰ ਗੁਰਦਵਾਰਾ ਸਾਹਿਬ ਫਰੀਮਾਂਟ, ਸ: ਦਿਦਾਰ ਸਿੰਘ ਐਲਸਬਰਾਂਟੇ ਗੱਤਕਾ ਦੱਲ, ਸ: ਜਸਪ੍ਰੀਤ ਸਿੰਘ ਲਵਲਾ ਗੱਤਕਾ ਦੱਲ, ਸ: ਕਸਮੀਰ ਸਿੰਘ ਸਾਹੀ, ਸ: ਜਰਨੈਲ ਸਿੰਘ ਮਿਨਹਾਸ,








## ਜਿਨ੍ਹਾਂ ਨੇ ਕੌਮ ਦੀ ਅਣਖ ਗੈਰਤ ਤੇ ਅਜ਼ਾਦੀ ਲਈ ਆਪਣੀਆਂ ਅਸਹਿ ਤੇ ਅਕਹਿ ਤਸੀਹੇ ਸਹਿੰਦੇ ਹੋਏ ਜਾਨਾਂ ਕੁਰਬਾਨ ਕਰ ਦਿੱਤੀਆਂ ਉਨ੍ਹਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ










ਸੈਨ ਫ਼ਰਾਂਸਿਸਕੋ ਵਿੱਚਲੇ ਸਿਵਕ ਸੈਂਟਰ ਦੇ ਸੁੰਦਰ ਮੈਦਾਨ ਵਿੱਚ ਸਿਟੀ ਹਾਲ ਦੇ ਸਾਹਮਣੇ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੀ ਸ਼ਹੀਦੀ ਨੂੰ ਮਨਾਉਂਦਿਆਂ ਜੂਨ '84 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਸਜਾਏ ਨਗਰ ਕੀਰਤਨ-ਫ਼ਰੀਡਮ ਮਾਰਚ ਤੇ ਸਿੱਖ ਪ੍ਰਭੂਸਤਾ ਰੈਲੀ ਵਿਚ ਸ਼ਹੀਦ ਪ੍ਰਵਾਰਾਂ ਨੂੰ ਸਨਮਾਨਤ ਕੀਤਾ ਗਿਆ।

# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਦੀ ਦਾ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 39ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਭਾਰੀ ਇਕੱਠ




## ਸੈਨ ਫਰਾਂਸਿਸਕੋ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਹਰਿਮੰਦਰ ਸਾਹਿਬ ਦੇ ਹਮਲੇ ਦੀ ਯਾਦ ਵਿੱਚ 'ਆਜ਼ਾਦੀ ਮਾਰਚ' ਵਿੱਚ ਹਜ਼ਾਰਾਂ ਸਿੱਖਾਂ ਨੇ ਕੀਤੀ ਸ਼ਮੂਲੀਅਤ

ਸੈਕਰਾਮੈਂਟੋ, ਕੈਲੇਫੋਰਨੀਆਂ ( ਹੁਸਨ ਲੜੋਆ ਬੰਗਾ) ਹਜ਼ਾਰਾਂ ਸਿੱਖ 4 ਜੂਨ, 2023 ਨੂੰ ਸੈਨ ਫਰਾਂਸਿਸਕੋ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ, ਦਰਬਾਰ ਸਾਹਿਬ ਉੱਤੇ ਭਾਰਤੀ ਫ਼ੌਜਾਂ ਦੁਆਰਾ ਕੀਤੇ ਗਏ ਹਮਲੇ ਦੀ 39ਵੀਂ ਬਰਸੀ ਮਨਾਉਣ ਲਈ ਇਕੱਠੇ ਹੋਏ। ਇਸ ਸਮਾਗਮ, ਜਿਸ ਨੂੰ 'ਆਜ਼ਾਦੀ ਮਾਰਚ' ਵਜੋਂ ਵੀ ਜਾਣਿਆ ਜਾਂਦਾ ਹੈ, ਇਸਦਾ ਉਦੇਸ਼ ਧਾਰਮਿਕ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਅਖੌਤੀ 'ਆਪ੍ਰੇਸ਼ਨ ਬਲੂ ਸਟਾਰ' ਦੀਆਂ ਦੁਖਦਾਈ ਘਟਨਾਵਾਂ ਨੂੰ ਯਾਦ ਕਰਨਾ ਹੈ।

ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਇਹ ਯਾਦਗਾਰੀ ਸਮਾਗਮ ਗੁਰੂ ਅਰਜਨ ਦੇਵ ਜੀ ਦੀ ਅਟੁੱਟ ਸ਼ਰਧਾ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਯਾਦ ਦਿਵਾਉਂਦਾ ਹੈ, ਜੋ ਸਿੱਖਾਂ ਦੀਆਂ ਪੀੜ੍ਹੀਆਂ ਨੂੰ ਵਿਸ਼ਵਾਸ, ਦਇਆ ਅਤੇ ਸਮਾਨਤਾ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਇਤਿਹਾਸਕਾਰ ਜੋ ਇਸ ਜੇ.ਐਮ. ਪੇਟੀਗਰਿਊ ਨੇ ਟਿੱਪਣੀ ਕੀਤੀ ਹੈ ਕਿ ਇਸ ਕਾਰਵਾਈ ਦਾ ਉਦੇਸ਼ ਸਿਰਫ਼ ਕਿਸੇ ਸਿਆਸੀ ਸ਼ਖਸੀਅਤ ਜਾਂ ਲਹਿਰ ਨੂੰ ਖ਼ਤਮ ਕਰਨਾ ਨਹੀਂ ਸੀ, ਸਗੋਂ ਸਿੱਖ ਸੱਭਿਆਚਾਰ ਨੂੰ ਦਬਾਉਣ, ਉਨ੍ਹਾਂ ਦੀ ਭਾਵਨਾ 'ਤੇ ਹਮਲਾ ਕਰਨਾ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਨਾ ਸੀ। 1 ਜੂਨ ਤੋਂ 6 ਜੂਨ, 1984 ਤੱਕ ਹੋਏ ਹਮਲੇ ਦੌਰਾਨ, ਭਾਰਤੀ ਫੌਜ ਨੇ ਟੈਂਕਾਂ, ਬਖਤਰਬੰਦ ਵਾਹਨਾਂ ਅਤੇ ਹੈਲੀਕਾਪਟਰ ਗਨਸ਼ਿਪਾਂ ਦੁਆਰਾ ਸਮਰਥਤ ਛੇ ਇਨਫੈਂਟਰੀ ਬਟਾਲੀਅਨ ਅਤੇ ਕਮਾਂਡੋਜ਼ ਦੀ ਇੱਕ ਟੁਕੜੀ ਤਾਇਨਾਤ ਕੀਤੀ। ਇਸ ਹਮਲੇ ਵਿੱਚ ਨਾ ਸਿਰਫ਼ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਬਲਕਿ ਪੰਜਾਬ ਭਰ ਦੇ 34 ਹੋਰ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ।









ਸ: ਨਿਰਪਾਲ ਸਿੰਘ ਮੁਸ਼ਿਆਣਾ ਫਰੀਮਾਂਟ, ਭੁਪਿੰਦਰ ਸਿੰਘ ਪਦਮ ਇਸ ਮਹਾਨ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਧਾਰਮਿਕ ਸਟੇਜ ਤੋਂ ਸਾਰੀ ਕਾਰਵਾਈ ਸ. ਦਵਿੰਦਰ ਸਿੰਘ ਸਕੱਤਰ ਗੁਰਦੁਆਰਾ ਸਾਹਿਬ ਫਰੀਮਾਂਟ ਨੇ ਨਿਭਾਈ।

ਸੈਨ ਫਰਾਂਸਿਸਕੋ ਦੇ ਸਵਿਕ ਸੈਂਟਰ ਦੀ ਖੁੱਲ੍ਹੀ ਪਾਰਕ 'ਚ ਸਿੱਖ ਸੰਗਤ ਸਮਾਗਮ ਦੇ ਅਖੀਰ ਤੱਕ ਬੁਲਾਰਿਆਂ ਨੂੰ ਸੁਣਦੀ ਰਹੀ ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਰਿਸ਼ਤੇਦਾਰਾਂ ਨੂੰ ਵੀ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ।









# ਸ਼ਹੀਦਾਂ ਦੇ ਸਿਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਦੀ ਦਾ ਸ਼ਹੀਦੀ ਦਿਵਸ ਅਤੇ ਦਰਬਾਰ ਸਾਹਿਬ 'ਤੇ ਹਮਲੇ ਦੀ 39ਵੀਂ ਵਰ੍ਹੇਗੰਢ ਮੌਕੇ ਸੈਨ ਫਰਾਂਸਿਸਕੋ ਵਿਖੇ ਭਾਰੀ ਇਕੱਠ






























### ਨਗਰ ਕੀਰਤਨ ਸਨਫਰਾਂਸਿਸਕੋ ਵਿਖੇ

# ਬਾਬੇ ਨਾਨਕ ਦੇ ਸਮੂਹ ਨਿਸ਼ਕਾਮ ਸੇਵਾਦਾਰਾਂ ਵੱਲੋਂ ਗੁਰੂ ਦੇ ਲੰਗਰਾਂ ਦੀ ਸ਼ਰਧਾ ਨਾਲ ਸੇਵਾ




ਸਨਫਰਾਂਸਿਸਕਕੈਲੀਫੋਰਨੀਆ (ਬਿਊਰੋ ਨਿਊਜ਼) : ਨਗਰ ਕੀਰਤਨ ਸਨਫਰਾਂਸਿਸਕੋ ਵਿਖੇ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਸੀ। ਉਥੇ ਬਾਬੇ ਨਾਨਾਕ ਦੇ ਘਰ ਦੇ ਪ੍ਰਵਾਰ ਦੇ ਨਿਸ਼ਕਾਮ ਸੇਵਾਦਾਰਾਂ ਅਤੇ ਉਨ੍ਹਾਂ ਨਾਲ ਅਣਗਿਣਤ ਗੁਰੂ ਦੇ ਸੇਵਾਦਾਰ ਗੁਰੂ ਦੀਆਂ ਸੰਗਤਾਂ ਦੀ ਭਾਰੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ।

ਇਸ ਮਹਾਨ ਸੇਵਾ 'ਚ ਗੁਰੂ ਕਿਰਪਾ ਨਾਲ ਲੰਗਰ ਲਗਾ ਕੇ ਸੇਵਾਦਾਰ ਸੇਵਾ ਕਰ ਰਹੇ ਸਨ। ਚਾਹ, ਪਕੌੜੇ, ਛੋਲੇ ਭਟੂਰੇ ਅਤੇ ਵੱਖ ਵੱਖ





ਮਠਿਆਈਆ ਨਾਲ ਸੇਵਾ ਕੀਤੀ ਜਾ ਰਹੀ ਸੀ। ਸਾਡੇ ਲੋਕ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਮਿਊਨਟੀ ਦੇ ਨਿਸ਼ਕਾਮ ਸੇਵਾਦਾਰਾਂ ਨੇ ਕਿਹਾ ਕਿ ਅਸੀਂ ਵਡਭਾਗੇ ਹਾਂ ਗੁਰੂ ਸਾਹਿਬ ਸਾਡੇ ਪ੍ਰਵਾਰ ਦੇ ਸਿਰ ਉਪਰ ਹੱਥ ਰੱਖਕੇ ਸੇਵਾ ਲੈ ਰਿਹਾ ਹੈ।

## ਇਸ ਸਮੇਂ ਦੀਆਂ ਗੁਰੁ ਕੇ ਨਿਸ਼ਕਾਮ ਸੇਵਾਦਾਰਾਂ ਵਲੋਂ ਯਾਦਗਾਰੀ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।











# ਏਕ ਨੂਰ ਸੇਵਾ ਸੁਸਾਇਟੀ ਵਲੋਂ ਗੁਰੂ ਕੇ ਲੰਗਰਾਂ ਦੀ ਸੇਵਾ ਨਾਲ ਸ਼ਹੀਦਾਂ ਨੂੰ ਸ਼ਰਧਾਜਲੀ








ਸਨਫਰਾਂਸਿਸਕੋ ਕੈਲੀਫੋਰਨੀਆ: ਮਨੁੱਖਤਾ ਦੀ ਭਲਾਈ ਅਤੇ ਸੇਵਾ ਲਈ ਬਣਾਈ ਏਕ ਨੂਰ ਸੇਵਾ ਸੁਸਾਇਟੀ ਵਲੋਂ ਨਗਰ ਕੀਰਤਨ ਸਨਫਰਾਂਸਿਸਕੋ ਵਿਖੇ ਏਕ ਨੂਰ ਸੇਵਾ ਸੁਸਾਇਟੀ ਦੀਆਂ ਸਮੂਹ ਸੰਗਤਾਂ ਵਲੋਂ ਗੁਰੂ ਕੀਆਂ ਸੰਗਤਾਂ ਦੀ ਸ਼ਰਧਾ, ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਕੀਤੀ। ਉਘੇ ਸਿੱਖ ਆਗੂ ਅਤੇ ਬਿਜ਼ਨਸਮੈਨ ਸ: ਭੁਪਿੰਦਰ ਸਿੰਘ ਪਦਮ ਅਤੇ ਸ: ਰਾਜਿੰਦਰ ਸਿੰਘ ਭੱਚੂ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਭਲਾਈ ਅਤੇ ਸੇਵਾ ਲਈ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਪੁਰਾਤਨ ਅਤੇ ਮੌਜੂਦਾ ਸ਼ਹੀਦਾਂ ਨੂੰ ਗੁਰੂ ਕੇ ਲੰਗਰਾਂ ਦੀ ਸੇਵਾ ਨਾਲ ਸ਼ਹੀਦਾਂ ਨੂੰ ਸ਼ਰਧਾਜਲੀ ਦੇ ਰਹੇ ਹਾਂ। ਉਨ੍ਹਾਂ ਅਤੇ ਉਨ੍ਹਾਂ ਨਾਲ ਸੇਵਾ ਕਰ ਰਹੇ ਸਮੂਹ ਸੇਵਾਦਾਰਾਂ ਨੇ ਸਮੂਹ ਸੰਗਤ ਦਾ ਇਸ ਭਰਵੇਂ ਸਹਿਯੋਗ ਲਈ ਤਹਿ ਦਿਲ ਤੋਂ ਧੰਨਵਾਦ ਕੀਤਾ।




## ਕੈਨੇਡਾ ਦੇ ਜੰਗਲਾਂ ਚ ਲੱਗੀ ਭਿਆਨਕ ਅੱਗ ਕਾਰਨ ਤਪਿਆ ਨਿਊਯਾਰਕ, ਛਾਇਆ ਹਨੇਰਾ




ਨਿਊਯਾਰਕ : ਕੈਨੇਡਾ ਦੇ ਜੰਗਲਾਂ ਵਿੱਚ ਲੱਗੀ ਅੱਗ ਦੇ ਧੂੰਏਂ ਕਾਰਨ ਅਮਰੀਕਾ ਦੇ ਕਈ ਰਾਜਾਂ ਵਿੱਚ ਹਵਾ ਦੀ ਗੁਣਵੱਤਾ ਸਬੰਧੀ ਅਲਰਟ ਜਾਰੀ ਕੀਤਾ ਗਿਆ ਹੈ। ਨਿਊਯਾਰਕ ਸਿਟੀ ਦੇ ਆਸਮਾਨ ਵਿਚ ਤੇਜ਼ੀ ਨਾਲ ਹਨੇਰਾ ਛਾ ਰਿਹਾ ਹੈ ਅਤੇ ਨਿਊਯਾਰਕ ਰਾਜ ਦੀ ਗਵਰਨਰ ਕੈਥੀ ਹੋਚੁਲ ਨੇ ਇਸ ਨੂੰ 'ਇੱਕ ਐਮਰਜੈਂਸੀ ਸੰਕਟ' ਕਿਹਾ ਹੈ। ਇਕ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਨਿਊਯਾਰਕ ਸਿਟੀ ਵਿੱਚ ਏਅਰ ਕੁਆਲਿਟੀ ਇੰਡੈਕਸ ਬੁੱਧਵਾਰ ਦੁਪਹਿਰ ਨੂੰ 'ਖਤਰਨਾਕ' ਪੱਧਰ 'ਤੇ ਪਹੁੰਚ ਗਿਆ। ਦੁਪਹਿਰ 3 ਵਜੇ ਤੱਕ ਇਹ 300 ਤੋਂ ਉੱਪਰ ਸੀ। ਅਮਰੀਕੀ ਸਰਕਾਰ ਦੇ ਆਨਲਾਈਨ ਪਲੇਟਫਾਰਮ AirNow ਦੇ ਅਨੁਸਾਰ, ਇੱਕ ਹਵਾ ਗੁਣਵੱਤਾ ਡੇਟਾ ਸਾਈਟ, ਜਿਸ ਨੇ ਚੇਤਾਵਨੀ ਦਿੱਤੀ ਹੈ ਕਿ ਏਅਰ ਕੁਆਲਿਟੀ ਇੰਡੈਕਸ ਦੇ ਇਸ ਪੱਧਰ 'ਤੇ ਪਹੁੰਚਣ ਕਾਰਨ ਹਰ ਕਿਸੇ ਨੂੰ ਘਰ ਦੇ ਅੰਦਰ ਰਹਿਣਾ ਚਾਹੀਦਾ ਹੈ ਅਤੇ ਗਤੀਵਿਧੀ ਦੇ ਪੱਧਰ ਨੂੰ ਘਟਾਉਣਾ ਚਾਹੀਦਾ ਹੈ।

ਨਿਊਯਾਰਕ ਸਟੇਟ ਡਿਪਾਰਟਮੈਂਟ ਆਫ਼ ਐਨਵਾਇਰਮੈਂਟਲ ਕੰਜ਼ਰਵੇਸ਼ਨ ਨੇ ਸ਼ਹਿਰ ਭਰ ਵਿੱਚ ਹਵਾ ਦੀ ਗੁਣਵੱਤਾ ਨੂੰ ਲੈ ਐਡਵਾਇਜ਼ਰੀ ਵਿਚ ਵਿਸਥਾਰ ਕੀਤਾ ਹੈ ਅਤੇ ਜਿਨ੍ਹਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਹਨ, ਉਹਨਾਂ ਨੂੰ ਜਿੰਨਾ ਸੰਭਵ ਹੋ ਸਕੇ ਬਾਹਰੀ ਗਤੀਵਿਧੀਆਂ ਤੋਂ ਬਚਣ ਲਈ ਕਿਹਾ ਗਿਆ ਹੈ। ਰਾਜ ਦਾ ਲੌਂਗ ਆਈਲੈਂਡ ਅਤੇ ਹਡਸਨ ਵੈਲੀ ਵੀ ਹਵਾ ਦੀ ਗੁਣਵੱਤਾ ਸੰਬੰਧੀ ਐਡਵਾਇਜ਼ਰੀ ਦੇ ਅਧੀਨ ਹਨ। ਖੇਤਰ ਦੇ ਆਲੇ-ਦੁਆਲੇ ਦੇ ਕਈ ਸ਼ਹਿਰਾਂ ਅਤੇ ਨਗਰ ਪਾਲਿਕਾਵਾਂ ਨੇ ਵੀ ਵਿਅਕਤੀਗਤ ਹਵਾ ਗੁਣਵੱਤਾ ਚੇਤਾਵਨੀਆਂ ਜਾਰੀ ਕੀਤੀਆਂ ਹਨ, ਜਿਸ ਵਿਚ ਨਿਵਾਸੀਆਂ ਨੂੰ ਕੁਝ ਬਾਹਰੀ ਸਮਾਗਮਾਂ ਨੂੰ ਰੱਦ ਕਰਦੇ ਹੋਏ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ ਹੈ। ਨਿਊਯਾਰਕ ਸਿਟੀ ਅਤੇ ਰਾਜ ਭਰ ਦੇ ਕਈ ਵੱਡੇ ਸ਼ਹਿਰਾਂ ਵਿੱਚ ਪਬਲਿਕ ਸਕੂਲਾਂ ਨੇ ਵੀ ਬਾਹਰੀ ਗਤੀਵਿਧੀਆਂ ਨੂੰ ਰੱਦ ਕਰ ਦਿੱਤਾ ਹੈ। ਹਵਾ ਦੀ ਗੁਣਵੱਤਾ ਦੇ ਕਾਰਨ ਸੰਘੀ ਹਵਾਬਾਜ਼ੀ ਪ੍ਰਸ਼ਾਸਨ (611) ਨੇ ਖੇਤਰ ਦੀ ਵਿਜ਼ੀਬਿਲਟੀ ਨੂੰ ਸਹੀ ਕਰਨ ਲਈ ਕੁਝ ਖੇਤਰ ਦੇ ਹਵਾਈ ਅੱਡਿਆਂ 'ਤੇ ਉਡਾਣਾਂ ਨੂੰ ਰੋਕ ਦਿੱਤਾ ਹੈ ਅਤੇ ਦੇਰੀ ਨਾਲ ਕੁੱਝ ਉਡਾਣਾਂ ਚਲਾਈਆਂ ਜਾ ਰਹੀਆਂ ਹਨ।

## ਮੰਦਰ ਜਾਂ ਗੁਰਦੁਆਰੇ 'ਚ ਭੰਨਤੋੜ ਨੂੰ ਵੀ ਅਮਰੀਕਾ 'ਚ ਹੁਣ ਮੰਨਿਆ ਜਾਵੇਗਾ 'ਨ.ਫਰਤ ਅਪਰਾਧ'

ਵਾਸ਼ਿੰਗਟਨ : ਅਮਰੀਕਾ ਦੇ ਮਿਸ਼ੀਗਨ ਸੂਬੇ ਵਿਚ ਇਕ ਭਾਰਤੀ-ਅਮਰੀਕੀ ਸੰਸਦ ਮੈਂਬਰ ਨੇ 'ਨਫਰਤ ਅਪਰਾਧ' ਦੀ ਵਿਆਖਿਆ ਵਿਚ ਵਿਸਤਾਰ ਕਰਨ ਲਈ ਇਕ ਬਿੱਲ ਪੇਸ਼ ਕੀਤਾ ਅਤੇ ਇਸ ਵਿਚ ਪੂਜਾ ਵਾਲੀ ਜਗ ?ਹਾ 'ਤੇ ਭੰਨਤੋੜ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੀਵਾਲੀ, ਵਿਸਾਖੀ, ਈਦ-ਉਲ-ਫਿਤਰ, ਈਦ-ਉਲ-ਅਜਹਾ (ਬਕਰੀਦ) ਅਤੇ ਚੰਦਰ ਨਵੇਂ ਸਾਲ ਨੂੰ ਮਿਸ਼ੀਗਨ ਵਿਚ ਅਧਿਕਾਰਕ ਛੁੱਟੀ ਦੇ ਰੂਪ ਵਿਚ ਮਾਨਤਾ ਦੇਣ ਲਈ ਵੀ ਇਕ ਬਿੱਲ ਪੇਸ਼ ਕੀਤਾ ਹੈ। ਮਿਸ਼ੀਗਨ ਸੂਬੇ ਦੀ ਨੁਮਾਇੰਦਗੀ ਕਰਨ ਵਾਲੇ ਰਾਜੀਵ ਪੁਰੀ ਦੇ ਮਾਤਾ-ਪਿਤਾ 1970 ਦੇ ਦਹਾਕੇ ਵਿਚ ਅੰਮ੍ਰਿਤਸਰ ਤੋਂ ਅਮਰੀਕਾ ਆਏ ਸਨ ਅਤੇ ਉਨ੍ਹਾਂ ਦੇ ਪਿਤਾ ਨੇ ਵਿਸਕੌਂਸਿਨ ਵਿਚ ਪਹਿਲਾ ਸਿੱਖ ਗੁਰਦੁਆਰਾ ਸਥਾਪਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।



ਪੁਰੀ ਨੇ ਦੱਸਿਆ ਕਿ ਮਿਸ਼ੀਗਨ ਵਿਚ ਮੂਲ ਨਫਰਤ ਅਪਰਾਧ ਬਿੱਲ 1988 ਵਿਚ ਲਿਖਿਆ ਗਿਆ ਸੀ ਅਤੇ ਉਦੋਂ ਤੋਂ ਇਸ ਨੂੰ ਅਪਡੇਟ ਨਹੀਂ ਕੀਤਾ ਗਿਆ ਹੈ। 35 ਸਾਲ ਹੋ ਗਏ ਹਨ ਅਤੇ ਇਸ ਲਈ ਅਸੀਂ ਇਸ ਨੂੰ ਜ਼ਿਆਦਾ ਸਮਾਵੇਸ਼ੀ ਬਣਾਉਣ ਦੇ ਉਦੇਸ਼ ਨਾਲ ਵਿਆਖਿਆ ਨੂੰ ਅਪਡੇਟ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਮੰਦਰ, ਮਸਜਿਦ ਜਾਂ ਗੁਰਦੁਆਰਾ ਵਰਗੀਆਂ ਧਾਰਮਿਕ ਸੰਸਥਾਵਾਂ ਵਿਚ ਤੋੜਭੰਨ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਦੀ ਬੇਅਦਬੀ ਕੀਤੀ ਜਾਂਦੀ ਹੈ ਤਾਂ ਹੁਣ ਉਨ੍ਹਾਂ ਲੋਕਾਂ ਖਿਲਾਫ ਅਤਿਅੰਤ ਜ਼ਿੰਮੇਵਾਰੀ ਨਾਲ ਮੁਕੱਦਮਾ ਚਲਾਉਣਾ ਬਹੁਤ ਸੌਖਾ ਹੋਣ ਵਾਲਾ ਹੈ ਕਿਉਂਕਿ ਹੁਣ ਇਹ 'ਨਫਰਤ ਅਪਰਾਧ' ਵਿਚ ਸ਼ਾਮਲ ਹੋ ਜਾਵੇਗਾ। ਅਜਿਹੇ ਕਈ ਮੁੱਦੇ ਹਨ, ਜਿਨ੍ਹਾਂ ਨਾਲ ਅਸੀਂ ਨਜਿੱਠ ਰਹੇ ਹਾਂ। ਮੈਨੂੰ ਮਾਣ ਹੈ ਕਿ ਮਿਸ਼ੀਗਨ ਵਿਚ ਬੰਦੂਕ ਸੁਧਾਰ ਦੀ ਆਵਾਜ਼ ਉਠਾਉਣ ਵਾਲਿਆਂ ਵਿਚ ਮੈਂ ਮੋਹਰੀ ਰਿਹਾ। ਸੂਬੇ ਦੀ ਨੁਮਾਇੰਦਗੀ ਦੇ ਰੂਪ ਵਿਚ ਆਪਣੇ ਦੂਜੇ ਕਾਰਜਕਾਲ ਵਿਚ ਪੁਰੀ ਹੁਣ ਮਿਸ਼ੀਗਨ ਪ੍ਰਤੀਨਿਧੀ ਸਭਾ ਦੇ ਬਹੁਮਤ ਦੇ ਵ ?ਹਿਪ ਹਨ। ਉਹ ਕੁਝ-ਕੁਝ ਸਾਲ ਦੇ ਵਕਫੇ 'ਤੇ ਭਾਰਤ ਦੀ ਯਾਤਰਾ 'ਤੇ ਆਉਂਦੇ ਰਹਿੰਦੇ ਹਨ।

## ਵਿਸ਼ਵ ਵਿੱਚ ਭਾਰਤ ਦੀ ਭੂਮਿਕਾ ਅਹਿਮ: ਪ੍ਰਮਿਲਾ ਜਯਪਾਲ

ਵਾਸ਼ਿੰਗਟਨ : ਭਾਰਤੀ ਮੂਲ ਦੀ ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜਯਪਾਲ ਨੇ ਮੰਗਲਵਾਰ ਨੂੰ ਕਿਹਾ ਕਿ ਵਿਸ਼ਵ ਵਿੱਚ ਭਾਰਤ ਦੀ ਬਹੁਤ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੂੰ ਉਨ੍ਹਾਂ ਦੇ ਆਪੋ-ਆਪਣੇ ਸਬੰਧਤ ਮਾਮਲਿਆਂ 'ਚ ਇਕੋ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਨਾਲ ਹੀ ਇਨ੍ਹਾਂ ਦੇਸ਼ਾਂ ਕੋਲ ਇਨ੍ਹਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰਨ ਦੇ ਵੱਡੇ ਮੌਕੇ ਵੀ ਹਨ।

ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਸਬੰਧ ਵੱਖ-ਵੱਖ ਪੱਧਰਾਂ 'ਤੇ ਕਾਫੀ ਅਹਿਮ ਹਨ। ਉਨ੍ਹਾਂ ਕਿਹਾ, "ਅਸੀਂ ਦੋ ਲੋਕਤੰਤਰ ਹਾਂ। ਸਾਡੇ ਦੋਹਾਂ ਦੇ



ਸੰਵਿਧਾਨ 'ਅਸੀਂ, ਲੋਕ' ਨਾਲ ਸ਼ੁਰੂ ਹੁੰਦੇ ਹਨ। ਇਤਿਹਾਸਕ ਤੌਰ 'ਤੇ ਸਾਡੀਆਂ ਕਦਰਾਂ-ਕੀਮਤਾਂ ਇਕੋ ਵਰਗੀਆਂ ਹਨ ਅਤੇ ਸਾਡੀਆਂ ਚੁਣੌਤੀਆਂ ਵੀ ਇਕੋ ਵਰਗੀਆਂ ਹਨ।" ਇੱਥੇ ਭਾਰਤੀ-ਅਮਰੀਕੀ ਪ੍ਰਭਾਵ ਸੰਮੇਲਨ ਵਿੱਚ ਪੀਟੀਆਈ ਨਾਲ ਵੱਖਰੇ ਤੌਰ 'ਤੇ ਗੱਲਬਾਤ ਦੌਰਾਨ ਜਯਪਾਲ ਨੇ ਕਿਹਾ, "ਵਿਸ਼ਵ ਵਿੱਚ ਭਾਰਤ ਦੀ ਬਹੁਤ ਅਹਿਮ ਭੂਮਿਕਾ ਹੈ।" ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਸਰਕਾਰੀ ਦੌਰੇ 'ਤੇ ਸੱਦਿਆ ਗਿਆ ਹੈ। ਇਸ ਦੌਰੇ ਵਿੱਚ 22 ਜੂਨ ਨੂੰ ਇਕ ਸਰਕਾਰੀ ਭੋਜ ਵੀ ਸ਼ਾਮਲ ਹੈ। ਉਸੇ ਦਿਨ ਮੋਦੀ ਵੱਲੋਂ ਸੰਸਦ ਦੇ ਇਕ ਸਾਂਝੇ ਸੈਸ਼ਨ ਨੂੰ ਸੰਬੋਧਨ ਕੀਤਾ ਜਾਵੇਗਾ। ਉਹ ਤੀਜੇ ਅਜਿਹੇ ਆਗੂ ਹੋਣਗੇ ਜਿਹੜੇ ਅਮਰੀਕੀ ਸੰਸਦ ਨੂੰ ਦੋ ਵਾਰ ਸੰਬੋਧਨ ਕਰਨਗੇ।

# ਦਰਬਾਰ ਸਾਹਿਬ ਅੰਮ੍ਰਿਤਸਰ ਉਪਰ ਹਮਲਾ ਹੁਕਮਰਾਨਾ ਵਲੋਂ ਇਨਸਾਨੀਅਤ ਉਪਰ ਹਮਲਾ ਸੀ ਇਹ ਭਾਰਤ ਦੇ ਮੱਥੇ 'ਤੇ ਇੱਕ ਵੱਡਾ ਕਾਲਾ ਧੱਬਾ ਹੈ : ਸ੍ਰ. ਜੋਬਨਜੀਤ ਸਿੰਘ ਧੰਜੂ






ਸਨਫਰਾਂਸਿਸਕੋ/ਕੈਲੀਫੋਰਨੀਆ (ਬਿਊਰੋ ਨਿਊਜ਼) : ਨਗਰ ਕੀਰਤਨ ਸਨਫਰਾਂਸਿਸਕੋ ਵਿਖੇ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਸੀ। ਸੰਗਤਾਂ ਭਾਰੀ ਰੋਹ ਵਿੱਚ ਸਨ। ਸਿੱਖਾਂ ਦੇ ਜ਼ਖ਼ਮਾਂ ਨੂੰ ਅੱਜ ਵੀ ਦੁਨੀਆ ਭਰ ਵਿੱਚ ਬੈਠਾ ਸਿੱਖ ਕੱਲ੍ਹ ਵਾਂਗ ਮਹਿਸੂਸ ਕਰ ਰਿਹਾ ਹੈ।

'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਨੌਜਵਾਨ ਆਗੂ ਅਤੇ ਕਮਿਊਨਟੀ ਦੇ ਨਿਸ਼ਕਾਮ ਸੇਵਾਦਾਰ ਸ. ਜੋਬਨਜੀਤ ਸਿੰਘ ਧੰਜੂ ਨੇ ਕਿਹਾ ਕਿ 3 ਦਿਨ 'ਚ 30000 ਤੋਂ ਉੱਪਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਅਤੇ ਇੱਕ ਵੀ ਕਾਤਲ ਨੂੰ ਸਜ਼ਾ ਨਹੀਂ ਮਿਲੀ। ਉਨ੍ਹਾਂ ਨੇ ਪੂਰੀ ਕੌਮ ਨੂੰ ਇਕੱਠੇ ਹੋਣ ਦੀ ਬੇਨਤੀ ਕੀਤੀ ਅਤੇ ਉਨ੍ਹਾਂ ਨੇ ਅੱਜ ਮਹਾਨ ਨਗਰ ਕੀਰਤਨ ਉਪਰ ਪਹੁੰਚੇ ਹਜ਼ਾਰਾਂ ਪਰਿਵਾਰਾਂ ਅਤੇ ਗੁਰੂ ਕੀਆਂ ਸੰਗਤਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।



ਸ੍ਰ. ਜੋਬਨਜੀਤ ਸਿੰਘ ਧੰਜੂ

# ਸਿੱਖਸ ਆਫ ਅਮੈਰਿਕਾ ਨੇ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਬਰਸੀ 'ਤੇ ਬੇਗੋਵਾਲ 'ਚ ਲਗਾਇਆ ਮੁਫਤ ਡਾਕਟਰੀ ਕੈਂਪ

## *ਬੀਬੀ ਜਗੀਰ ਕੌਰ ਨੇ ਸਿੱਖਸ ਆਫ ਅਮੈਰਿਕਾ ਦੇ ਉਦਮ ਦੀ ਕੀਤੀ ਭਰਪੂਰ ਸ਼ਲਾਘਾ*











ਵਾਸ਼ਿੰਗਟਨ/ਭੁਲੱਥ (ਸਾਡੇ ਲੋਕ/ਰਾਜ ਗੋਗਨਾ) : ਜ਼ਿਲਾ ਕਪੂਰਥਲਾ ਅਤੇ ਹਲਕਾ ਭੁਲੱਥ ਖੇਤਰ ਦੇ ਕਸਬਾ ਬੇਗੋਵਾਲ ਵਿੱਚ ਸਥਿਤ ਡੇਰਾ ਸੰਤ ਪ੍ਰੇਮ ਸਿੰਘ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 73ਵੀਂ ਮਿੱਠੀ ਤੇ ਨਿੱਘੀ ਯਾਦ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਮੇਲੇ ਦੇ ਇੰਚਾਰਜ ਸ੍ਰ. ਜਸਵੰਤ ਸਿੰਘ ਅਤੇ ਸ੍ਰ. ਕਰਨੈਲ ਸਿੰਘ ਵਲੋਂ ਬਹੁਤ ਹੀ ਉੱਚ ਪੱਧਰ ਦੇ ਪ੍ਰਬੰਧ ਕੀਤੇ ਗਏ। ਇਸ ਮੌਕੇ ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ ਸਿੱਖਸ ਆਫ ਅਮੈਰਿਕਾ ਵਲੋਂ ਆਪਣੇ ਲੋਕ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਸੰਤ ਬਾਬਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਪ੍ਰਧਾਨ ਕਮਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਅਤੇ ਕੋਆਰਡੀਨੇਟਰ ਇੰਡੀਆ ਵਰਿੰਦਰ ਸਿੰਘ ਦੇ ਪ੍ਰਬੰਧਾਂ ਹੇਠ ਸਮੁੱਚੀ ਸਿੱਖਸ ਆਫ ਅਮੈਰਿਕਾ ਦੀ ਟੀਮ ਵਲੋਂ ਲਗਾਏ ਗਏ ਇਸ ਕੈਂਪ ਦੌਰਾਨ ਬਰਸੀ ਸਮਾਗਮ 'ਚ ਸ਼ਾਮਿਲ ਲੋੜਵੰਦ ਸੰਗਤਾਂ ਨੂੰ ਮੁਫਤ ਡਾਕਟਰੀ ਸੇਵਾਵਾਂ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ ਡਾ. ਅੰਜੂ ਕਪੂਰ ਅਤੇ ਡਾ. ਅਨਿਲ ਕਪੂਰ ਦੀ ਅਗਵਾਈ 'ਚ ਡਾਕਟਰੀ ਟੀਮ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਦਿਲੀਪ ਸਿੰਘ, ਮਨਜੀਤ ਸਿੰਘ, ਗੁਰਵਿੰਦਰ ਸਿੰਘ, ਨੀਲ ਕੁਮਾਰ ਅਤੇ ਜੈ ਕੁਮਾਰ ਨੇ ਵਲੰਟੀਅਰ ਵਜੋਂ ਸੇਵਾਵਾਂ ਨਿਭਾਈਆਂ। ਇਸ ਕੈਂਪ ਦਾ ਸੰਤ ਬਾਬਾ ਪਰੇਮ ।ਸਿੰਘ ਦੀ ਯਾਦ ਵਿੱਚ ਕਰਵਾਏ ਗਏ ਜੋੜ ਮੇਲੇ ਦੌਰਾਨ ਸੈਂਕੜੇ ਮਰੀਜ਼ਾਂ ਨੇ ਲਾਭ ਉਠਾਇਆ। ਮੇਲੇ ਦੀ ਸਮਾਪਤੀ 'ਤੇ ਡੇਰਾ ਬੇਗੋਵਾਲ ਦੀ ਸੇਵਾਦਾਰ ਬੀਬੀ ਜਗੀਰ ਕੌਰ ਨੇ ਸਿੱਖਸ ਆਫ ਅਮੈਰਿਕਾ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

### ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

## ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕਾਰੋਬਾਰੀ ਸ੍ਰ. ਜੀਤ ਸਿੰਘ ਅਤੇ ਸਮੂਹ ਪ੍ਰਵਾਰ ਨੂੰ ਭਾਰੀ ਸਦਮਾ

# 36 ਸਾਲਾ ਨੌਜਵਾਨ ਪੁੱਤਰ ਸ੍ਰ. ਜੋਰਾਵਰ ਸਿੰਘ ਨਹੀਂ ਰਹੇ



ਸਵ. ਸ. ਜੋਰਾਵਰ ਸਿੰਘ

ਹੇਵਰਡ/ਕੈਲੀਫੋਰਨੀਆ : ਕਮਿਉਨਟੀ ਦੇ ਸਤਿਕਾਰਯੋਗ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕਾਰੋਬਾਰੀ ਸ. ਜੀਤ ਸਿੰਘ ਅਤੇ ਸਮੂਹ ਸਿੰਘ ਪ੍ਰਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ 36 ਸਾਲਾ ਨੌਜਵਾਨ ਪੁੱਤਰ ਸ. ਜੋਰਾਵਰ ਸਿੰਘ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪ੍ਰਵਾਰ ਅਤੇ ਸੱਜਣਾਂ ਮਿੱਤਰਾਂ ਨਾਲ ਹੱਸਦਿਆਂ ਖੇਡਦਿਆਂ ਰਾਤ ਨੂੰ ਸੁੱਤੇ ਪਰ ਸਵੇਰੇ ਉਨ੍ਹਾਂ ਨੂੰ ਮੁੜ ਜਾਗ ਨਾ ਆਈ ਅਤੇ ਹਸਦਾ ਖੇਡਦਾ ਨੌਜਵਾਨ ਸਦਾ ਲਈ ਅਲਵਿਦਾ ਕਹਿ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ’ਤੇ ਸਮੂਹ ਸੱਜਣਾਂ ਮਿਤਰਾਂ ਅਤੇ ਪਿਆਰ ਕਰਨ ਵਾਲਿਆਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਨੌਜਵਾਨ ਬੱਚੇ ਸ. ਜੋਰਾਵਰ ਸਿੰਘ ਦੀ ਮੌਤ ਦੀ ਖਬਰ ਪੂਰੇ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਹੈ ਤੇ ਸਮੂਹ ਪ੍ਰਵਾਰ ਮੈਂਬਰਾਂ ਸੱਜਣਾਂ ਮਿੱਤਰਾਂ ਅਤੇ ਸਹਿਯੋਗੀਆਂ ਦੇ ਨਾਲ ਸਮੁੱਚੇ ਭਾਈਚਾਰੇ ਨੇ ਹਮਦਰਦੀ ਜਾਹਿਰ ਕਰਦਿਆਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅਸੀਂ ਅਦਾਰਾ ਸਾਡੇ ਲੋਕ ਅਖਬਾਰ ਦੇ ਸਮੂਹ ਪ੍ਰਵਾਰ ਵਲੋਂ ਅਕਾਲ ਪੁਰਖ ਦੇ ਚਰਨਾਂ ’ਚ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਬੱਚੇ ਨੂੰ ਆਪਣੇ ਚਰਨਾ ’ਚ ਸਦੀਵੀ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਅੰਤਿਮ ਸੰਸਕਾਰ

13 ਜੂਨ ਦਿਨ ਮੰਗਲਵਾਰ ਸਵੇਰੇ 8:30 ਤੋਂ ਸਵੇਰੇ 10:30 ਵਜੇ ਤੱਕ

**Chapel of the Chimes**

**Address: 32992 Mission Blvd, Hayward, CA 94544**

ਉਪਰੰਤ ਸਵੇਰੇ 11:00 ਵਜੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ।

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਪਿਤਾ ਸ. ਜੀਤ ਸਿੰਘ—(510) 750-2810**


M TRACK ENTERTAINMENT & MAKHAN LOHAR PRESENTS...
ਸਕੇ ਭਰਾਵਾਂ ਵਰਗਾ
LYRICS & PRESENTS
MAKHAN LOHAR USA
Producer:
Raj Guru (usa)
CO-SINGER
Tarsem Atwal
SINGER
Mangjit Manga
SKE BHARAWAN WARGA
Music: Bunty Sahota
Lyrics: Makhan Lohar
Video: RK Bansal
VIDEO OUT NOW ON M TRACK ENTERTAINMENT
Bara Pind Road, Goraya, Near Kumar Plywood, Tehsil Phillaur, Distt. Jal. (Pb.) INDIA 144409
(O) 01826-260066 (M) +91 98158-98640 +19166130577 (USA) mtrack www.mtrackentertainment.com
E-mail : info@mtrackentertainment.com

# ਵਿਰੋਧੀ ਧਿਰ ਵਲੋਂ 2024 ਵਿਚ ਭਾਜਪਾ ਦੇ ਖ਼ਿਲਾਫ਼ ਆਖ਼ਰੀ ਜੰਗ ਜਿੱਤਣੀ ਲਾਜ਼ਮੀ

ਨਿਤਿਨ ਚਕਰਵਰਤੀ



> ਨਰਿੰਦਰ ਮੋਦੀ ਇਕ ਬੜੇ ਮਜ਼ਬੂਤ ਰਾਜਨੀਤਕ ਲੜਾਕੂ ਹਨ ਅਤੇ ਉਨ੍ਹਾਂ ਕੋਲ ਆਰ.ਐਸ.ਐਸ. ਦੀ ਸੰਗਠਨਾਤਮਕ ਸ਼ਕਤੀ ਵੀ ਹੈ ਅਤੇ ਉਸ ਨੂੰ ਗਤੀ ਦੇਣ ਲਈ ਵਿਸ਼ਾਲ ਵਿੱਤੀ ਸਾਧਨ ਵੀ। ਫਿਰ ਮਈ 2024 ਦੀਆਂ ਚੋਣਾਂ ਤੋਂ ਬਾਅਦ ਵਿਰੋਧੀਆਂ ਨੂੰ ਦਿੱਲੀ ਦੀ ਗੱਦੀ ਤੋਂ ਦੂਰ ਰੱਖਣ ਲਈ ਮੋਦੀ ਅਤੇ ਭਾਜਪਾ ਦੇ ਰਾਜਨੀਤਕ ਯੁੱਧ ਨੂੰ ਅੰਜਾਮ ਦੇਣ ਵਾਲਾ 'ਵਾਰ ਰੂਮ' ਕਿਸੇ ਵੀ ਹੱਦ ਤੱਕ ਜਾਵੇਗਾ, ਇਸ ਵਿਚ ਕੋਈ ਸ਼ੱਕ ਨਹੀਂ।

ਅਗਲੇ ਸਾਲ (2024) ਅਪ੍ਰੈਲ-ਮਈ ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਇਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਜਿਸ ਤੋਂ ਠੀਕ ਪਹਿਲਾਂ ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਪਾਰਟੀ ਅਤੇ ਉਸ ਦੇ ਨੇਤਾਵਾਂ, ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਦਾ ਉਤਸ਼ਾਹ ਵਧਾਇਆ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲਈ, ਅਜਿਹੀ ਜਿੱਤ ਦੀ ਸਖ਼ਤ ਜ਼ਰੂਰਤ ਸੀ ਤਾਂ ਕਿ ਉਹ ਆਪਣੀ ਸਾਖ਼ ਫਿਰ ਤੋਂ ਸਥਾਪਿਤ ਕਰ ਦਿਖਾਏ ਕਿ ਉਹ ਆਪਣੇ ਦਮ 'ਤੇ ਵੱਡੇ ਰਾਜਾਂ ਵਿਚੋਂ ਇਕ ਵਿਚ ਭਾਜਪਾ ਨੂੰ ਹਰਾ ਸਕਦੀ ਹੈ।

2019 ਦੀਆਂ ਸੰਸਦੀ ਚੋਣਾਂ ਤੋਂ ਬਾਅਦ ਕਾਂਗਰਸ ਹਿਮਾਚਲ ਨੂੰ ਛੱਡ ਕੇ ਸਾਰੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤਰ੍ਹਾਂ ਕਰਨਾਟਕ ਵਿਚ ਉਸ ਨੂੰ ਮਿਲੀ ਵੱਡੀ ਜਿੱਤ ਨੂੰ ਮਹਿਜ ਉਨ੍ਹਾਂ ਦਾ ਆਤਮ ਵਿਸ਼ਵਾਸ ਵਧਾਉਣ ਤੋਂ ਕਿਤੇ ਜ਼ਿਆਦਾ ਮੰਨਿਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜ ਰਾਜਾਂ ਵਿਚ ਕਾਂਗਰਸ ਅਤੇ ਭਾਜਪਾ ਵਿਚਾਲੇ ਚੋਣਾਵੀ ਦੰਗਲ ਹੋਵੇਗਾ, ਜਿਸ ਦੀ ਪ੍ਰਕਿਰਤੀ ਵੀ ਉਨ੍ਹਾਂ ਦਾ ਭਵਿੱਖ ਨਿਰਧਾਰਤ ਕਰਨ ਜਿਹੀ ਹੋਵੇਗੀ, ਪਰ ਉਨ੍ਹਾਂ 'ਚ ਕੀ ਹੋਵੇਗਾ, ਇਹ ਵੇਖਣ ਵਾਲੀ ਗੱਲ ਹੋਵੇਗੀ?

ਕਾਂਗਰਸ ਨੂੰ ਕਰਨਾਟਕ ਵਿਚ ਬੁਰੀ ਤਰ੍ਹਾਂ ਹਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਹੋਵੇਗਾ, ਜਿਨ੍ਹਾਂ ਵਿਚ ਸੰਕਟ ਨੂੰ ਮੌਕੇ 'ਚ ਬਦਲਣ ਦੀ ਬੇਮਿਸਾਲ ਸਮਰੱਥਾ ਹੈ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਭਾਜਪਾ ਦੀ ਹਾਰ ਤੋਂ ਸਾਰੇ ਸਹੀ ਸਬਕ ਲਵੇਗੀ ਅਤੇ ਜਿੱਤਣ ਦੀ ਰਣਨੀਤੀ ਨੂੰ ਫਿਰ ਤੋਂ ਤਿਆਰ ਕਰੇਗੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਅਖ਼ੀਰ ਵਿਚ 2024 ਵਿਚ ਲੋਕ ਸਭਾ ਚੋਣਾਂ ਦੋਵਾਂ ਦੇ ਮਾਮਲੇ ਵਿਚ। ਨਰਿੰਦਰ ਮੋਦੀ ਇਕ ਬੜੇ ਮਜ਼ਬੂਤ ਰਾਜਨੀਤਕ ਲੜਾਕੂ ਹਨ ਅਤੇ ਉਨ੍ਹਾਂ ਕੋਲ ਆਰ.ਐਸ.ਐਸ. ਦੀ ਸੰਗਠਨਾਤਮਕ ਸ਼ਕਤੀ ਵੀ ਹੈ ਅਤੇ ਉਸ ਨੂੰ ਗਤੀ ਦੇਣ ਲਈ ਵਿਸ਼ਾਲ ਵਿੱਤੀ ਸਾਧਨ ਵੀ। ਫਿਰ ਮਈ 2024 ਦੀਆਂ ਚੋਣਾਂ ਤੋਂ ਬਾਅਦ ਵਿਰੋਧੀਆਂ ਨੂੰ ਦਿੱਲੀ ਦੀ ਗੱਦੀ ਤੋਂ ਦੂਰ ਰੱਖਣ ਲਈ ਮੋਦੀ ਅਤੇ ਭਾਜਪਾ ਦੇ ਰਾਜਨੀਤਕ ਯੁੱਧ ਨੂੰ ਅੰਜਾਮ ਦੇਣ ਵਾਲਾ 'ਵਾਰ ਰੂਮ' ਕਿਸੇ ਵੀ ਹੱਦ ਤੱਕ ਜਾਵੇਗਾ, ਇਸ ਵਿਚ ਕੋਈ ਸ਼ੱਕ ਨਹੀਂ।

ਕਾਂਗਰਸ ਲਈ ਜਸ਼ਨ ਮਨਾਉਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਸਾਲ ਦੇ ਅਖ਼ੀਰ ਤੱਕ ਮੱਧ ਪ੍ਰਦੇਸ਼ ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਰਾਜ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ। ਫਿਰ 2024 ਵਿਚ ਆਂਧਰਾ ਪ੍ਰਦੇਸ਼, ਓਡੀਸ਼ਾ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜੋ ਸੰਭਾਵਿਤ ਲੋਕ ਸਭਾ ਚੋਣਾਂ ਦੇ ਨਾਲ ਹੀ ਹੋਣਗੀਆਂ।

ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਭਾਜਪਾ ਸਾਹਮਣੇ ਮੁੱਖ ਪਾਰਟੀ ਕਾਂਗਰਸ ਹੈ। 2018 ਦੀਆਂ ਵਿਧਾਨ ਸਭਾ ਚੋਣਾਂ ਵਿਚ ਤਿੰਨਾਂ ਰਾਜਾਂ ਨੂੰ ਸ਼ੁਰੂ ਵਿਚ ਕਾਂਗਰਸ ਨੇ ਜਿੱਤਿਆ ਸੀ। ਕਮਲਨਾਥ ਦੇ ਮੁੱਖ ਮੰਤਰੀ ਬਣਨ ਅਤੇ ਰਾਜ ਸਰਕਾਰ ਦੇ ਗਠਨ ਦੇ ਕੁਝ ਮਹੀਨਿਆਂ ਉਪਰੰਤ ਦਲਬਦਲੀ ਤੋਂ ਬਾਅਦ ਹੁਣ ਮੱਧ ਪ੍ਰਦੇਸ਼ 'ਚ ਭਾਜਪਾ ਦਾ ਸ਼ਾਸਨ ਹੈ। ਪਰ ਤਿੰਨਾਂ ਰਾਜਾਂ ਵਿਚ ਕਾਂਗਰਸ ਦੀ ਤਾਕਤ ਹਾਲ ਦੀਆਂ ਗ੍ਰਾਮੀਣ ਚੋਣਾਂ ਵਿਚ ਸਫਲਤਾ ਦੇ ਮਾਧਿਆਮ ਨਾਲ ਸਥਾਪਿਤ ਹੋਈ ਹੈ। ਤਿੰਨਾਂ ਰਾਜਾਂ ਵਿਚ ਜਿੱਤ ਯਕੀਨੀ ਬਣਾਉਣ ਲਈ ਪਾਰਟੀ ਨੂੰ ਆਪਣੇ ਸਾਰੇ ਸੰਗਠਾਨਤਮਕ ਸਾਧਨਾਂ ਨੂੰ ਜੁਟਾਉਣਾ ਹੋਵੇਗਾ। ਇਨ੍ਹਾਂ ਚੋਣਾਂ ਵਿਚ ਜਿੱਤ ਭਾਜਪਾ ਦੇ ਖ਼ਿਲਾਫ਼ ਵਿਰੋਧੀ ਖੇਮੇ ਵਿਚ ਵਿਰੋਧੀ ਧਿਰਾਂ ਦੀ ਅਗਵਾਈ ਲਈ ਕਾਂਗਰਸ ਦੀ ਥਾਂ ਯਕੀਨੀ ਬਣਾਏਗੀ, ਉਹ ਵੀ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਕਹਿਣ 'ਤੇ ਪਟਨਾ ਜਾਂ ਦਿੱਲੀ 'ਚ ਜਲਦ ਹੀ ਵਿਰੋਧੀ ਪਾਰਟੀਆਂ ਦੀ ਬੈਠਕ ਹੋਣ ਦੀ ਸੰਭਾਵਨਾ ਹੈ ਤਾਂ ਕਿ ਏਕਤਾ ਦੇ ਆਕਾਰ 'ਤੇ ਚਰਚਾ ਕੀਤੀ ਜਾ ਸਕੇ ਅਤੇ ਭਾਜਪਾ ਵਿਰੋਧੀ ਵੋਟਾਂ ਵਿਚ ਕਿਸੇ ਵੀ ਵੰਡ ਨੂੰ ਰੋਕਣ ਲਈ ਪਾਰਟੀਆਂ ਵਿਚਕਾਰ ਜ਼ਿਆਦਾ ਸਮਝ ਸਥਾਪਿਤ ਕੀਤੀ ਜਾ ਸਕੇ। ਇਹ ਸ਼ੁਰੂ ਤੋਂ ਹੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀ ਸਮਝ ਲਈ ਕੋਈ ਸਮਾਨ ਸੂਤਰ ਨਹੀਂ ਹੋ ਸਕਦਾ। ਹਰੇਕ ਸੂਬੇ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ ਅਤੇ ਕੋਈ ਵੀ ਰਾਜਨੀਤਕ ਦਲ ਏਕਤਾ ਦੇ ਹਿੱਤ ਵਿਚ ਆਪਣੇ ਸ਼ਕਤੀ ਆਧਾਰ ਦੀ ਅਣਦੇਖੀ ਨਹੀਂ ਕਰਨਾ ਚਾਹੇਗਾ।

ਇਸ ਲਈ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਹਰੇਕ ਸੂਬੇ ਵਿਚ ਸਭ ਤੋਂ ਮਜ਼ਬੂਤ ਭਾਜਪਾ ਵਿਰੋਧੀ ਦਲ ਨੂੰ ਗੱਠਜੋੜ ਦੀ ਪ੍ਰਕਿਰਤੀ ਤੈਅ ਕਰਨ ਵਿਚ ਮੁੱਖ ਭੂਮਿਕਾ ਦਿੱਤੀ ਜਾਵੇ। ਅਜੇ ਚਾਰ ਸੂਬਿਆਂ ਬਿਹਾਰ, ਝਾਰਖੰਡ, ਤਾਮਿਲਨਾਡੂ ਅਤੇ ਮਹਾਰਾਸ਼ਟਰ 'ਚ ਸਰਗਰਮ ਵਿਰੋਧੀ ਗੱਠਜੋੜ ਹੈ। ਪਹਿਲੇ ਤਿੰਨਾਂ ਵਿਚ ਉਸ ਦੀਆਂ ਸੱਤਾਧਾਰੀ ਸਰਕਾਰਾਂ ਹਨ। ਇਹ ਗੱਠਜੋੜ ਸੰਬੰਧਿਤ ਰਾਜਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ ਕਾਫ਼ੀ ਹੈ। ਜ਼ਰੂਰਤ ਪੈਣ 'ਤੇ ਹੋਰ ਭਾਜਪਾ ਵਿਰੋਧੀ ਪਾਰਟੀਆਂ ਨੂੰ ਸ਼ਾਮਿਲ ਕਰਕੇ ਇਸ ਦਾ ਵਿਸਥਾਰ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਕੇਰਲ, ਬੰਗਾਲ ਅਤੇ ਪੰਜਾਬ ਵਿਚ ਵਿਰੋਧੀ ਧਿਰ ਦਾ ਕੋਈ ਵੀ ਸਮੁੱਚੇ ਤੌਰ 'ਤੇ ਗੱਠਜੋੜ ਨਹੀਂ ਬਣ ਸਕਦਾ। ਪੰਜਾਬ ਵਿਚ ਭਾਜਪਾ ਦਾ ਬਹੁਤ ਕੁਝ ਦਾਅ 'ਤੇ ਨਹੀਂ ਹੈ ਅਤੇ ਉੱਥੇ 'ਆਪ' ਅਤੇ ਕਾਂਗਰਸ ਲੋਕ ਸਭਾ ਚੋਣਾਂ ਵਿਚ ਇਕ-ਦੂਜੇ ਨੂੰ ਟੱਕਰ ਦੇਣਗੇ। 'ਆਪ' ਨਿਸ਼ਚਿਤ ਤੌਰ 'ਤੇ ਪੰਜਾਬ ਵਿਚ ਕੁੱਲ 13 ਸੀਟਾਂ ਵਿਚੋਂ ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਕਿ ਲੋਕ ਸਭਾ ਤੋਂ ਬਾਅਦ ਦੀ ਸਥਿਤੀ ਵਿਚ ਆਪਣੀ ਸੌਦੇਬਾਜ਼ੀ ਦੀ ਤਾਕਤ ਵਧਾ ਸਕੇ।

ਜਿੱਥੋਂ ਤੱਕ ਦਿੱਲੀ ਦਾ ਸੰਬੰਧ ਹੈ, ਭਾਜਪਾ ਨਾਲੋਂ ਇਥੇ ਵਿਰੋਧੀ ਧਿਰ ਨੂੰ ਵਧੇਰੇ ਖ਼ਤਰਾ ਹੈ ਅਤੇ ਇਸ ਲਈ 'ਆਪ' ਅਤੇ ਕਾਂਗਰਸ ਵਿਚਾਲੇ ਇਕ ਸਮਝ ਬਣ ਸਕਦੀ ਹੈ, ਪਰ ਜੇਕਰ ਸਾਰੀਆਂ ਸੱਤ ਸੀਟਾਂ 'ਤੇ ਭਾਜਪਾ ਦੀ ਹਾਰ ਯਕੀਨੀ ਬਣਾਉਣੀ ਹੋਵੇ ਤਾਂ। ਬੰਗਾਲ ਦੇ ਸੰਬੰਧ ਵਿਚ ਸਥਿਤੀ ਸਾਫ਼ ਹੈ, ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਭਾਜਪਾ ਨਾਲ ਲੜਨ ਵਾਲੀ ਮੁੱਖ ਪਾਰਟੀ ਹੈ ਅਤੇ ਉਸ ਵਲੋਂ ਸਾਰੇ 42 ਸੀਟਾਂ 'ਤੇ ਉਮੀਦਵਾਰ ਉਤਾਰਨ ਦੀ ਉਮੀਦ ਹੈ। ਕਾਂਗਰਸ ਅਤੇ ਖੱਬੇਪੱਖੀ, ਟੀ.ਐਮ.ਸੀ. ਅਤੇ ਭਾਜਪਾ ਦੋਵਾਂ ਦੇ ਖ਼ਿਲਾਫ਼ ਲੜ ਸਕਦੇ ਹਨ ਪਰ ਜ਼ਿਆਦਾਤਰ ਸੀਟਾਂ 'ਤੇ ਲੜਾਈ ਸਿਰਫ਼ ਟੀ.ਐਮ.ਸੀ. ਅਤੇ ਭਾਜਪਾ ਤੱਕ ਹੀ ਸੀਮਤ ਰਹੇਗੀ।

ਕੇਰਲ 'ਚ ਮੌਜੂਦਾ ਪੈਟਰਨ ਕਾਇਮ ਰਹੇਗਾ। ਖੱਬੇਪੱਖੀ ਮੋਰਚਾ ਅਤੇ ਕਾਂਗਰਸ ਦੀ ਅਗਵਾਈ ਵਾਲਾ ਯੂ.ਡੀ.ਐੱਫ਼. ਗੱਠਜੋੜ ਦੋਵੇਂ ਲੜਨਗੇ। ਖੱਬੇਪੱਖੀ ਕੁਝ ਹੋਰ ਸੀਟਾਂ ਹਾਸਿਲ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਕਰਨਗੇ, ਕਿਉਂਕਿ 2019 ਦੀਆਂ ਲੋਕ ਸਭਾ ਚੋਣਾਂ 'ਚ ਐਲ.ਡੀ.ਐੱਫ਼. ਨੂੰ ਕਾਂਗਰਸ ਦੀਆਂ 15 ਅਤੇ ਯੂ.ਡੀ.ਐੱਫ਼. ਦੀਆਂ 19 ਸੀਟਾਂ ਦੇ ਮੁਕਾਬਲੇ ਸਿਰਫ਼ ਇਕ ਸੀਟ ਮਿਲੀ ਸੀ। ਇਹ ਨਤੀਜਾ ਮੋਰਚੇ ਦੇ ਅਸਲ ਸ਼ਕਤੀ ਆਧਾਰ ਨੂੰ ਨਹੀਂ ਦਰਸਾਉਂਦਾ ਸੀ। ਇਸ ਲਈ ਐਲ.ਡੀ.ਐੱਫ਼. ਨਿਸ਼ਚਿਤ ਤੌਰ 'ਤੇ 2024 'ਚ ਉਸ ਵਿਗਾੜ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇਗਾ।

ਫਿਰ ਆਂਧਰਾ ਪ੍ਰਦੇਸ਼ ਅਤੇ ਓਡੀਸ਼ਾ ਅਲੱਗ ਸ਼੍ਰੇਣੀ ਦੇ ਹਨ। ਆਂਧਰਾ ਪ੍ਰਦੇਸ਼ 'ਚ ਭਾਜਪਾ ਅਤੇ ਕਾਂਗਰਸ ਦੋਵਾਂ ਦੇ ਖ਼ਿਲਾਫ਼ 'ਯੁਵਜਨ ਸ਼੍ਰਮਿਕ ਰਾਇਥੂ ਕਾਂਗਰਸ ਪਾਰਟੀ' (ਵਾਈ.ਐਸ.ਆਰ.ਸੀ.ਪੀ.) ਇਕੱਲਿਆਂ ਚੋਣਾਂ ਲੜੇਗੀ। ਓਡੀਸ਼ਾ 'ਚ ਨਵੀਨ ਪਟਨਾਇਕ ਦੀ ਅਗਵਾਈ ਵਾਲੀ ਬੀਜੂ ਜਨਤਾ ਦਲ (ਬੀ.ਜੇ.ਡੀ.), ਉੱਭਰਦੀ ਭਾਜਪਾ ਅਤੇ ਕਾਂਗਰਸ ਦੋਵਾਂ ਦੇ ਖ਼ਿਲਾਫ਼ ਲੜੇਗੀ। ਓਡੀਸ਼ਾ ਦੇ ਮੁੱਖ ਮੰਤਰੀ ਭਾਜਪਾ ਦੇ ਹੋਰ ਵਿਸਥਾਰ ਤੋਂ ਆਪਣੇ ਖੇਤਰ ਨੂੰ ਬਚਾਉਣ ਲਈ ਸਾਰੀਆਂ ਕੋਸ਼ਿਸ਼ਾਂ ਕਰਨਗੇ। ਤੇਲੰਗਾਨਾ ਇਕ ਹੋਰ ਸੂਬਾ ਹੈ, ਜੋ ਇਸ ਸਾਲ ਦੇ ਅਖ਼ੀਰ 'ਚ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰੇਗਾ, ਜਿਸ 'ਚ ਸੱਤਾਧਾਰੀ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐਸ.), ਭਾਜਪਾ ਅਤੇ ਕਾਂਗਰਸ ਨਾਲ ਅਲੱਗ-ਅਲੱਗ ਜੂਝੇਗੀ। ਵਿਧਾਨ ਸਭਾ ਦੇ ਨਤੀਜੇ ਦੱਸਣਗੇ ਕਿ ਭਾਜਪਾ ਦੀ ਚੁਣੌਤੀ ਨਾਲ ਨਜਿੱਠਣ ਲਈ ਬੀ.ਆਰ.ਐਸ. ਅਤੇ ਕਾਂਗਰਸ ਵਿਚਾਲੇ ਕਿਸੇ ਸਮਝੌਤੇ ਦੀ ਸੰਭਾਵਨਾ ਬਣਦੀ ਹੈ ਜਾਂ ਨਹੀਂ।

ਉੱਤਰ-ਪੂਰਬੀ ਰਾਜਾਂ 'ਚ ਤ੍ਰਿਪੁਰਾ ਵਿਚ, ਭਾਜਪਾ ਆਪਣੀਆਂ ਦੋ ਲੋਕ ਸਭਾ ਸੀਟਾਂ ਨੂੰ ਗੁਆ ਸਕਦੀ ਹੈ ਜੇਕਰ ਖੱਬੇਪੱਖੀ-ਕਾਂਗਰਸ ਗੱਠਜੋੜ ਨੇ ਟਿਪਰਾਮੋਥਾ ਦੇ ਨਾਲ ਸਮਝੌਤਾ ਕਰ ਲਿਆ, ਜੋ ਕਿ ਆਦਿਵਾਸੀਆਂ ਦੀ ਪਾਰਟੀ ਹੈ।

ਭਾਜਪਾ ਆਪਣੀਆਂ ਦੋ ਲੋਕ ਸਭਾ ਸੀਟਾਂ ਯਕੀਨੀ ਬਣਾਉਣ ਲਈ ਗੱਠਜੋੜ ਵਿਚ ਟਿਪਰਾਮੋਥਾ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਸ ਨੂੰ ਅਜੇ ਤੱਕ ਇਸ 'ਚ ਕੋਈ ਕਾਮਯਾਬੀ ਨਹੀਂ ਮਿਲੀ। ਤ੍ਰਿਪੁਰਾ 'ਵਿਚ ਭਗਵਾਂ ਨੂੰ ਪਾਸੇ ਕਰਨ ਲਈ ਕਾਂਗਰਸ ਅਜੇ ਵੀ ਟਿਪਰਾਮੋਥਾ ਦੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ ਕਰ ਸਕਦੀ ਹੈ।

ਅਸਾਮ ਵਿਚ, ਕਾਂਗਰਸ ਅਜੇ ਵੀ ਵਿਰੋਧੀ ਪਾਰਟੀਆਂ ਵਿਚਾਲੇ ਪ੍ਰੇਰਕ ਸ਼ਕਤੀ ਹੈ, ਪਰ ਭਾਜਪਾ ਦੇ ਖ਼ਿਲਾਫ਼ ਸੰਯੁਕਤ ਵਿਰੋਧੀ ਧਿਰ ਨੂੰ ਸੁਵਿਧਾਜਨਕ ਬਣਾਉਣ ਲਈ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸੁਲਝਾਉਣਾ ਪਵੇਗਾ। ਮੁੱਖ ਮੰਤਰੀ ਹਿੰਮਤ ਵਿਸ਼ਵ ਸਰਮਾ ਇਕ ਚਤੁਰ ਭਾਜਪਾ ਨੇਤਾ ਹਨ ਅਤੇ ਉੱਤਰ-ਪੂਰਬ 'ਚ ਖੇਤਰੀ ਪਾਰਟੀਆਂ ਵਿਚਾਲੇ ਭਾਜਪਾ ਦੇ ਦਬਦਬੇ ਨੂੰ ਯਕੀਨੀ ਬਣਾਉਣ 'ਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਸਮੁੱਚੇ ਤੌਰ 'ਤੇ, ਭਾਜਪਾ ਨੂੰ ਆਪਣੇ ਗੜ੍ਹਾਂ ਵਿਚ ਹਰਾਉਣ'ਵਿਚ ਸਫਲਤਾ ਕਾਂਗਰਸ ਅਤੇ ਖੇਤਰੀ ਗੱਠਜੋੜਾਂ ਦੀ ਸਮਰੱਥਾ 'ਤੇ ਨਿਰਭਰ ਕਰੇਗੀ।

2019 ਦੀਆਂ ਲੋਕ ਸਭਾ ਚੋਣਾਂ ਵਿਚ ਹਿੰਦੀ ਭਾਸ਼ੀ ਰਾਜਾਂ 'ਚ ਭਾਜਪਾ ਨੂੰ ਵੱਡੀ ਗਿਣਤੀ ਵਿਚ ਸੀਟਾਂ ਮਿਲੀਆਂ ਸਨ, ਪਰ ਅੱਜ ਜੋ ਸਥਿਤੀ ਹੈ, ਉੱਤਰ ਪ੍ਰਦੇਸ਼ ਨੂੰ ਛੱਡ ਕੇ ਭਾਜਪਾ ਨੂੰ ਵੱਡੀ ਗਿਣਤੀ ਵਿਚ ਸੀਟਾਂ ਦਾ ਨੁਕਸਾਨ ਹੋਣਾ ਤੈਅ ਹੈ। ਉਦਾਹਰਨ ਵਜੋਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ 65 ਲੋਕ ਸਭਾ ਸੀਟਾਂ ਹਨ, ਜਿਨ੍ਹਾਂ 'ਚੋਂ 2019 ਦੀਆਂ ਚੋਣਾਂ 'ਚ ਕਾਂਗਰਸ ਨੂੰ ਤਿੰਨ ਦੇ ਮੁਕਾਬਲੇ ਭਾਜਪਾ ਨੂੰ 61 ਸੀਟਾਂ ਮਿਲੀਆਂ ਸਨ। ਇਨ੍ਹਾਂ ਤਿੰਨਾਂ ਰਾਜਾਂ 'ਚੋਂ ਕਾਂਗਰਸ ਦੀਆਂ ਸੀਟਾਂ ਦੀ ਗਿਣਤੀ ਘੱਟ ਤੋਂ ਘੱਟ 30 ਨੂੰ ਪਾਰ ਕਰ ਸਕਦੀ ਹੈ।

ਇਸੇ ਤਰ੍ਹਾਂ ਕਰਨਾਟਕ ਵਿਚ ਕੁੱਲ 28 ਲੋਕ ਸਭਾ ਸੀਟਾਂ 'ਚੋਂ ਭਾਜਪਾ ਨੂੰ 25 ਸੀਟਾਂ ਮਿਲੀਆਂ ਸਨ। ਭਾਜਪਾ ਦਾ ਇਹ ਅੰਕੜਾ 2024 ਦੀਆਂ ਚੋਣਾਂ 'ਚ ਦਸ 'ਚੋਂ ਘੱਟ ਹੋਣਾ ਤੈਅ ਹੈ ਅਤੇ ਜੇਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਜੇ.ਡੀ. (ਐਸ.) ਦੇ ਨਾਲ ਸਮਝੌਤਾ ਹੋ ਜਾਂਦਾ ਹੈ ਤਾਂ ਭਾਜਪਾ ਨੂੰ ਕੁੱਲ 28 ਲੋਕ ਸਭਾ ਸੀਟਾਂ ਤੋਂ ਘੱਟ ਸੀਟਾਂ ਮਿਲਣਗੀਆਂ।

ਅਜੇ ਤੱਕ ਕਾਂਗਰਸ ਕੋਲ ਮੌਜੂਦਾ ਲੋਕ ਸਭਾ 'ਚ 52 ਸੀਟਾਂ ਹਨ। ਇਸ 'ਚ ਕਾਂਗਰਸ ਰਣਨੀਤੀਕਾਰ ਸੁਨੀਲ ਕਾਨੂੰਗੋਲੂ ਦੀ ਅਗਵਾਈ ਵਿਚ ਯੋਗ ਯੋਜਨਾਬੰਦੀ ਨਾਲ 70 ਤੋਂ 80 ਤੱਕ ਦਾ ਵਾਧਾ ਹੋ ਸਕਦਾ ਹੈ। ਇਸ ਨਾਲ 2024 ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਦਾ ਅੰਕੜਾ 122 ਤੋਂ 132 ਤਕ ਹੋ ਜਾਵੇਗਾ, ਜੋ ਲੋਕ ਸਭਾ ਦੀ ਕੁੱਲ 543 ਸੀਟਾਂ 'ਚੋਂ ਭਾਜਪਾ ਨੂੰ 170 ਸੀਟਾਂ ਤੋਂ ਹੇਠਾਂ ਲਿਆਉਣ ਲਈ ਕਾਫ਼ੀ ਹੈ। 2024 ਲੋਕ ਸਭਾ ਵਿਚ ਕਾਫ਼ੀ ਸੀਟਾਂ ਦੇ ਨਾਲ ਵਾਈ.ਐਸ.ਆਰ.ਸੀ.ਪੀ. ਅਤੇ ਬੀ.ਜੇ.ਡੀ. ਵਿਰੋਧੀ ਗੱਠਜੋੜ ਦੇ ਨਾਲ ਸਹਿਯੋਗ ਕਰਨ 'ਚ ਰੁਚੀ ਲੈਣਗੇ। 2004 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਿਰਫ਼ 114 ਸੀਟਾਂ ਮਿਲੀਆਂ ਸਨ ਅਤੇ 2009 ਦੀਆਂ ਚੋਣਾਂ ਵਿਚ ਇਹ ਗਿਣਤੀ ਵਧ ਕੇ 146 ਹੋ ਗਈ ਸੀ।

ਵਿਰੋਧੀ ਧਿਰ ਦੀ ਆਉਣ ਵਾਲੀ ਬੈਠਕ ਵਿਚ ਉਨ੍ਹਾਂ ਮੁੱਦਿਆਂ 'ਤੇ ਚਰਚਾ ਹੋਣੀ ਚਾਹੀਦੀ ਹੈ, ਜਿਨ੍ਹਾਂ 'ਤੇ ਪਾਰਟੀਆਂ ਸੰਸਦ ਅਤੇ ਸੰਸਦ ਦੇ ਬਾਹਰ ਪ੍ਰਚਾਰ ਕਰਨਗੀਆਂ। ਕਰਨਾਟਕ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਬੇਰੁਜ਼ਗਾਰੀ ਅਤੇ ਗ਼ਰੀਬੀ ਦੇ ਨਾਲ-ਨਾਲ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੇ ਵੀ ਵੋਟਰਾਂ ਦਾ ਧਿਆਨ ਖਿੱਚਿਆ ਹੈ। ਸੰਯੁਕਤ ਵਿਰੋਧੀ ਧਿਰ ਵਲੋਂ ਉਨ੍ਹਾਂ ਮੁੱਦਿਆਂ ਦੇ ਆਧਾਰ 'ਤੇ ਇਕ ਕੌਮੀ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ, ਜੋ ਆਉਣ ਵਾਲੇ ਦਿਨਾਂ 'ਚ ਘੱਟੋ ਘੱਟ ਆਮ ਪ੍ਰੋਗਰਾਮ ਦਾ ਹਿੱਸਾ ਬਣ ਸਕਣ। ਗ਼ੈਰ-ਭਾਜਪਾ ਵਿਰੋਧੀਆਂ ਲਈ ਹੁਣ ਰਾਜਨੀਤਕ ਸਥਿਤੀ ਲਾਹੇਵੰਦ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਗਲਾ ਇਕ ਸਾਲ ਕਾਂਗਰਸ ਦੇ ਨਾਲ-ਨਾਲ ਹੋਰ ਭਾਜਪਾ ਵਿਰੋਧੀ, ਵਿਰੋਧੀ ਪਾਰਟੀਆਂ ਲਈ ਬੇਹੱਦ ਮਹੱਤਵਪੂਰਨ ਹੈ। ਕਰਨਾਟਕ ਦੀ ਲੜਾਈ ਜਿੱਤ ਲਈ ਗਈ ਹੈ ਪਰ ਵਿਰੋਧੀ ਧਿਰ ਵਲੋਂ 2024 ਵਿਚ ਭਾਜਪਾ ਦੇ ਖ਼ਿਲਾਫ਼ ਆਖ਼ਰੀ ਜੰਗ ਜਿੱਤਣੀ ਬਾਕੀ ਹੈ।

# ਕੀ ਤੇਜ਼ੀ ਨਾਲ ਵਧਦੀ ਮਹਿੰਗਾਈ ਨੂੰ ਨੱਥ ਪਾਈ ਜਾ ਸਕਦੀ ਹੈ ?

*ਮਹਿੰਗਾਈ ਦਾ ਵਿਕਾਸ ਨਾਲ ਵੀ ਸਿੱਧਾ ਸਬੰਧ ਹੁੰਦਾ ਹੈ। ਵਿਕਾਸ ਵਧਣ ਨਾਲ ਲੋਕਾਂ ਦੀ ਆਮਦਨ ਵਿਚ ਵਾਧਾ ਹੁੰਦਾ ਹੈ ਤੇ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਧਦੀ ਹੈ। ਖ਼ਰੀਦ ਸ਼ਕਤੀ ਵਧਣ ਦਾ ਮਤਲਬ ਹੁੰਦਾ ਹੈ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਮਤਲਬ ਮਹਿੰਗਾਈ। ਵਿਕਾਸ ਵੱਧ ਹੋ ਜਾਣ ਨਾਲ ਮਹਿੰਗਾਈ ਵਧੇਗੀ, ਕਿਹੋ ਜਿਹਾ ਵਰਤਾਰਾ ਹੈ। ਮਹਿੰਗਾਈ ਨੂੰ ਕਾਬੂ ਕਰਨ ਲਈ ਰੇਪੋ ਰੇਟ ਵਧਾਇਆ ਤਾਂ ਵਿਆਜ ਦਰਾਂ ਵਧਣਗੀਆਂ ਯਾਨੀ ਕਰਜ਼ਾ ਮਹਿੰਗਾ ਹੋਵੇਗਾ।*




**ਜਗਦੇਵ ਸ਼ਰਮਾ ਬੁਗਰਾ**

ਮਹਿੰਗਾਈ ਇਕ ਵੱਡਾ ਮੁੱਦਾ ਹੈ। ਕੀਮਤਾਂ ਵਧਣ ਦਾ ਪਹਿਲਾ ਕਾਰਨ ਹੁੰਦਾ ਹੈ-ਮੰਗ ਅਤੇ ਪੂਰਤੀ ਦੀ ਖੇਡ। ਬਾਜ਼ਾਰ ਵਿਚ ਜ਼ਰੂਰੀ ਵਸਤਾਂ ਦੀ ਘਾਟ ਮਹਿੰਗਾਈ ਨੂੰ ਜਨਮ ਦਿੰਦੀ ਹੈ। ਇਸ ਦੇ ਉਲਟ ਜਦੋਂ ਮੰਗ ਪੂਰਤੀ ਨਾਲੋਂ ਘੱਟ ਹੋਵੇਗੀ, ਵਸਤਾਂ ਦੇ ਭਾਅ ਡਿੱਗਣਗੇ ਅਤੇ ਬਾਜ਼ਾਰ ਵਿਚ ਮੰਦੀ ਵਰਗੇ ਹਾਲਾਤ ਪੈਦਾ ਹੋਣਗੇ।

ਮਹਿੰਗਾਈ ਦਾ ਦੂਜਾ ਵੱਡਾ ਕਾਰਨ ਸਾਡੀ ਜੇਬ ਵਿਚ ਲੋੜੋਂ ਵੱਧ ਮੁਦਰਾ ਹੁੰਦਾ ਹੈ। ਵੱਧ ਰਕਮ ਨਾਲ ਸਾਡੀ ਖ਼ਰਚ ਕਰਨ ਦੀ ਸਮਰੱਥਾ ਵਧ ਜਾਂਦੀ ਹੈ। ਸਿੱਟਾ ਕੱਢ ਸਕਦੇ ਹਾਂ ਕਿ ਬਾਜ਼ਾਰ ਵਿਚ ਵਸਤਾਂ ਦੀ ਉਪਲਬਧਤਾ ਅਤੇ ਸਾਡੀ ਜੇਬ ਵਿਚਲੀ ਨਕਦੀ, ਦੋਨੋ ਹੀ ਮਹਿੰਗਾਈ ਦੇ ਵਧਣ-ਘਟਣ ਲਈ ਮੁੱਖ ਜ਼ਿੰਮੇਵਾਰ ਕਾਰਨ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਨ੍ਹਾਂ ਦੋਵਾਂ ਕਾਰਨਾਂ ’ਤੇ ਕੰਟਰੋਲ ਲਈ ਸਰਕਾਰ ਕੋਲ ਕੋਈ ਮਸ਼ੀਨਰੀ ਉਪਲਬਧ ਹੈ ? ਜਵਾਬ ਹੈ, ਹਾਂ। ਬਾਜ਼ਾਰ ’ਚ ਵਸਤਾਂ ਦੀ ਮੁਹੱਈਆ ਮਾਤਰਾ ਯਕੀਨੀ ਬਣਾਉਣ ਲਈ ਵੀ ਸਰਕਾਰਾਂ ਕੋਲ ਸਾਧਨ ਹਨ। ਫ਼ਸਲ ਦੀ ਕਟਾਈ ਵੇਲੇ ਕਿਸਾਨ ਨੂੰ ਉਚਿਤ ਮੁੱਲ ਦੇ ਕੇ ਸਰਕਾਰਾਂ ਉਸ ਦੀ ਫ਼ਸਲ ਖ਼ਰੀਦ ਲੈਂਦੀਆਂ ਹਨ। ਐੱਮਐੱਸਪੀ ਇਸੇ ਸੋਚ ਦੀ ਪੈਦਾਵਾਰ ਹੈ। ਥੁੜ ਵੇਲੇ ਗੋਦਾਮਾਂ ਵਿਚ ਰੱਖਿਆ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਲੋਕਾਂ ਦੀ ਲੋੜ ਅਨੁਸਾਰ ਬਾਜ਼ਾਰ ਵਿਚ ਭੇਜ ਕੇ ਕੀਮਤਾਂ ਨੂੰ ਸਥਿਰ ਰੱਖਿਆ ਜਾ ਸਕਦਾ ਹੈ। ਜ਼ਰੂਰੀ ਵਸਤਾਂ ਜਿਵੇਂ ਕਣਕ, ਚਾਵਲ, ਗੁੜ, ਖੰਡਸਾਰੀ, ਤੇਲ ਅਤੇ ਤੇਲ ਦੇ ਬੀਜ, ਦਾਲਾਂ ਅਤੇ ਕਪਾਹ ਵਗੈਰਾ ਦੀ ਜ਼ਖੀਰੇਬਾਜ਼ੀ ਰੋਕਣ ਲਈ ਇਨ੍ਹਾਂ ਲਈ ਮਿਲਣ ਵਾਲੇ ਕਰਜ਼ੇ ’ਤੇ ਰੋਕ ਲਗਾਈ (ਸਿਲੈਕਟਿਵ ਕ੍ਰੈਡਿਟ ਕੰਟਰੋਲ) ਜਾ ਸਕਦੀ ਹੈ । ਸਾਡੀ ਜੇਬ ਵਿਚਲੀ ਰਕਮ ਨੂੰ ਪ੍ਰਭਾਵਿਤ ਕਰਨ ਲਈ ਵੀ ਸਰਕਾਰ ਕੋਲ ਕਈ ਤੌਰ-ਤਰੀਕੇ ਹਨ। ਬਾਜ਼ਾਰ ’ਚ ਮੁਹੱਈਆ ਮੁਦਰਾ ਸਿੱਕੇ (ਕੁਆਇਨਜ਼), ਪੇਪਰ ਮਨੀ, ਬੈਂਕਾਂ ਵਿਚਲੇ ਚਾਲੂ ਖਾਤਿਆਂ ਅਤੇ ਬੱਚਤ ਖਾਤਿਆਂ (ਐੱਫਡੀ ਨੂੰ ਛੱਡ ਕੇ) ਵਿਚ ਪਬਲਿਕ ਤੇ ਸਰਕਾਰੀ ਜਮ੍ਹਾ ਪੂੰਜੀ, ਬੈਂਕਾਂ ਦੁਆਰਾ ਜਨਤਾ, ਪਬਲਿਕ ਤੇ ਸਰਕਾਰੀ ਅਦਾਰਿਆਂ ਨੂੰ ਕੈਸ਼ ਕ੍ਰੈਡਿਟ ਜਾਂ ਓਵਰ ਡਰਾਫਟ ਦੀ ਸ਼ਕਲ ’ਚ ਦਿੱਤੇ ਜਾਣ ਵਾਲੇ ਕਰਜ਼ਿਆਂ ਦੇ ਰੂਪ ’ਚ ਹੁੰਦੀ ਹੈ।

ਇਹ ਇਸੇ ਮੁਦਰਾ ਦੀ ਮਾਤਰਾ ਹੁੰਦੀ ਹੈ ਜਿਹੜੀ ਸਾਡੀ ਖ਼ਰੀਦ ਸ਼ਕਤੀ ਤੇ ਅੱਗਿਓਂ ਵਸਤਾਂ ਦੀਆਂ ਕੀਮਤਾਂ ਨਿਰਧਾਰਤ ਕਰਦੀ ਹੈ। ਬੈਂਕਾਂ ਰਾਹੀਂ ਜਮ ?ਹਾ ਪੂੰਜੀ (ਬੈਂਕਾਂ ਦਾ ਕੱਚਾ ਮਾਲ) ’ਤੇ ਦਿੱਤੇ ਜਾਣ ਵਾਲੇ ਵਿਆਜ ਬੈਂਕਾਂ ਰਾਹੀਂ ਕਰਜ਼ਿਆਂ ਉੱਤੇ ਲਏ ਜਾਣ ਵਾਲੇ ਵਿਆਜ ਲਈ ਸੇਧ ਦਾ ਕੰਮ ਕਰਦਾ ਹੈ ਤੇ ਇਹ ਦੋਨੋ ਵਿਆਜ, ਬਾਜ਼ਾਰ ਵਿਚਲੀ ਮੁਦਰਾ ਦੀ ਮਾਤਰਾ ਨਿਰਧਾਰਤ ਕਰਦੇ ਹਨ। ਦੋਨੋ, ਕਿਸਮ ਦੀਆਂ ਵਿਆਜ ਦਰਾਂ ਵਧਾ ਕੇ ਬਾਜ਼ਾਰ ਵਿਚ ਮੁਦਰਾ ਦੀ ਮਾਤਰਾ ਘਟਾਈ ਜਾ ਸਕਦੀ ਹੈ ਕਿਉਂਕਿ ਵਿਆਜ ਵਧੇ ਤੋਂ ਜ਼ਿਆਦਾਤਰ ਜਨਤਾ ਬੈਂਕਾਂ ਵਿਚ ਪੈਸਾ ਰੱਖਣ ਨੂੰ ਤਰਜੀਹ ਦੇਵੇਗੀ ਅਤੇ ਇਸ ਦੇ ਉਲਟ ਲੋਕ ਮਹਿੰਗੀ ਦਰ ’ਤੇ ਮਿਲਣ ਵਾਲਾ ਕਰਜ਼ਾ ਘੱਟ ਲੈਣਗੇ।

ਵਿਆਜ ਦੀਆਂ ਦਰਾਂ ਘਟਾ ਦੇਣ ਨਾਲ ਉਲਟਾ ਅਸਰ ਪਵੇਗਾ ਤੇ ਬਾਜ਼ਾਰ ਵਿਚਲੀ ਮੁਦਰਾ ਸਪਲਾਈ ਵਧ ਜਾਵੇਗੀ। ਬਾਜ਼ਾਰ ਵਿਚ ਮੁਦਰਾ ਸਪਲਾਈ ਘਟਣ ਨਾਲ ਵਸਤਾਂ ਦੀਆਂ ਕੀਮਤਾਂ ਘਟਣਗੀਆਂ ਅਤੇ ਮੁਦਰਾ ਦੀ ਮਾਤਰਾ ਵਧਣ ਨਾਲ ਮਹਿੰਗਾਈ ਉੱਪਰ ਜਾਵੇਗੀ। ਆਮ ਜਨਤਾ ਦੀ ਤਰ੍ਹਾਂ ਹੀ ਬੈਂਕ ਵੀ ਵਾਧੂ ਪੈਸਾ ਰਿਜ਼ਰਵ ਬੈਂਕ ਕੋਲ ਜਮ੍ਹਾ ਰੱਖਦੇ ਹਨ ਅਤੇ ਲੋੜ ਵੇਲੇ ਉਸ ਤੋਂ ਕਰਜ਼ਾ ਲੈਂਦੇ ਹਨ। ਰਿਜ਼ਰਵ ਬੈਂਕ ਤੋਂ ਲਏ ਕਰਜ਼ੇ ’ਤੇ ਬੈਂਕ ਜੋ ਵਿਆਜ ਦਿੰਦੇ ਹਨ, ਉਸ ਨੂੰ ਰੇਪੋ ਰੇਟ ਅਤੇ ਜਮ੍ਹਾ ਪੂੰਜੀ ਉੱਪਰ ਕਮਾਏ ਵਿਆਜ ਨੂੰ ਰਿਵਰਸ ਰੇਪੋ ਰੇਟ ਕਿਹਾ ਜਾਂਦਾ ਹੈ। ਇਹ ਦੋਨੋ ਰੇਟ ਰਿਜ਼ਰਵ ਬੈਂਕ ਤੈਅ ਕਰਦਾ ਹੈ। ਅੱਗਿਓਂ ਇਹੀ ਦਰਾਂ ਬੈਂਕਾਂ ਦੀਆਂ ਵਿਆਜ ਦਰਾਂ ਲਈ ਆਧਾਰ ਦਾ ਕੰਮ ਕਰਦੀਆਂ ਹਨ। ਵਿੱਤੀ ਵਰ੍ਹੇ 2022-23 ਦੌਰਾਨ ਮਈ ਤੋਂ 7 ਦਸੰਬਰ ਤਕ ਆਰਬੀਆਈ ਦੁਆਰਾ ਰੇਪੋ ਰੇਟ ਵਿਚ ਪੰਜ ਵਾਰ ਕੀਤਾ 2.25 % ਦਾ ਵਾਧਾ ਅਤੇ ਬੈਂਕਾਂ ਦੁਆਰਾ ਦੋਵੇਂ ਕਿਸਮ ਦੇ ਵਿਆਜ ’ਚ ਕੀਤੇ ਵਾਧੇ ਪਿੱਛੇ ਇਹੀ ਕਾਰਨ ਹੈ। ਲੋਕਾਂ ਦੀਆਂ ਜੇਬਾਂ ’ਚੋਂ ਪੈਸਾ ਕਢਵਾਉਣ ਲਈ ਹੀ ਬੈਂਕਾਂ ਦੁਆਰਾ ਵਿਆਜ ਦਰ ਵਧਾਈ ਜਾਂਦੀ ਹੈ। ਅਪ੍ਰੈਲ 2023 ਵਿਚ ਆਰਬੀਆਈ ਨੇ ਇਨ੍ਹਾਂ ਦਰਾਂ ਨਾਲ ਕੋਈ ਛੇੜਛਾੜ ਨਹੀਂ ਕੀਤੀ ਸੀ ਜਿਸ ਦਾ ਮਤਲਬ ਹੈ ਕਿ ਮਹਿੰਗਾਈ ਦਰ ਸਥਿਰ ਹੈ। ਉਪਰੋਕਤ ਦੀ ਤਰ੍ਹਾਂ ਹੀ ਮਹਿੰਗਾਈ ਨੂੰ ਕਾਬੂ ਕਰਨ ਲਈ ਰਿਜ਼ਰਵ ਬੈਂਕ ਕੋਲ ਦੋ ਹੋਰ ਸਾਧਨ ਉਪਲਬਧ ਹਨ।

ਇਕ ਨੂੰ ਕਿਹਾ ਜਾਂਦਾ ਹੈ, ਕੈਸ਼ ਰਿਜ਼ਰਵ ਰੇਸ਼ੋ ਤੇ ਦੂਜਾ, ਕਾਨੂੰਨੀ ਤਰਲਤਾ ਅਨੁਪਾਤ (ਐੱਸਐੱਲਆਰ)। ਰਿਜ਼ਰਵ ਬੈਂਕ ਆਫ ਇੰਡੀਆ ਐਕਟ 1934 ਦੀ ਮਦ 42 (1) ਹੇਠ ਸਾਰੇ ਵਪਾਰਕ ਬੈਂਕਾਂ ਲਈ ਆਪਣੀ ਸ਼ੁੱਧ (ਨੈੱਟ) ਜਮ੍ਹਾ ਪੂੰਜੀ ਦਾ 4% ਰਿਜ਼ਰਵ ਬੈਂਕ ਕੋਲ ਕੈਸ਼ ਦੇ ਰੂਪ ਵਿਚ ਜਮ੍ਹਾ ਰੱਖਣਾ ਜ਼ਰੂਰੀ ਹੁੰਦਾ ਹੈ।

ਘੱਟ ਰੱਖੇ ਜਾਣ ’ਤੇ ਜੁਰਮਾਨਾ ਅਤੇ ਵੱਧ ਰੱਖੇ ਹੋਏ ਕੈਸ਼ ਉੱਪਰ ਵਿਆਜ ਮਿਲਦਾ ਹੈ। ਇਸ ਪ੍ਰਤੀਸ਼ਤ ਨੂੰ ਉੱਪਰ-ਥੱਲੇ ਕਰ ਕੇ ਵੀ ਬਾਜ਼ਾਰ ਵਿਚ ਮੁਦਰਾ ਦੀ ਮਾਤਰਾ ਘਟਾਈ ਵਧਾਈ ਜਾ ਸਕਦੀ ਹੈ। ਦੂਜੀ ਟਰਮ ਹੈ, ਕਾਨੂੰਨੀ ਤਰਲਤਾ ਅਨੁਪਾਤ। ਬੈਂਕਿੰਗ ਰੈਗੂਲੇਸ਼ਨ ਐਕਟ 1949 ਦੀ ਮਦ 24 ਤਹਿਤ ਬੈਂਕਾਂ ਵਾਸਤੇ ਜ਼ਰੂਰੀ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਕੁੱਲ ਜਮ੍ਹਾ ਪੂੰਜੀ ਦਾ ਘੱਟੋ-ਘੱਟ 25% ਅਜਿਹੇ ਅਸਾਸਿਆਂ ਵਿਚ ਆਪਣੇ ਕੋਲ ਰੱਖਣ ਜਿਸ ਨੂੰ ਤੁਰੰਤ ਕੈਸ਼ ਵਿਚ ਬਦਲਿਆ ਜਾ ਸਕੇ। ਉਸ ਨਾਲ ਬੈਂਕ ਦੀਆਂ ਦੇਣਦਾਰੀਆਂ ਦੀ ਤਰਲਤਾ ਬਣੀ ਰਹਿੰਦੀ ਹੈ ਅਤੇ ਇਸ ਰੇਸ਼ੋ ਨੂੰ ਵਧਾ-ਘਟਾ ਕੇ ਬਾਜ਼ਾਰ ਵਿਚਲੀ ਮੁਦਰਾ ਤੇ ਉਸ ਦੇ ਰਾਹੀਂ ਮਹਿੰਗਾਈ ’ਤੇ ਕਾਬੂ ਪਾਉਣ ਲਈ ਵੀ ਵਰਤਿਆ ਜਾਂਦਾ ਹੈ। ਮਹਿੰਗਾਈ ਵਧਣ ਦਾ ਇਕ ਕਾਰਨ ਹੋਰ ਹੁੰਦਾ ਹੈ, ਬਜਟਰੀ ਘਾਟਾ (ਫਿਸਕਲ ਡੈਫੇਸਿਟ)। ਕਈ ਵਾਰ ਮਹਿੰਗਾਈ ਨੂੰ ਥਾਂ ਸਿਰ ਕਰਨ ਵਾਸਤੇ ਸਰਕਾਰ ਸਬਸਿਡੀਆਂ ਦਾ ਸਹਾਰਾ ਲੈਂਦੀ ਹੈ। ਪ੍ਰੰਤੂ ਲੋੜੋਂ ਵੱਧ ਸਬਸਿਡੀਆਂ ਕਿਉਂਕਿ ਅਰਥ ਸ਼ਾਸਤਰ ਦੇ ਸਿਧਾਂਤ ’ਤੇ ਫਿੱਟ ਨਹੀਂ ਬੈਠਦੀਆਂ, ਇਸ ਲਈ ਕਈ ਵਾਰ ਸ੍ਰੀਲੰਕਾ ਵਰਗਾ ਮੰਜ਼ਰ ਦੇਖਣਾ ਪੈ ਜਾਂਦਾ ਹੈ। ਮਹਿੰਗਾਈ ਵਧਣ ਦੇ ਕੁਝ ਤਤਕਾਲੀ ਕਾਰਨ ਵੀ ਹੋ ਸਕਦੇ ਹਨ ਜਿਨ੍ਹਾਂ ਵਿਚ ਕੁਦਰਤੀ ਕਰੋਪੀ, ਯੂਕਰੇਨ-ਰੂਸ ਯੁੱਧ, ਕੋਰੋਨਾ ਕਾਲ ਵਗੈਰਾ। ਸੁਹਿਰਦ ਲੋਕ ਭਲਾਈ ਸਰਕਾਰਾਂ ਅਜਿਹੇ ਸਮਿਆਂ ਤੋਂ ਬਚਣ ਲਈ ਅਗਾਊਂ ਪੇਸ਼ਬੰਦੀਆਂ ਕਰ ਕੇ ਰੱਖਦੀਆਂ ਹਨ।

ਮਹਿੰਗਾਈ ਦਾ ਵਿਕਾਸ ਨਾਲ ਵੀ ਸਿੱਧਾ ਸਬੰਧ ਹੁੰਦਾ ਹੈ। ਵਿਕਾਸ ਵਧਣ ਨਾਲ ਲੋਕਾਂ ਦੀ ਆਮਦਨ ਵਿਚ ਵਾਧਾ ਹੁੰਦਾ ਹੈ ਤੇ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਧਦੀ ਹੈ। ਖ਼ਰੀਦ ਸ਼ਕਤੀ ਵਧਣ ਦਾ ਮਤਲਬ ਹੁੰਦਾ ਹੈ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਮਤਲਬ ਮਹਿੰਗਾਈ। ਵਿਕਾਸ ਵੱਧ ਹੋ ਜਾਣ ਨਾਲ ਮਹਿੰਗਾਈ ਵਧੇਗੀ, ਕਿਹੋ ਜਿਹਾ ਵਰਤਾਰਾ ਹੈ। ਮਹਿੰਗਾਈ ਨੂੰ ਕਾਬੂ ਕਰਨ ਲਈ ਰੇਪੋ ਰੇਟ ਵਧਾਇਆ ਤਾਂ ਵਿਆਜ ਦਰਾਂ ਵਧਣਗੀਆਂ ਯਾਨੀ ਕਰਜ਼ਾ ਮਹਿੰਗਾ ਹੋਵੇਗਾ। ਕਰਜ਼ਾ ਮਹਿੰਗਾ ਹੋਣ ਨਾਲ ਨਿਵੇਸ਼ ਘਟਦਾ ਹੈ। ਨਿਵੇਸ਼ ਘਟਣ ਦਾ ਮਤਲਬ ਸਨਅਤੀ ਸਰਗਰਮੀ ਸੁਸਤ ਹੋਣਾ ਹੈ। ਮਤਲਬ ਵਿਕਾਸ ਦਰ ਘਟੀ। ਵਿਕਾਸ ਦਰ ਘਟਣ ਦਾ ਅਰਥ ਹੈ ਬੇਰੁਜ਼ਗਾਰੀ ਵਧਣੀ। ਅਰਥ ਸ਼ਾਸਤਰੀਆਂ ਸਾਹਮਣੇ ਇਹ ਦੁਸ਼ਟ ਚੱਕਰ ਹੀ ਵੱਡਾ ਮਸਲਾ ਹੈ। ਆਖ਼ਰ ਸਰਕਾਰ ਦੇ ਹੱਥ ’ਚ ਸਭ ਕੁਝ ਹੁੰਦਿਆਂ-ਸੁੰਦਿਆਂ ਮਹਿੰਗਾਈ ਕਾਬੂ ਕਿਉਂ ਨਹੀਂ ਹੁੰਦੀ। ਇਸ ਦੇ ਦੋ ਆਰਥਿਕ ਕਾਰਨ ਹਨ। ਇਕ ਹੈ ਸਿਆਸੀ ਕਾਰਨ।

ਕਾਲਾਬਾਜ਼ਾਰੀ ਤੇ ਕਾਲਾ ਧਨ ਆਰਥਿਕ ਕਾਰਨ ਹਨ ਤੇ ਤੀਜਾ ਕਾਰਨ ਹੈ ‘ਸਿਆਸੀ ਇੱਛਾ ਸ਼ਕਤੀ’ ਦੀ ਘਾਟ। ਵੱਡੇ ਵਪਾਰੀ ਗੋਦਾਮਾਂ ਨੂੰ ਜਿੰਦਰਾ ਮਾਰ ਕੇ ਬਾਜ਼ਾਰ ’ਚ ਜ਼ਰੂਰੀ ਵਸਤਾਂ ਦੀ ਮਸਨੂਈ ਥੁੜ ਪੈਦਾ ਕਰ ਦਿੰਦੇ ਹਨ। ਸਰਕਾਰਾਂ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ ਕਿ ਵਪਾਰੀ ਵਰਗ ’ਤੇ ਲੋੜੋਂ ਵੱਧ ਸਖ਼ਤੀ ਕਰ ਕੇ ਉਨ੍ਹਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ। ਇਸ ਦਾ ਨਤੀਜਾ ਨਿਕਲਦਾ ਹੈ ਮਹਿੰਗਾਈ ਵਜੋਂ।

ਮਹਿੰਗਾਈ ਦਾ ਦੂਜਾ ਵੱਡਾ ਕਾਰਨ ਹੁੰਦਾ ਹੈ ਕਾਲੇ ਧਨ ਦੁਆਰਾ ਚੱਲ ਰਹੀ ਸਮਾਨਾਂਤਰ ਆਰਥਿਕਤਾ। ਸਾਡੇ ਦੇਸ਼ ਵਿਚ ਕਿੰਨਾ ਕਾਲਾ ਧਨ ਹੈ, ਇਸ ਬਾਰੇ ਕੋਈ ਪੁਖਤਾ ਜਾਣਕਾਰੀ ਭਾਵੇਂ ਨਹੀਂ ਹੈ ਪ੍ਰੰਤੂ ਚਿੰਤਾਜਨਕ ਜ਼ਰੂਰ ਹੈ। ਦੋ ਨੰਬਰ ਦੀ ਕਮਾਈ ਵਾਲੇ ਲੋਕ ਖ਼ਰੀਦ ਕਰਦੇ ਵਕਤ ਵਸਤੂ ਜਾਂ ਜਾਇਦਾਦ ਦੀ ਕੀਮਤ ਦਸ ਲੱਖ ਤਾਰਦੇ ਹਨ ਅਤੇ ਕਾਗਜ਼ੀ ਕੀਮਤ ਦਿਖਾਉਂਦੇ ਹਨ ਦੋ ਲੱਖ ਯਾਨੀ ਬਾਜ਼ਾਰੀ ਕੀਮਤ ਦਸ ਲੱਖ ਅਤੇ ਸਰਕਾਰੀ ਕੀਮਤ ਦੋ ਲੱਖ ਰੁਪਏ। ਜਾਇਦਾਦਾਂ ਦੀ ਕੀਮਤ ਵਧਣ ਦਾ ਵੱਡਾ ਕਾਰਨ ਬਣਦਾ ਹੈ ਇਹ ਕਾਲਾ ਧਨ। ਸਰਕਾਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਪੱਖੋਂ ਨਿਹੱਥੀ ਦਿਖਾਈ ਦਿੰਦੀ ਹੈ।

ਸਰਕਾਰਾਂ ਦਾ ਦੂਜਾ ਤਰਕ ਹੁੰਦਾ ਹੈ ਕਿ ਜ਼ਰੂਰੀ ਵਸਤਾਂ ਦੇ ਭਾਅ ਬਾਜ਼ਾਰ ਖ਼ੁਦ ਤੈਅ ਕਰਦਾ ਹੈ ਪ੍ਰੰਤੂ ਸਰਕਾਰੀ ਤਰਕ ਦੀ ਉਦੋਂ ਫੂਕ ਨਿਕਲ ਜਾਂਦੀ ਹੈ ਜਦੋਂ ਇੱਕੋ ਦਿਨ ਘਰੇਲੂ ਗੈਸ ਦੇ ਰੇਟ ਘਟ ਰਹੇ ਹੁੰਦੇ ਹਨ ਤੇ ਉਸੇ ਦਿਨ ਵਪਾਰਕ ਗੈਸ ਦੇ ਰੇਟ ਵਧ ਰਹੇ ਹੁੰਦੇ ਹਨ। ਵੋਟਾਂ ਵੇਲੇ ਤੇਲ ਦੇ ਰੇਟ ਘਟਦੇ ਹਨ ਅਤੇ ਵੋਟਾਂ ਲੰਘਦਿਆਂ ਹੀ ਛੜੱਪੇ ਮਾਰਨ ਲੱਗਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਕੰਪਨੀਆਂ ਦੇ ਘਾਟੇ ਪੂਰੇ ਕਰਨ ਲਈ ਤੇਲ ਦੇ ਰੇਟ ਵਧਾਏ ਜਾਂਦੇ ਹਨ ਪਰ ਪ੍ਰਚੂਨ ਖ਼ਰੀਦਦਾਰ ਇਹ ਵਾਧਾ ਕਿਵੇਂ ਬਰਦਾਸ਼ਤ ਕਰਦਾ ਹੈ, ਕਿਸੇ ਨੂੰ ਕੋਈ ਪਰਵਾਹ ਨਹੀਂ। ਉਪਰੋਕਤ ਤੋਂ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਮਹਿੰਗਾਈ ਨੂੰ ਕਾਬੂ ਕੀਤਾ ਜਾ ਸਕਦਾ ਹੈ ਬਸ਼ਰਤੇ ਇਸ ਨੂੰ ਕਾਬੂ ਕਰਨ ਲਈ ਸਰਕਾਰ ਕੋਲ ਉਪਲਬਧ ਚੋਖੇ ਆਰਥਿਕ ਹੀਲਿਆਂ-ਵਸੀਲਿਆਂ ਨੂੰ ਵਰਤਣ ਲਈ ਸਿਆਸੀ ਇੱਛਾ ਸ਼ਕਤੀ ਹੋਵੇ।

# ਉਜੜ ਰਹੇ ਕਈ ਘਰ: ਬਚਪਨ ’ਚ ਫਲਿਊਡ, ਜਵਾਨੀ ’ਚ ਚਿੱਟੇ ਦੀ ਰਾਹ ’ਤੇ ਨਸ਼ੇੜੀ ਬਣ ਰਿਹੈ ਭਵਿੱਖ

ਆਏ ਦਿਨ ਕਦੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸੂਚੀ ’ਚ ਅੱਵਲ ਰਹਿਣ ਵਾਲੇ ਅਤੇ ਇੱਥੋਂ ਤੱਕ ਕਿ ਨਸ਼ੇ ਦਾ ‘ਰਕਤ ਬੀਜ’ ਕਹਿ ਜਾਣ ਵਾਲੇ ਪੰਜਾਬ ’ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਇਕ ਬਹੁਚਰਚਿਤ ਸਮਾਜਿਕ, ਅਪਰਾਧਕ ਅਤੇ ਸਿਆਸੀ ਮੁੱਦਾ ਬਣਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਇਸ ਖ਼ਤਰੇ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਟੀਮ ਦਾ ਗਠਨ ਕਰਨ ਦੇ ਬਾਵਜੂਦ ਅਜੇ ਵੀ ਪੰਜਾਬ ਇਸ ਨਸ਼ੇ ਦੇ ਬੀਜ ਨੂੰ ਖ਼ਤਮ ਨਹੀਂ ਕਰ ਸਕਿਆ। ਮਹਾਨਗਰ ’ਚ ਵੀ ਪੁਰਾਣੀਆਂ ਖੰਡਰ ਇਮਾਰਤਾਂ, ਪਾਰਕਾਂ, ਪੁਲਾਂ ਦੇ ਹੇਠਾਂ ਇਨ੍ਹਾਂ ਨਸ਼ੇੜੀਆਂ ਨੇ ਨਸ਼ਾ ਕਰਨ ਲਈ ਅੱਡੇ ਬਣਾ ਲਏ ਹਨ।

ਇਸ ਨਸ਼ੇ ਦੀ ਲਪੇਟ ’ਚ 10 ਤੋਂ 15 ਸਾਲ ਦੇ ਬੱਚੇ ਜ਼ਿਆਦਾ : ਇਨ੍ਹੀਂ ਦਿਨੀਂ ਸ਼ਹਿਰ ’ਚ ਨੌਜਵਾਨਾਂ ਵਿਚ ਇਕ ਵੱਖਰੀ ਕਿਸਮ ਦਾ ਨਸ਼ਾ ਵਧਦਾ ਜਾ ਰਿਹਾ ਹੈ। ਇਹ ਨਸ਼ਾ ਸ਼ਰਾਬ, ਗਾਂਜਾ ਤੇ ਹੈਰੋਇਨ ਤੋਂ ਵੀ ਵੱਧ ਖ਼ਤਰਨਾਕ ਹੈ। ਬੱਚੇ ਹਰ ਜਗ੍ਹਾ ਆਸਾਨੀ ਨਾਲ ਮਿਲਣ ਵਾਲੇ ਫਲਿਊਡ ਕੈਮੀਕਲ ਰਾਹੀਂ ਸੁੰਘ ਰਹੇ ਹਨ। ਇਸ ਨਸ਼ੇ ਦੀ ਲਪੇਟ ’ਚ 10 ਤੋਂ 15 ਸਾਲ ਦੇ ਬੱਚੇ ਜ਼ਿਆਦਾ ਹਨ। ਇਹ ਬੱਚੇ ਫਲਿਊਡ ਦੀ ਇਕ ਟਿਊਬ ਖਰੀਦ ਕੇ ਕਿਤੇ ਇਕੱਲੇ ਬੈਠ ਕੇ ਪਲਾਸਟਿਕ ਦੀ ਫੁਆਇਲ ’ਤੇ ਉਸ ਨੂੰ ਪਹਿਲਾਂ ਨਿਚੋੜਦੇ ਹਨ, ਉਸ ਤੋਂ ਬਾਅਦ ਹਥੇਲੀ ’ਚ ਬੰਦ ਕਰਕੇ ਜ਼ੋਰ ਲਗਾ ਕੇ ਸੁੰਘਦੇ ਹਨ। ਸੁੰਘਣ ਦੇ 5-10 ਮਿੰਟ ਬਾਅਦ ਉਨ੍ਹਾਂ ’ਤੇ ਨਸ਼ਾ ਹਾਵੀ ਹੋਣ ਲੱਗਦਾ ਹੈ। ਇਸ ਦਾ ਨਸ਼ਾ 4 ਤੋਂ 5 ਮਿੰਟ ਤੱਕ ਰਹਿੰਦਾ ਹੈ। ਨਸ਼ਾ ਟੁੱਟਣ ’ਤੇ ਉਹੀ ਪ੍ਰਕਿਰਿਆ ਦੁਹਰਾਉਂਦੇ ਹਨ। ਇਸ ਤਰ੍ਹਾਂ ਦਿਨ ’ਚ 2-3 ਵਾਰ ਅਤੇ ਕਈ ਵਾਰ ਸ਼ਾਮ ਨੂੰ ਵੀ ਇਸ ਦੀ ਡੋਜ਼ ਲੈਂਦੇ ਹਨ। ਇਹ ਨਸ਼ਾ ਸਰੀਰ ਨੂੰ ਸੁੰਨ ਕਰ ਦਿੰਦਾ ਹੈ। ਇਹ ਟਿਊਬ ਕਿਸੇ ਵੀ ਕਰਿਆਨੇ ਅਤੇ ਸਟੇਸ਼ਨਰੀ ਦੀ ਦੁਕਾਨ ’ਤੇ ਮਿਲ ਜਾਂਦੀ ਹੈ। ਇਹ ਬੱਚੇ ਜ਼ਿਆਦਾਤਰ ਪੁਲਾਂ, ਸਟੇਸ਼ਨਾਂ ਤੇ ਬੱਸ ਸਟੈਂਡਾਂ ’ਤੇ ਨਜ਼ਰ ਆਉਂਦੇ ਹਨ।

ਚਿੱਟੇ ਦੀ ਪੂਰਤੀ ਨਾ ਹੋਣ ’ਤੇ ਹੋ ਰਹੀਆਂ ਲੁੱਟ ਦੀਆਂ ਵਾਰਦਾਤਾਂ : ਗੱਲ ਕਰੀਏ ਚਿੱਟੇ ਦੀ ਤਾਂ ਜਲੰਧਰ ਸ਼ਹਿਰ ’ਚ ਕਿਤੇ ਨਾ ਕਿਤੇ ਇਸ ਨਸ਼ੇ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਵੱਲੋਂ ਕਾਫ਼ੀ ਸਖ਼ਤੀ ਵਿਖਾਈ ਜਾ ਰਹੀ ਹੈ ਅਤੇ ਆਏ ਦਿਨ ਨਸ਼ੇ ਨੂੰ ਫੜਨ ਲਈ ਰੇਡ ਵੀ ਕੀਤੀ ਜਾ ਰਹੀ ਹੈ ਪਰ ਇਹ ਨਸ਼ਾ ਸਮੱਗਲਰ ਕਿਤੇ ਨਾ ਕਿਤੇ ਨਸ਼ਾ ਜਲੰਧਰ ਸ਼ਹਿਰ ’ਚ ਲੈ ਕੇ ਆ ਹੀ ਜਾਂਦੇ ਹਨ ਅਤੇ ਜਵਾਨੀ ’ਚ ਚਿੱਟੇ ਦੀ ਰਾਹ ’ਤੇ ਨਸ਼ੇੜੀ ਆਪਣਾ ਭਵਿੱਖ ਖ਼ਰਾਬ ਕਰਨ ’ਤੇ ਉਤਰੇ ਹੋਏ ਹਨ। ਪਾਰਕਾਂ, ਪੁਰਾਣੀਆਂ ਖੰਡਰ ਇਮਾਰਤਾਂ, ਪੁਲਾਂ ਦੇ ਹੇਠਾਂ ਹਜ਼ਾਰਾਂ ਦੀ



ਗਿਣਤੀ ’ਚ ਸਰਿੰਜਾਂ, ਸਿਲਵਰ ਪੇਪਰ ਅਤੇ ਨਸ਼ੇ ਦੀ ਸਮੱਗਰੀ ਦੇ ਖਾਲੀ ਲਿਫ਼ਾਫ਼ੇ ਵੇਖਣ ਨੂੰ ਮਿਲੇ। ਕਈ ਪਾਰਕ ਅਤੇ ਖੰਡਰ ਇਮਾਰਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ’ਚ ਲੱਗਾ ਲੋਹਾ ਨਸ਼ੇੜੀਆਂ ਵੱਲੋਂ ਵੇਚ ਦਿੱਤਾ ਗਿਆ ਹੈ। ਇੱਥੋਂ ਤੱਕ ਕਿ ਟੂਟੀਆਂ ਤੱਕ ਵੇਚ ਦਿੱਤੀ ਗਈਆਂ ਹਨ। ਕਈ ਨਸ਼ੇੜੀ ਜਿਨ੍ਹਾਂ ਦੀ ਨਸ਼ੇ ਦੀ ਪੂਰਤੀ ਨਹੀਂ ਹੁੰਦੀ, ਉਹ ਰਾਤ ਸਮੇਂ ਲੋਕਾਂ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਲਈ ਪੁਲਾਂ ਹੇਠਾਂ ਲੁਕ ਕੇ ਬੈਠੇ ਰਹਿੰਦੇ ਹਨ।

# ਔਰਤਾਂ ਦੇ ਹੱਕਾਂ ਪ੍ਰਤੀ ਬੇਹੱਦ ਸੰਜੀਦਗੀ ਦਿਖਾਉਣ ਦੀ ਲੋੜ

-ਡਾ. ਰਣਜੀਤ ਸਿੰਘ




ਜੇ ਭਾਰਤ ਦੇ ਇਤਿਹਾਸ ਵੱਲ ਝਾਤੀ ਮਾਰੀ ਜਾਵੇ ਤਾਂ ਪਤਾ ਚੱਲਦਾ ਹੈ ਕਿ ਸਮਾਜ ਵਿਚ ਔਰਤ ਨੂੰ ਕਦੇ ਵੀ ਮਰਦ ਦੀ ਬਰਾਬਰੀ ਦਾ ਹੱਕ ਪ੍ਰਾਪਤ ਨਹੀਂ ਹੋਇਆ। ਉਸ ਦੇ ਲਈ ਪਤੀ ਹਮੇਸ਼ਾ ਪਰਮੇਸ਼ਰ ਜਾਂ ਮਾਲਕ ਹੀ ਰਿਹਾ ਹੈ। ਔਰਤ ਦਾ ਮੁੱਖ ਕਾਰਜ ਘਰ ਦੀ ਚਾਰਦੀਵਾਰੀ ਤਕ ਸੀਮਤ ਰੱਖਿਆ ਗਿਆ ਹੈ। ਪਤਨੀ ਦੇ ਮਰਨ ਪਿੱਛੋਂ ਪਤੀ ਦੂਜਾ ਵਿਆਹ ਕਰਵਾਉਣ ਦਾ ਹੱਕਦਾਰ ਸੀ, ਇਕ ਪਤਨੀ ਦੇ ਹੁੰਦਿਆਂ ਦੂਜੀ ਪਤਨੀ ਵੀ ਲਿਆ ਸਕਦਾ ਸੀ ਪਰ ਵਿਧਵਾ ਹੋਈ ਔਰਤ ਕੋਲੋਂ ਜਿਊਣ ਦੇ ਸਾਰੇ ਹੱਕ ਖੋਹ ਲਏ ਜਾਂਦੇ ਸਨ। ਜੇ ਕੋਈ ਮਰਦ ਪਰਾਈ ਇਸਰਤੀ ਕੋਲ ਚਲਾ ਜਾਵੇ ਤਾਂ ਉਹ ਅਮੀਰਾਂ ਦੇ ਚੋਚਲੇ ਜੇ ਕੋਈ ਔਰਤ ਅਜਿਹਾ ਕਰ ਬੈਠੇ ਤਾਂ ਉਹ ਬਦਨਾਮ ਬਣ ਜਾਂਦੀ ਸੀ ਤੇ ਹੁਣ ਵੀ ਇਹੀ ਵਰਤਾਰਾ ਹੈ। ਮਰਦ ਹਮੇਸ਼ਾ ਮਤਲਬੀ ਰਿਹਾ ਹੈ।

ਵਿਡੰਬਣਾ ਇਹ ਹੈ ਕਿ ਔਰਤ ਨਾਲ ਸਦੀਆਂ ਤੋਂ ਵਿਤਕਰਾ ਹੁੰਦਾ ਆ ਰਿਹਾ ਹੈ। ਅਜਿਹਾ ਵਿਤਕਰਾ ਉਸ ਮਹਾਨ ਭਾਰਤ 'ਚ ਹੋ ਰਿਹਾ ਹੈ ਜਿੱਥੇ ਦੇਵੀਆਂ ਦੀ ਅਰਾਧਨਾ ਹੁੰਦੀ ਹੈ। ਸ਼ਕਤੀ ਲਈ ਦੁਰਗਾ ਮਾਤਾ, ਦੌਲਤ ਲਈ ਲਕਸ਼ਮੀ ਅਤੇ ਕਲਾ ਲਈ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਪਰ ਆਪਣੀ ਬਰਾਬਰੀ ਉਸ ਤੋਂ ਸਹਿਣ ਨਹੀਂ ਹੁੰਦੀ। ਸਭ ਤੋਂ ਪਹਿਲਾਂ ਅੱਜ ਤੋਂ ਕੋਈ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਈ ਸੀ। ਉਨ੍ਹਾਂ ਨੇ ਲੋਕਾਂ ਨੂੰ ਔਰਤ ਦਾ ਸਤਿਕਾਰ ਕਰਨ ਅਤੇ ਮੰਦਾ ਨਾ ਆਖਣ ਦਾ ਉਪਦੇਸ਼ ਦਿੱਤਾ। ਤੀਜੇ ਗੁਰੂ ਅਮਰ ਦਾਸ ਜੀ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਬੁਲੰਦ ਕੀਤੀ। ਇਸ ਰਿਵਾਜ ਅਨੁਸਾਰ ਆਪਣੇ ਪਤੀ ਦੀ ਚਿਤਾ ਵਿਚ ਜਿਊਂਦੇ ਸੜਨ ਲਈ ਪਤਨੀ ਨੂੰ ਮਜਬੂਰ ਕੀਤਾ ਜਾਂਦਾ ਸੀ। ਗੁਰੂ ਘਰ ਵਿਚ ਔਰਤ ਦਾ ਪੂਰਾ ਸਤਿਕਾਰ ਕੀਤਾ ਗਿਆ। ਦਸਮੇਸ਼ ਪਿਤਾ ਨੇ ਔਰਤਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ ਕੇ ਸਮਾਜ ਵਿਚ ਬਰਾਬਰੀ ਦੀ ਲਹਿਰ ਚਲਾਈ। ਉਨ੍ਹਾਂ ਨੇ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਜੰਮਦਿਆਂ ਹੀ ਕੁੜੀਆਂ ਨੂੰ ਮਾਰਨਾ ਮਹਾ ਪਾਪ ਹੈ, ਇਹ ਘੋਰ ਅਪਰਾਧ ਨਾ ਕੀਤਾ ਜਾਵੇ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਸ ਨਾਲ ਕੋਈ ਵੀ ਸਮਾਜਿਕ ਸਬੰਧ ਨਾ ਰੱਖਿਆ ਜਾਵੇ। ਇਸ ਕਰਕੇ ਹੀ ਸਿੰਘਣੀਆਂ ਨੇ ਵੀ ਸਿੰਘਾਂ ਦੇ ਬਰਾਬਰ ਲੋਕ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ। ਗੁਰੂ ਦੇ ਸਿੰਘਾਂ ਨੇ ਔਰਤ ਦਾ ਪੂਰਾ ਸਤਿਕਾਰ ਕੀਤਾ ਅਤੇ ਪਰਾਈ ਔਰਤ ਵੱਲ ਕਦੇ ਅੱਖ ਚੁੱਕ ਕੇ ਨਹੀਂ ਵੇਖਿਆ ਸਗੋਂ ਧਾੜਵੀਆਂ ਹੱਥੋਂ ਚੁੱਕੀਆਂ ਔਰਤਾਂ ਨੂੰ ਛੁਡਵਾਇਆ।

ਆਜ਼ਾਦੀ ਪਿੱਛੋਂ ਸਾਡੇ ਸੰਵਿਧਾਨ ਵਿਚ ਔਰਤਾਂ ਨੂੰ ਬਰਾਬਰੀ ਦੇ ਹੱਕ ਦਿੱਤੇ ਗਏ ਹਨ। ਪਰ ਸਮਾਜਿਕ ਤੌਰ ਉੱਤੇ ਅਜੇ ਵੀ ਮਰਦ ਉਸ ਦੀ ਬਰਾਬਰੀ ਕਬੂਲਣ ਲਈ ਤਿਆਰ ਨਹੀਂ ਹੈ। ਔਰਤ ਭਾਵੇਂ ਕਿੰਨੇ ਵੱਡੇ ਅਹੁਦੇ 'ਤੇ ਕੰਮ ਕਰਦੀ ਹੋਵੇ ਫਿਰ ਵੀ ਘਰ ਵਿਚ ਬੈਠਾ ਨਿਖੱਟੂ ਮਰਦ ਇਹੋ ਉਮੀਦ ਕਰੇਗਾ ਕਿ ਪਤਨੀ ਹੀ ਕੰਮ ਤੋਂ ਵਾਪਸ ਆ ਕੇ ਰੋਟੀ ਦਾ ਕੰਮ ਕਰੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦੀ ਰਾਸ਼ਟਰਪਤੀ ਇਕ ਔਰਤ ਹੈ। ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਵੀ ਔਰਤ ਬੈਠ ਚੁੱਕੀ ਹੈ। ਮੁੱਖ ਮੰਤਰੀ ਅਤੇ ਹੋਰ ਅਹੁਦਿਆਂ ਉੱਤੇ ਵੀ ਔਰਤਾਂ ਪੁੱਜੀਆਂ ਹਨ। ਪੜ੍ਹਾਈ ਅਤੇ ਹੋਰ ਖੇਤਰਾਂ ਵਿਚ ਮਰਦਾਂ ਤੋਂ ਅੱਗੇ ਹੋਣ ਦੇ ਬਾਵਜੂਦ ਔਰਤ ਨੂੰ ਬਰਾਬਰੀ ਪ੍ਰਾਪਤ ਨਹੀਂ ਹੋਈ ਹੈ। ਜੇ ਕਿਸੇ ਮਰਦ ਨੂੰ ਬੇਟਾ ਜਾਂ ਬੇਟੀ ਦੀ ਲੋੜ ਬਾਰੇ ਪੁੱਛਿਆ ਜਾਵੇ ਤਾਂ ਲਗਪਗ ਸਾਰੇ ਪਤੀ ਹੀ ਪਹਿਲੀ ਔਲਾਦ ਬੇਟਾ ਹੀ ਪਸੰਦ ਕਰਨਗੇ। ਜਦਕਿ ਵੇਖਣ ਵਿਚ ਆਇਆ ਹੈ ਕਿ ਲੋੜ ਵੇਲੇ ਮਾਪਿਆਂ ਦੀ ਸੇਵਾ ਆਮ ਕਰ ਕੇ ਕੁੜੀਆਂ ਹੀ ਕਰਦੀਆਂ ਹਨ। ਪੰਚਾਇਤਾਂ ਵਿਚ ਪੰਚਾਂ ਤੇ ਸਰਪੰਚਾਂ ਦੀਆਂ ਕੁਝ ਕੁਰਸੀਆਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਪਰ ਵੇਖਣ ਵਿਚ ਆਇਆ ਹੈ ਕਿ ਬਹੁਤੇ ਥਾਵਾਂ 'ਤੇ ਔਰਤਾਂ ਦੇ ਨਾਮ ਕਾਗਜ਼ਾਂ ਤਕ ਹੀ ਸੀਮਤ ਹਨ। ਅਸਲ ਕੰਮ ਤਾਂ ਉਨ੍ਹਾਂ ਦੇ ਪਤੀ ਹੀ ਕਰਦੇ ਹਨ। ਹੁਣ ਜਦੋਂ ਆਪਣੀ ਮਿਹਨਤ ਸਦਕਾ ਔਰਤਾਂ ਹਰ ਖੇਤਰ ਵਿਚ ਮਰਦਾਂ ਦੀ ਬਰਾਬਰੀ ਹੀ ਨਹੀਂ ਕਰ ਰਹੀਆਂ ਸਗੋਂ ਅੱਗੇ ਲੰਘ ਰਹੀਆਂ ਹਨ ਤਾਂ ਮਰਦਾਂ ਦੇ ਢਿੱਡ ਪੀੜ ਸ਼ੁਰੂ ਹੋ ਗਈ ਹੈ। ਉਹ ਧਾਰਮਿਕ ਕੱਟੜਵਾਦ ਜਾਂ ਸੰਸਕ੍ਰਿਤੀ ਦੇ ਨਾਮ 'ਤੇ ਔਰਤਾਂ ਉੱਤੇ ਜਬਰਦਸਤੀ ਰੋਕ ਲਗਾਉਣ ਲੱਗ ਪਏ ਸਨ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ ਅਤੇ ਨਾ-ਬਰਾਬਰੀ ਵਧ ਰਹੀ ਹੈ। ਉਦੋਂ ਕਿਸੇ ਨੂੰ ਵੀ ਸਮਾਜਿਕ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਨਜ਼ਰ ਨਹੀਂ ਆਉਂਦਾ। ਜੇ ਕੋਈ ਕੁੜੀ ਕਿਸੇ ਮੁੰਡੇ ਨਾਲ ਹੱਸ ਕੇ ਗੱਲ ਕਰ ਲੈਂਦੀ ਹੈ ਤਾਂ ਆਫ਼ਤ ਆ ਜਾਂਦੀ ਹੈ। ਆਪਣੇ ਆਪ ਸਮਾਜ ਦੇ ਠੇਕੇਦਾਰ ਬਣੇ ਕੁਝ ਵਿਹਲੜ ਲੋਕ ਪੱਛਮੀ ਸੱਭਿਆਚਾਰ ਨੂੰ ਫੈਲਣ ਤੋਂ ਰੋਕਣ ਦੇ ਨਾਂ 'ਤੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰਦੇ ਹਨ। ਉਹ ਔਰਤਾਂ ਲਈ ਪਹਿਨਣ, ਖਾਣ ਤੇ ਘੁੰਮਣ ਲਈ ਨਿਯਮ ਨਿਸ਼ਚਿਤ ਕਰ ਰਹੇ ਹਨ ਅਤੇ ਆਪ ਸਭ ਤੋਂ ਵੱਧ ਕੁਕਰਮ ਕਰਦੇ ਹਨ। ਔਰਤਾਂ ਦਾ ਇਕੱਲੇ ਸਫ਼ਰ ਕਰਨਾ ਔਖਾ ਹੈ, ਦਫ਼ਤਰਾਂ ਵਿਚ ਸ਼ੋਸ਼ਣ ਹੁੰਦਾ ਹੈ, ਘਰੇਗੀ ਕਲੇਸ਼ ਨੂੰ ਝੱਲਣਾ ਪੈਂਦਾ ਹੈ, ਇੱਥੋਂ ਤਕ ਕਿ ਕੁੱਖ ਵਿਚ ਮਾਰਿਆ ਜਾਂਦਾ ਹੈ। ਕਿਰਤ ਦਾ ਸਤਿਕਾਰ, ਇਮਾਨਦਾਰੀ, ਮਿਹਨਤ ਅਤੇ ਮਨੁੱਖੀ ਬਰਾਬਰੀ ਪੱਛਮੀ ਸੱਭਿਆਚਾਰ ਤੇ ਅਟੁੱਟ ਅੰਗ ਹਨ। ਸਾਡੇ ਨੌਜਵਾਨ ਇਨ੍ਹਾਂ ਪ੍ਰਭਾਵਾਂ ਨੂੰ ਕਬੂਲਣ ਦੀ ਥਾਂ ਮੀਡੀਆ ਦੇ ਪ੍ਰਭਾਵ ਨੂੰ ਕਬੂਲ ਰਹੇ ਹਨ। ਬਹੁਤੇ ਸੀਰੀਅਲ ਨੌਜਵਾਨਾਂ ਨੂੰ ਗਿਆਨ-ਵਿਗਿਆਨ ਨਾਲ ਜੋੜਨ ਦੀ ਥਾਂ ਆਪਸੀ ਸਬੰਧਾਂ ਦੀਆਂ ਹੇਰਾਫੇਰੀਆਂ, ਬੇਈਮਾਨੀ, ਨੰਗੇਜ਼ਵਾਦ ਦਾ ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਵਿਰੁੱਧ ਕਦੇ ਵੀ ਸਮਾਜ ਦੇ ਠੇਕੇਦਾਰਾਂ ਨੇ ਆਵਾਜ਼ ਬੁਲੰਦ ਨਹੀਂ ਕੀਤੀ। ਔਰਤ ਮਾਂ, ਧੀ ਅਤੇ ਪਤਨੀ ਦੇ ਰੂਪ ਵਿਚ ਹਮੇਸ਼ਾ ਮਰਦਾਂ ਦੀ ਸੇਵਾ ਕਰਦੀ ਹੈ। ਅਸੀਂ ਇੰਨੇ ਅਕ੍ਰਿਤਘਣ ਹਾਂ ਕਿ ਔਰਤ ਦਾ ਸਤਿਕਾਰ ਕਰਨ ਦੀ ਥਾਂ ਉਸ ਉੱਤੇ ਪਾਬੰਦੀਆਂ ਲਾਉਂਦੇ ਹਾਂ। ਸਰੀਰਕ ਭੁੱਖ ਪੂਰੀ ਕਰਨ ਲਈ ਉਨ੍ਹਾਂ ਨਾਲ ਜਬਰਦਸਤੀ ਕਰ ਕੇ ਉਨ੍ਹਾਂ ਦਾ ਜੀਵਨ ਤਬਾਹ ਕਰ ਰਹੇ ਹਾਂ। ਜੇ ਸਮਾਜਿਕ ਕਦਰਾਂ-ਕੀਮਤਾਂ ਦੀ ਇੰਨੀ ਹੀ ਫ਼ਿਕਰ ਹੈ ਤਾਂ ਬਲਾਤਕਾਰੀਆਂ ਵਿਰੁੱਧ ਮੁਹਿੰਮ ਚਲਾਈਏ, ਰਿਸ਼ਵਤਖੋਰਾਂ ਨੂੰ ਨਕੇਲ ਪਾਈਏ, ਨੌਜਵਾਨਾਂ ਨੂੰ ਨਸ਼ਿਆਂ ਦੇ ਚੁੰਗਲ ਤੋਂ ਬਚਾਈਏ ਅਤੇ ਨਾ-ਬਰਾਬਰੀ ਦਾ ਖ਼ਾਤਮਾ ਕਰੀਏ, ਉਦੋਂ ਹੀ ਸਮਾਜਿਕ ਕਦਰਾਂ-ਕੀਮਤਾਂ ਦੀ ਰਾਖੀ ਹੋ ਸਕੇਗੀ।

ਇਹ ਗਿਆਨ ਦੀ ਸਦੀ ਹੈ। ਛੋਟਾ ਪਰਿਵਾਰ ਵੀ ਸਮੇਂ ਦੀ ਲੋੜ ਹੈ ਪਰ ਸਮਾਜ ਵਿਚ ਔਰਤ ਅਤੇ ਮਰਦ ਦੀ ਬਰਾਬਰੀ ਵੀ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਜਿਹੜੀ ਮਹਿੰਮ 500 ਸਾਲ ਪਹਿਲਾਂ ਸ਼ੁਰੂ ਕੀਤੀ ਸੀ ਮੁੜ ਉਸ ਨੂੰ ਦੁਹਰਾਉਣ ਦੀ ਲੋੜ ਹੈ। ਵਿਕਾਸ ਅਤੇ ਇਨਕਲਾਬ ਲਈ ਇਹ ਬਰਾਬਰੀ ਜ਼ਰੂਰੀ ਹੈ। ਔਰਤ ਹੀ ਸਮਾਜ ਦਾ ਆਧਾਰ ਬਣਦੀ ਹੈ। ਸੁਚੱਜੇ ਤੇ ਵਧੀਆ ਪਰਿਵਾਰ ਤੇ ਸਮਾਜ ਦੀ ਸਿਰਜਣਾ ਔਰਤ ਹੀ ਕਰਦੀ ਹੈ। ਔਰਤਾਂ ਨੂੰ ਵੀ ਆਪਣੀ ਇਸ ਜ਼ਿੰਮੇਵਾਰੀ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ। ਕਿੱਟੀ ਪਾਰਟੀਆਂ ਜਾਂ ਬਿਊਟੀ ਪਾਰਲਰਾਂ ਵਿਚ ਜ਼ਰੂਰ ਜਾਓ ਪਰ ਆਪਣੇ ਬੱਚਿਆਂ ਲਈ ਵੀ ਕੁਝ ਸਮਾਂ ਕੱਢੋ। ਸਕੂਲੋਂ ਆਉਣ 'ਤੇ ਉਨ੍ਹਾਂ ਦਾ ਆਪ ਸਵਾਗਤ ਕਰੋ। ਤਾਜ਼ੀ ਰੋਟੀ ਖਾਣ ਨੂੰ ਦਿਉ। ਉਨ੍ਹਾਂ ਨਾਲ ਗੱਲਾਂ ਕਰੋ ਅਤੇ ਚੰਗੇ ਸੰਸਕਾਰ ਦਿਉ ਤਾਂ ਜੋ ਉਨ੍ਹਾਂ ਵਿਚ ਚੰਗੀਆਂ ਆਦਤਾਂ ਪੈਣ ਤੇ ਉਹ ਨਿਰਾਸ਼ਾ ਤੋਂ ਦੂਰ ਰਹਿਣ। ਟੀਵੀ ਸੀਰੀਅਲਾਂ ਦੇ ਪਿੱਛੇ ਲੱਗ ਭੈੜੀਆਂ ਆਦਤਾਂ ਤੋਂ ਬਚਿਆ ਜਾਵੇ। ਸਰੀਰਕ ਸੁੰਦਰਤਾ ਵੱਲ ਧਿਆਨ ਜ਼ਰੂਰ ਦਿੱਤਾ ਜਾਵੇ ਪਰ ਇਸ ਦੀ ਨੁਮਾਇਸ਼ ਨਾ ਕੀਤੀ ਜਾਵੇ। ਚਰਿੱਤਰ ਉਸਾਰੀ ਅਤੇ ਅਨੁਸ਼ਾਸਨ ਵੱਲ ਆਪ ਵੀ ਧਿਆਨ ਦਿਉ ਤੇ ਬੱਚਿਆਂ ਨੂੰ ਵੀ ਇਹੋ ਸਬਕ ਸਿਖਾਇਆ ਜਾਵੇ। ਆਓ, ਆਪਣੇ ਫ਼ਰਜ਼ਾਂ ਨੂੰ ਪਛਾਣੀਏ। ਔਰਤਾਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਪੰਜਾਬ ਵਿੱਚੋਂ ਹੀ ਬੁਲੰਦ ਹੋਈ ਸੀ। ਇਸੇ ਕਰਕੇ ਇੱਥੇ ਹੀ ਇਹ ਵਖਰੇਵਾਂ ਖ਼ਤਮ ਹੋਣਾ ਚਾਹੀਦਾ ਹੈ। ਪੰਜਾਬ ਵਿੱਚੋਂ ਹੀ ਹਮੇਸ਼ਾ ਸੱਚ ਤੇ ਹੱਕ ਦੀ ਰਾਖੀ ਲਈ ਮੁਹਿੰਮ ਚੱਲੀ ਹੈ। ਇੱਥੇ ਹੀ ਸੰਸਾਰ 'ਚ ਬਰਾਬਰੀ ਅਤੇ ਲੋਕ ਰਾਜ ਦੀ ਪ੍ਰਾਪਤੀ ਲਈ ਇਨਕਲਾਬ ਸ਼ੁਰੂ ਹੋਇਆ ਸੀ। ਇਸ ਦੇ ਨਾਲ ਹੀ ਬੀਬੀਆਂ ਦੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਖ਼ੁਦ ਆਪਣੀਆਂ ਦੁਸ਼ਮਣ ਨਾ ਬਣਨ, ਸਗੋਂ ਇਕਜੁੱਟ ਹੋ ਕੇ ਆਪਣੇ ਹੱਕਾਂ ਦੀ ਰਾਖੀ ਕੀਤੀ ਜਾਵੇ।

ਇਸ ਸਮੇਂ ਪੰਜਾਬ 'ਚ ਇਕ ਨਵੀਂ ਸਮੱਸਿਆ ਸਾਹਮਣੇ ਆ ਰਹੀ ਹੈ। ਸਾਰੇ ਸਕੂਲ, ਕਾਲਜਾਂ ਤੇ ਤਕਨੀਕੀ ਸੰਸਥਾਵਾਂ 'ਚ ਕੁੜੀਆਂ ਦੀ ਗਿਣਤੀ ਵਧ ਰਹੀ ਹੈ ਤੇ ਉਹ ਪੜ੍ਹਾਈ 'ਚ ਵੀ ਅੱਗੇ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਖੇਤਰਾਂ 'ਚ ਨੌਕਰੀਆਂ ਪ੍ਰਾਪਤ ਕਰਨ 'ਚ ਵੀ ਉਹ ਅੱਗੇ ਨਿਕਲ ਰਹੀਆਂ ਹਨ। ਸੋ, ਮਰਦ ਨੂੰ ਸੋਚ ਬਦਲਣ ਦੀ ਲੋੜ ਹੈ। ਮੁੰਡਿਆਂ ਨੂੰ ਹਰ ਖੇਤਰ 'ਚ ਸਿਹਤਮੰਦ ਮੁਕਾਬਲਾ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ 'ਚ ਵਖਰੇਵਾਂ ਵਧ ਨਾ ਜਾਵੇ ਤੇ ਕੁੜੀਆਂ ਨੂੰ ਆਪਣੇ ਨਾਲੋਂ ਘੱਟ ਪੜ੍ਹੇ-ਲਿਖੇ ਮੁੰਡਿਆਂ ਨਾਲ ਵਿਆਹ ਕਰਨ ਲਈ ਮਜਬੂਰ ਨਾ ਹੋਣਾ ਪਵੇ। ਹੁਣ ਪਾਰਿਵਾਰਕ ਸੁੱਖ-ਸ਼ਾਂਤੀ 'ਚ ਵਿਗਾੜ ਆ ਰਿਹਾ ਹੈ। ਇਸ ਪਾਸੇ ਧਿਆਨ ਦੇਣਾ ਜ਼ਰੂਰੀ ਹੈ। ਪਿੰਡਾਂ ਤੇ ਗ਼ਰੀਬ ਵਰਗ 'ਚ ਅਜੇ ਵੀ ਔਰਤਾਂ ਪਿੱਛੇ ਹਨ। ਇਸ ਵਰਗ ਦੀਆਂ ਬਹੁਤ ਘੱਟ ਔਰਤਾਂ ਦੇ ਨਾਂ 'ਤੇ ਕੋਈ ਜ਼ਮੀਨ-ਜਾਇਦਾਦ ਹੈ ਜਾਂ ਬੈਂਕ 'ਚ ਖਾਤੇ ਹਨ। ਹੁਣ ਜਦੋਂ ਔਰਤਾਂ ਮਰਦ ਦੇ ਬਰਾਬਰ ਜਾਂ ਉਸ ਤੋਂ ਵੀ ਵੱਧ ਕਮਾ ਰਹੀਆਂ ਹਨ ਤਾਂ ਇਸ ਵਖਰੇਵੇਂ ਨੂੰ ਵੀ ਦੂਰ ਕੀਤਾ ਜਾਵੇ। ਧਾਰਮਿਕ ਆਗੂ ਤੇ ਸਮਾਜ ਸੁਧਾਰਕ ਇਸ ਮਾਮਲੇ 'ਚ ਬਹੁਤ ਯੋਗਦਾਨ ਦੇ ਸਕਦੇ ਹਨ।

## ਕੀ 2024 ਵਿਧਾਨ ਸਭਾ ਚੋਣਾਂ 'ਚ ਲੜਾਈ 'ਰਾਹੁਲ ਬਨਾਮ ਮੋਦੀ' ਹੋਵੇਗੀ

ਨਵੀਂ ਦਿੱਲੀ : ਸੱਤਾਧਾਰੀ ਭਾਜਪਾ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਆਹਮੋ-ਸਾਹਮਣੇ ਦੀ ਲੜਾਈ ਲਈ ਵਿਰੋਧੀ ਪਾਰਟੀਆਂ ਦੀਆਂ ਕੋਸ਼ਿਸ਼ਾਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਕਰਨਾਟਕ 'ਚ ਕਾਂਗਰਸ ਦੀ ਜਿੱਤ ਨਾਲ ਰਾਹੁਲ ਗਾਂਧੀ ਦਾ ਧੜਾ ਉਤਸ਼ਾਹਿਤ ਹੈ ਅਤੇ ਇਹ ਦੱਸਣਾ ਚਾਹੁੰਦਾ ਹੈ ਕਿ ਆਮ ਚੋਣਾਂ ਕਿਸ ਦੀ ਅਗਵਾਈ 'ਚ ਲੜੀਆਂ ਜਾਣੀਆਂ ਚਾਹੀਦੀਆਂ।



ਭਾਜਪਾ ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਜੇ 2024 ਦੀਆਂ ਆਮ ਚੋਣਾਂ 'ਚ ਲੜਾਈ 'ਮੋਦੀ ਬਨਾਮ ਰਾਹੁਲ' ਬਣ ਜਾਂਦੀ ਹੈ ਤਾਂ ਸੱਤਾਧਾਰੀ ਪਾਰਟੀ ਬਹੁਤ ਖੁਸ਼ ਹੋਵੇਗੀ। ਉੱਚ ਅਹੁਦੇ ਲਈ ਵਿਰੋਧੀ ਧਿਰ 'ਚ ਨਿਤੀਸ਼ ਕੁਮਾਰ (ਜੇ. ਡੀ. ਯੂ.), ਸ਼ਰਦ ਪਵਾਰ (ਐੱਨ. ਸੀ. ਪੀ.), ਮਮਤਾ ਬੈਨਰਜੀ (ਟੀ. ਐੱਮ. ਸੀ.), ਐੱਮ. ਕੇ. ਸਟਾਲਿਨ (ਡੀ. ਐੱਮ. ਕੇ.) ਅਤੇ ਕੁਝ ਹੋਰ ਪਾਰਟੀਆਂ ਸਮੇਤ ਕਈ ਉਮੀਦਵਾਰ ਹਨ। ਭਾਜਪਾ ਅਤੇ ਕਾਂਗਰਸ ਲਗਭਗ 170 ਲੋਕ ਸਭਾ ਸੀਟਾਂ 'ਤੇ ਸਖਤ ਲੜਾਈ ਲੜਣਗੇ ਜਦਕਿ ਭਾਜਪਾ ਦੇਸ਼ ਦੇ ਬਾਕੀ ਹਿੱਸਿਆਂ 'ਚ ਖੇਤਰੀ ਅਤੇ ਹੋਰ ਪਾਰਟੀਆਂ ਵਿਰੁੱਧ ਲੜੇਗੀ। ਭਾਜਪਾ ਇਸ ਨੂੰ 'ਮੋਦੀ ਬਨਾਮ ਰਾਹੁਲ' ਮੁਕਾਬਲਾ ਬਣਾਉਣਾ ਚਾਹੇਗੀ ਕਿਉਂਕਿ ਉਸ ਦੇ ਰਣਨੀਤੀਕਾਰਾਂ ਨੂੰ ਲੱਗਦਾ ਹੈ ਕਿ ਇਹ ਅਤਿ ਫਾਇਦੇਮੰਦ ਹੋਵੇਗਾ। ਇਥੋਂ ਤੱਕ ਕਿ ਰਾਹੁਲ ਗਾਂਧੀ ਦੇ ਸਮਰਥਕ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਨੇਤਾ ਨੂੰ ਮੋਦੀ ਵਿਰੁੱਧ ਵਿਰੋਧੀ ਧਿਰ ਦੇ ਚਿਹਰੇ ਦੇ ਰੂਪ 'ਚ ਪੇਸ਼ ਕੀਤਾ ਜਾਵੇ।

ਭਾਜਪਾ ਲੀਡਰਸ਼ਿਪ ਨੂੰ ਲੱਗਦਾ ਹੈ ਕਿ ਇਸ ਨਾਲ ਮੋਦੀ ਨੂੰ ਕਾਫੀ ਮਦਦ ਮਿਲੇਗੀ ਕਿਉਂਕਿ ਗਾਂਧੀ ਪਰਿਵਾਰ ਭ੍ਰਿਸ਼ਟਾਚਾਰ ਨਾਲ ਜੁੜੇ ਵੱਖ-ਵੱਖ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਇਹ ਮਾਮਲੇ ਫਿਲਹਾਲ ਕੱਛੂਕੁੰਮੇ ਦੀ ਗਤੀ ਨਾਲ ਚੱਲ ਰਹੇ ਹਨ ਪਰ ਅਗਸਤ ਤੋਂ ਬਾਅਦ ਇਨ੍ਹਾਂ ਨੂੰ ਫਾਸਟ ਟਰੈਕ ਕੀਤਾ ਜਾ ਸਕਦਾ ਹੈ ਕਿਉਂਕਿ 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਦੂਜੀ ਗੱਲ ਇਹ ਹੈ ਕਿ ਰਾਹੁਲ ਗਾਂਧੀ ਕਈ ਵਾਰ ਅਚਾਨਕ ਅਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਚੋਣਾਂ 'ਚ ਭਾਜਪਾ ਤੇ ਪੀ. ਐੱਮ. ਮੋਦੀ ਦੀ ਮਦਦ ਕਰਦੀਆਂ ਹਨ। ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਵਿਰੋਧੀ ਧਿਰ ਇਸ ਨੂੰ ਮੋਦੀ ਬਨਾਮ ਰਾਹੁਲ ਮੁਹਿੰਮ ਬਣਨ ਦੇਣਗੇ।



# ਸੂਰਜੀ ਨਗਰ ਬਦਲਣਗੇ ਮਨੁੱਖ ਦੀ ਜੀਵਨਸ਼ੈਲੀ

-ਤਰਲੋਚਨ ਸਿੰਘ ਭੱਟੀ

*ਸਮੇਂ ਦੀ ਮੰਗ ਹੈ ਕਿ ਊਰਜਾ ਕੁਸ਼ਲਤਾ ਲਈ ਚਾਲੂ ਕੀਤੀ ਗਈ ਕਾਰਜ ਯੋਜਨਾ ਨੂੰ ਪੰਜਾਬ ਵਿਚ ਟਿਕਾਊ ਵਿਕਾਸ ਲਈ ਊਰਜਾ ਕੁਸ਼ਲਤਾ ਦੇ ਮੰਤਵਾਂ ਮੁਤਾਬਕ ਪ੍ਰਚਾਰਿਆ ਜਾਵੇ ਤਾਂ ਕਿ ਇਹ ਪੰਜਾਬ ਦੇ ਲੋਕਾਂ ਦੀ ਸੋਚ ਅਤੇ ਜੀਵਨਸ਼ੈਲੀ ਨੂੰ ਬਦਲ ਸਕੇ। ਲੋੜ ਹੈ ਕਿ ਊਰਜਾ ਦੇ ਰਵਾਇਤੀ ਸਰੋਤਾਂ ਜ਼ਮੀਨ ਹੇਠਲਾ ਪਾਣੀ, ਪੈਟਰੋਲ, ਡੀਜ਼ਲ, ਥਰਮਲ ਪਾਵਰ ਦੀ ਵਰਤੋਂ ਘਟਾਉਂਦੇ ਹੋਏ ਨਵਿਆਉਣਯੋਗ ਊਰਜਾ ਸਰੋਤਾਂ ਸੋਲਰ ਪਾਵਰ, ਹਵਾਈ ਪਾਵਰ, ਬੈਟਰੀਆਂ ਰਾਹੀਂ ਊਰਜਾ ਸਟੋਰ, ਨਹਿਰੀ ਪਾਣੀ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਵਰਤੋਂ ਨੂੰ ਪਹਿਲ ਦਿੱਤੀ ਜਾਵੇ।*



ਇਹ ਹਕੀਕਤ ਹੈ ਕਿ ਊਰਜਾ ਹਰ ਦੇਸ਼, ਹਰ ਸਰਕਾਰ ਅਤੇ ਹਰ ਪਰਿਵਾਰ ਲਈ ਇਕ ਸਾਹਰਗ ਹੈ ਜਿਸ ਦੀ ਸੰਭਾਲ ਕਰਨੀ ਜ਼ਰੂਰੀ ਹੈ। ਊਰਜਾ ਦੀ ਸੰਭਾਲ ਲਈ ਭਾਰਤ ਸਰਕਾਰ ਵੱਲੋਂ ਐਨਰਜੀ ਕੰਜ਼ਰਵੇਸ਼ਨ ਐਕਟ 2001 ਬਣਾਇਆ ਹੈ ਜੋ 29 ਸਤੰਬਰ 2001 ਤੋਂ ਪੂਰੇ ਦੇਸ਼ ਵਿਚ ਲਾਗੂ ਕੀਤਾ ਗਿਆ ਹੈ। ਪੰਜਾਬ ਵਿਚ ਇਸ ਐਕਟ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਦਿੱਤੀ ਗਈ ਹੈ ਜਿਸ ਦਾ ਟੀਚਾ ਹੈ ਕਿ 2070 ਤਕ ਪੰਜਾਬ 'ਚ ਰਵਾਇਤੀ ਊਰਜਾ ਸਰੋਤਾਂ ਉੱਤੇ ਨਿਰਭਰਤਾ ਜ਼ੀਰੋ ਕੀਤੀ ਜਾਵੇ।

ਇਸੇ ਲਈ ਪੰਜਾਬ ਸਰਕਾਰ ਦੇ ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਨੇ ਸਰਕਾਰੀ ਇਮਾਰਤਾਂ, ਉਦਯੋਗਾਂ, ਨਗਰ ਪਾਲਿਕਾਵਾਂ, ਖੇਤੀਬਾੜੀ, ਟਰਾਂਸਪੋਰਟ ਤੇ ਹੋਰ ਖੇਤਰਾਂ ਜਿੱਥੇ ਊਰਜਾ ਦੀ ਵਧੇਰੇ ਵਰਤੋਂ ਹੁੰਦੀ ਹੈ, ਵਿਚ ਊਰਜਾ ਕੁਸ਼ਲਤਾ ਨੂੰ ਉਤਸ਼ਾਹਤ ਕਰਨ ਨੂੰ ਯਕੀਨੀ ਬਣਾਉਣ ਲਈ ਪੰਜਾਬ ਰਾਜ ਊਰਜਾ ਕਾਰਜ ਯੋਜਨਾ ਦੀ ਸ਼ੁਰੂਆਤ 10 ਮਈ 2023 ਨੂੰ ਕੀਤੀ ਗਈ। ਕਾਰਜ ਯੋਜਨਾ ਦਾ ਉਦੇਸ਼ ਸਰਕਾਰੀ ਵਿਭਾਗਾਂ ਤੇ ਏਜੰਸੀਆਂ ਨੂੰ ਸਭ ਤੋਂ ਟਿਕਾਊ, ਲੰਬੀ ਮਿਆਦ ਤੇ ਅੰਤਰ-ਖੇਤਰੀ ਨਵਿਆਉਣਯੋਗ ਤੇ ਸਾਫ ਊਰਜਾ ਯੋਜਨਾਵਾਂ ਨੂੰ ਅਪਨਾਉਣ ਵਿਚ ਸਹਾਇਤਾ ਕਰਨਾ ਹੈ।

ਇੰਡੋ-ਜਰਮਨ ਐਨਰਜੀ ਪ੍ਰੋਗਰਾਮ (ਜੀਆਈਜ਼ੈੱਡ) ਦੀ ਮਦਦ ਨਾਲ ਪੰਜਾਬ ਰਾਜ ਊਰਜਾ ਵਿਕਾਸ ਏਜੰਸੀ ਰਾਹੀਂ ਪੰਜਾਬ 'ਚ ਨਿਰਵਾਇਕ ਸਹਾਇਤਾ ਟੂਲ ਚਾਲੂ ਕੀਤਾ ਗਿਆ ਹੈ ਜੋ ਅੰਮ੍ਰਿਤਸਰ ਸਮਾਰਟ ਸਿਟੀ ਪੋਰਟਲ ਤੇ ਨਵਿਆਉਣਯੋਗ ਖ਼ਰੀਦਦਾਰੀ ਜ਼ਿੰਮੇਵਾਰੀ ਪੋਰਟਲ ਰਾਹੀਂ ਚੱਲੇਗਾ। ਯੋਜਨਾ ਦਾ ਮੁੱਖ ਮੰਤਵ ਹੈ ਕਿ ਅੰਮ੍ਰਿਤਸਰ ਨੂੰ ਸੂਰਜੀ ਸ਼ਹਿਰ ਵਜੋਂ ਵਿਕਸਤ ਕੀਤਾ ਜਾਵੇ ਤੇ ਇਸ ਨੂੰ ਹਰ ਖੇਤਰ ਵਿਚ ਲਾਗੂ ਕੀਤਾ ਜਾਵੇ। ਸਾਰੇ ਵਿਭਾਗਾਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਆਪਣੇ ਦਫ਼ਤਰਾਂ ਦੀਆਂ ਇਮਾਰਤਾਂ ਨੂੰ ਸੋਲਰ ਪੈਨਲਾਂ ਨਾਲ ਲੈਸ ਕੀਤਾ ਜਾਵੇ ਤਾਂ ਕਿ ਬਿਜਲੀ ਵਰਗੀ ਰਵਾਇਤੀ ਊਰਜਾ ਉੱਤੇ ਨਿਰਭਰਤਾਵਾਂ ਅਤੇ ਕਾਰਬੋਨਾਈਡਜ਼ ਨੂੰ ਘਟਾਉਂਦੇ ਹੋਏ ਬਿਜਲੀ ਖਪਤ ਦੇ ਖ਼ਰਚਿਆਂ ਨੂੰ 25% ਤੋਂ 30% ਤਕ ਲਿਆਂਦਾ ਜਾਵੇ।

ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਸਰਕਾਰੀ ਵਿਭਾਗਾਂ ਤੇ ਨਾਗਰਿਕਾਂ ਨੂੰ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ ਹੈ। ਖ਼ਾਸ ਤੌਰ 'ਤੇ ਉਸ ਸਮੇਂ ਜਦੋਂ ਪੰਜਾਬ ਸਰਕਾਰ ਖੁੱਲ੍ਹਦਿਲੀ ਨਾਲ ਲੋਕਾਂ ਨੂੰ ਘਰੇਲੂ ਖਪਤ ਤੇ ਖੇਤੀਬਾੜੀ ਲਈ ਮੁਫ਼ਤ ਬਿਜਲੀ ਜਾਂ ਸਬਸਿਡੀ ਦੇ ਰਹੀ ਹੈ ਤੇ ਲੋਕ ਊਰਜਾ ਦੇ ਰਵਾਇਤੀ ਸਰੋਤਾਂ ਦਾ ਦੁਰਉਪਯੋਗ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਰਾਜ ਊਰਜਾ ਵਿਕਾਸ ਏਜੰਸੀ ਦੀ ਸਥਾਪਨਾ ਸਤੰਬਰ 1991 ਵਿਚ ਪੰਜਾਬ ਰਾਜ ਵਿਚ ਨਵਿਆਉਣਯੋਗ ਊਰਜਾ ਦੇ ਪ੍ਰੋਗਰਾਮਾਂ/ਪ੍ਰਾਜੈਕਟਾਂ ਤੇ ਊਰਜਾ ਸੰਭਾਲ ਪ੍ਰੋਗਰਾਮਾਂ ਦੇ ਪ੍ਰਚਾਰ ਅਤੇ ਵਿਕਾਸ ਲਈ ਇਕ ਰਾਜ ਪੱਧਰੀ ਨੋਡਲ ਏਜੰਸੀ ਵਜੋਂ ਕੀਤੀ ਗਈ ਸੀ ਤੇ ਇਸ ਨੂੰ ਸੁਸਾਇਟੀਜ਼ ਐਕਟ 1860 ਅਧੀਨ ਇਕ ਸੁਸਾਇਟੀ ਵਜੋਂ ਰਜਿਸਟਰਡ ਵੀ ਕਰਵਾਇਆ ਗਿਆ ਹੈ।

ਏਜੰਸੀ ਦੀਆਂ ਮੁੱਖ ਜ਼ਿੰਮੇਵਾਰੀਆਂ ਤੇ ਉਦੇਸ਼ ਹਨ-ਨਹਿਰੀ ਪਾਣੀ ਅਤੇ ਹਾਈਡਰੋਲ ਪ੍ਰਾਜੈਕਟਾਂ, ਬਾਇਓਮਾਸ, ਖੇਤੀਬਾੜੀ ਰਹਿੰਦ-ਖੂੰਹਦ ਆਧਾਰਤ ਊਰਜਾ ਪ੍ਰਾਜੈਕਟਾਂ, ਖੰਡ ਮਿੱਲਾਂ ਅਤੇ ਕਾਗਜ਼ ਉਦਯੋਗ ਵਿਚ ਸਹਿ-ਉਤਪਾਦਨ ਊਰਜਾ ਪ੍ਰਾਜੈਕਟ, ਸੋਲਰ ਥਰਮਲ ਪਾਵਰ, ਬਾਇਓ ਮਾਸ ਆਧਾਰਤ ਗੈਸੀਫਾਇਰ, ਸੋਲਰ ਥਰਮਲ ਪ੍ਰਣਾਲੀਆਂ, ਊਰਜਾ ਦੀ ਸੰਭਾਲ, ਸੋਲਰ ਪੈਸਿਵ ਆਰਕੀਟੈਕਚਰ, ਗ਼ੈਰ ਰਵਾਇਤੀ ਊਰਜਾ ਸਰੋਤਾਂ ਤੇ ਊਰਜਾ ਬੱਚਤ/ਸੰਭਾਲ ਆਦਿ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਨੂੰ ਨਵਿਆਉਣਯੋਗ ਊਰਜਾ ਦੀ ਵਰਤੋਂ ਅਤੇ ਸੰਭਾਲ ਬਾਰੇ ਜਾਗਰੂਕ ਕਰਨਾ। ਇਸ ਦੇ ਨਾਲ ਹੀ ਆਪਣੀਆਂ ਵਿਹਾਰਕ ਪਰਦਰਸ਼ਨੀਆਂ ਰਾਹੀਂ ਊਰਜਾ ਕੁਸ਼ਲ ਤਕਨਾਲੋਜੀ ਦੀ ਪ੍ਰਭਾਵਸ਼ੀਲਤਾ ਨੂੰ ਪ੍ਰਦਰਸ਼ਿਤ ਕਰਨਾ, ਮਾਡਲ ਊਰਜਾ ਕੁਸ਼ਲ ਪਿੰਡ ਮੁਹਿੰਮ ਰਾਹੀਂ ਮੌਜੂਦਾ ਅਕੁਸ਼ਲ ਉਪਕਰਨਾਂ ਜਿਵੇਂ ਘਰੇਲੂ ਲੈਂਪ, ਸਟਰੀਟ ਲਾਈਟਾਂ, ਪੱਖੇ ਤੇ ਵਾਟਰ ਪੰਪਾਂ ਨੂੰ ਬੰਦ ਕਰਨਾ। ਟਰਾਂਸਪੋਰਟ ਸੈਕਟਰ ਦੀ ਊਰਜਾ ਦੀ ਖ਼ਪਤ ਘਟਾਉਣ ਹਿੱਤ ਪੈਟਰੋਲ, ਡੀਜ਼ਲ ਵਾਲੀਆਂ ਮੋਟਰਾਂ-ਗੱਡੀਆਂ ਨੂੰ ਇਲੈਕਟ੍ਰਿਕ ਵਾਹਨਾਂ 'ਚ ਬਦਲਣਾ। ਟਰਾਂਸਪੋਰਟ ਸੈਕਟਰ 'ਚ ਭਾਰਤ ਵਿਚ ਕੁੱਲ ਊਰਜਾ ਦਾ 18% ਖ਼ਰਚ ਹੁੰਦਾ ਹੈ। ਹਰ ਸਾਲ 94 ਮਿਲੀਅਨ ਟਨ ਤੇਲ ਖ਼ਰਚ ਹੁੰਦਾ ਹੈ ਤੇ 142 ਮਿਲੀਅਨ ਟਨ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ ਜਿਸ ਵਿੱਚੋਂ 123 ਮਿਲੀਅਨ ਟਨ ਇਕੱਲੀ ਸੜਕੀ ਆਵਾਜਾਈ ਨਾਲ ਸਬੰਧਤ ਹੈ।

ਪੈਰਿਸ 'ਚ ਆਯੋਜਿਤ ਸੀਓਪੀ 21 ਸੰਮੇਲਨ ਦੌਰਾਨ ਲਏ ਗਏ ਫ਼ੈਸਲਿਆਂ ਅਨੁਸਾਰ 2005 ਦੇ ਪੱਧਰ ਤੋਂ 2030 ਤਕ 33% ਤੋਂ 35% ਤਕ ਕਾਰਬਨ ਨਿਕਾਸ ਤੀਬਰਤਾ ਨੂੰ ਘਟਾਉਣ ਲਈ ਭਾਰਤ ਸਰਕਾਰ ਦੁਆਰਾ ਕੀਤੀਆਂ ਗਈਆਂ ਜਲਵਾਯੂ ਪਰਿਵਰਤਨ ਦੀਆਂ ਵਚਨਬੱਧਤਾਵਾਂ ਨੂੰ ਧਿਆਨ 'ਚ ਰੱਖਦੇ ਹੋਏ ਟਰਾਂਸਪੋਰਟ ਸੈਕਟਰ ਵਿਚ ਨਵਿਆਉਣਯੋਗ ਊਰਜਾ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ।

ਇਸ ਦਾ ਇਕ ਵਿਕਲਪ ਹੈ ਬੈਟਰੀ ਨਾਲ ਚੱਲਣ ਵਾਲੀਆਂ ਮੋਟਰਾਂ-ਗੱਡੀਆਂ ਨੂੰ ਉਤਸ਼ਾਹਤ ਕਰਨਾ। ਭਾਰਤ ਦਾ ਤੇਜ਼ ਆਰਥਿਕ ਵਿਕਾਸ, ਵਧਦਾ ਸ਼ੀਹਰੀਕਰਨ, ਯਾਤਰਾ ਦੀਆਂ ਮੰਗਾਂ ਅਤੇ ਦੇਸ਼ ਲਈ ਊਰਜਾ ਸੁਰੱਖਿਆ ਬਹੁਤ ਲੋੜੀਂਦੀ ਹੈ ਜਿਸ ਲਈ ਇਲੈਕਟ੍ਰਿਕ ਗਤੀਸ਼ੀਲਤਾ ਇਕ ਵਿਹਾਰਕ ਵਿਕਲਪ ਹੈ ਜੋ ਇਲੈਕਟ੍ਰਿਕ ਗਤੀਊਰਜਾ ਦੀ ਮੰਗ, ਊਰਜਾ ਸਟੋਰੇਜ ਅਤੇ ਵਾਤਾਵਰਨ ਸਥਿਰਤਾ ਨੂੰ ਸੰਤੁਲਨ ਕਰਨ ਵਿਚ ਯੋਗਦਾਨ ਦੇਵੇਗੀ।

ਪਾਵਰ ਸੈਕਟਰ ਦੇ ਡੀ-ਕਾਰਬੁਹਾਈਡਰੇਸ਼ਨ ਦੇ ਨਾਲ-ਨਾਲ, ਬੈਟਰੀ/ ਬਿਜਲੀ ਨਾਲ ਚੱਲਣ ਵਾਲੇ ਵਾਹਨਾਂ ਦੇ ਉਤਪਾਦਨ ਤੇ ਵਰਤੋਂ ਨੂੰ ਉਤਸ਼ਾਹਤ ਕਰਨਾ ਜ਼ਰੂਰੀ ਹੈ। ਟੀਚਾ ਹੈ ਕਿ 2030 ਤਕ ਟਰਾਂਸਪੋਰਟ ਸੈਕਟਰ ਵਿਚ 30% ਨਵੇਂ ਬਿਜਲੀ ਜਾਂ ਬੈਟਰੀ ਨਾਲ ਚੱਲਣ ਵਾਲੇ ਵਾਹਨ ਪੰਜਾਬ ਵਿਚ ਵੀ ਵਰਤੋਂ ਵਿਚ ਲਿਆਂਦੇ ਜਾਣ ਅਤੇ ਉਨ੍ਹਾਂ ਨੂੰ ਚਾਰਜ ਕਰਨ ਲਈ ਢੁੱਕਵੇਂ ਪ੍ਰਬੰਧ ਵੀ ਕੀਤੇ ਜਾਣ। ਲੋੜ ਹੈ ਊਰਜਾ ਦੇ ਰਵਾਇਤੀ ਸਰੋਤਾਂ ਨੂੰ ਸੰਭਾਲਿਆ ਜਾਵੇ ਅਤੇ ਨਵਿਆਉਣਯੋਗ ਸਰੋਤਾਂ ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਜਾਵੇ।

ਜਿੱਥੋਂ ਤਕ ਸਰਕਾਰੀ ਇਮਾਰਤਾਂ ਅਤੇ ਦਫ਼ਤਰਾਂ/ਅਦਾਰਿਆਂ ਦਾ ਸਬੰਧ ਹੈ, ਊਰਜਾ ਕੁਸ਼ਲਤਾ ਬਿਊਰੋ, ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ, ਈਕੋ ਸਹਾਇਤਾ 2018 ਕੋਡ ਅਨੁਸਾਰ ਪੰਜਾਬ ਵਿਚ ਸਾਰੀਆਂ ਇਮਾਰਤਾਂ ਨੂੰ ਸੋਲਰ ਊਰਜਾ ਨਾਲ ਜੋੜਨ ਲਈ ਪੰਜਾਬ ਈਸੀਬੀਸੀ ਨਿਯਮ 2020 ਨੂੰ ਲਾਗੂ ਕਰਨਾ ਵੀ ਲਾਜ਼ਮੀ ਹੈ। ਭਾਰਤ ਸਰਕਾਰ ਨੇ ਉਦਯੋਗਿਕ ਸੈਕਟਰ ਲਈ ਐਨਹਾਂਸਡ ਐਨਰਜੀ ਐਫੀਸ਼ੈਂਸੀ ਲਈ ਰਾਸ਼ਟਰੀ ਮਿਸ਼ਨ ਦੀ ਸ਼ੁਰੂਆਤ ਕੀਤੀ ਹੈ ਜੋ ਜਲਵਾਯੂ ਪਰਿਵਰਤਨ ਤੇ ਰਾਸ਼ਟਰੀ ਕਾਰਜ ਯੋਜਨਾ ਤਹਿਤ ਯੋਜਨਾਬੱਧ ਮਿਸ਼ਨਾਂ ਵਿੱਚੋਂ ਇਕ ਹੈ।

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਨੇ ਇਕ ਪ੍ਰਸਤਾਵਿਤ ਪ੍ਰਫਾਰਮ, ਅਚੀਵ ਐਂਡ ਟਰੇਡ ਸਕੀਮ ਸ਼ੁਰੂ ਕੀਤੀ ਹੈ ਜਿਸ ਅਧੀਨ ਵੱਡੀ ਊਰਜਾ ਦੀ ਖਪਤ ਵਾਲੀਆਂ ਉਦਯੋਗਿਕ ਇਕਾਈਆਂ ਲਈ ਊਰਜਾ ਕੁਸ਼ਲਤਾ ਟੀਚਿਆਂ ਨੂੰ ਅਪਨਾਉਣਾ ਲਾਜ਼ਮੀ ਬਣਾਇਆ ਜਾਵੇ ਜੋ ਊਰਜਾ ਸੰਭਾਲ ਐਕਟ 2001 ਤਹਿਤ ਮਨੋਨੀਤ ਖਪਤਕਾਰਾਂ ਲਈ ਅਪਨਾਉਣੇ ਲਾਜ਼ਮੀ ਹਨ। ਐਲੂਮੀਨੀਅਮ, ਸੀਮੈਂਟ ਫਲੋਰ-ਅਲਕਲੀ, ਖਾਦ, ਆਇਰਨ ਅਤੇ ਸਟੀਲ, ਪਲਪ ਅਤੇ ਪੇਪਰ, ਟੈਕਸਟਾਈਲ ਅਤੇ ਥਰਮਲ ਸੈਕਟਰ ਨੂੰ ਮਨੋਨੀਤ ਖਪਤਕਾਰਾਂ ਵਜੋਂ ਨੋਟੀਫਾਈ ਕੀਤਾ ਗਿਆ ਤੇ ਪੰਜਾਬ ਰਾਜ ਵਿਚ 22 ਉਦਯੋਗਿਕ ਇਕਾਈਆਂ ਸ਼ਾਮਲ ਹਨ। ਊਰਜਾ ਕੁਸ਼ਲਤਾ ਬਿਊਰੋ, ਬਿਜਲੀ ਮੰਤਰਾਲਾ, ਭਾਰਤ ਸਰਕਾਰ ਨੇ ਪਹਿਲੀ ਅਕਤੂਬਰ 2010 ਨੂੰ ਸੰਯੁਕਤ ਜਲਵਾਯੂ ਖੇਤਰ ਵਿਚ ਦਫ਼ਤਰ ਇਮਾਰਤ ਸ਼੍ਰੇਣੀ ਤਹਿਤ ਪੇਡਾ ਸੋਲਰ ਪੈਸਿਵ ਕੰਪਲੈਕਸ (ਦਫ਼ਤਰ ਇਮਾਰਤ) ਚੰਡੀਗੜ੍ਹ ਨੂੰ ਬੀਈਈ 5 ਸਟਾਰ ਵਜੋਂ ਲੇਬਲ ਕੀਤਾ ਹੈ। ਇਹ ਇਮਾਰਤ ਊਰਜਾ ਕੁਸ਼ਲਤਾ ਅਤੇ ਵਾਤਾਵਰਨ ਅਨੁਕੂਲ ਦੋਵਾਂ ਪੱਖਾਂ ਤੋਂ ਵਿਲੱਖਣ ਹੈ ਅਤੇ ਸੂਰਜੀ ਇਮਾਰਤਾਂ ਦੀ ਉੱਤਮਤਾ ਦਾ ਕੇਂਦਰ ਹੈ ਜੋ ਰੋਸ਼ਨੀ ਅਤੇ ਹਵਾ ਨੂੰ ਲੋੜਾਂ ਦੇ ਅਨੁਕੂਲ ਬਣਾਉਂਦੀ ਹੈ।

ਸਮੇਂ ਦੀ ਮੰਗ ਹੈ ਕਿ ਊਰਜਾ ਕੁਸ਼ਲਤਾ ਲਈ ਚਾਲੂ ਕੀਤੀ ਗਈ ਕਾਰਜ ਯੋਜਨਾ ਨੂੰ ਪੰਜਾਬ ਵਿਚ ਟਿਕਾਊ ਵਿਕਾਸ ਲਈ ਊਰਜਾ ਕੁਸ਼ਲਤਾ ਦੇ ਮੰਤਵਾਂ ਮੁਤਾਬਕ ਪ੍ਰਚਾਰਿਆ ਜਾਵੇ ਤਾਂ ਕਿ ਇਹ ਪੰਜਾਬ ਦੇ ਲੋਕਾਂ ਦੀ ਸੋਚ ਅਤੇ ਜੀਵਨਸ਼ੈਲੀ ਨੂੰ ਬਦਲ ਸਕੇ। ਲੋੜ ਹੈ ਕਿ ਊਰਜਾ ਦੇ ਰਵਾਇਤੀ ਸਰੋਤਾਂ ਜ਼ਮੀਨ ਹੇਠਲਾ ਪਾਣੀ, ਪੈਟਰੋਲ, ਡੀਜ਼ਲ, ਥਰਮਲ ਪਾਵਰ ਦੀ ਵਰਤੋਂ ਘਟਾਉਂਦੇ ਹੋਏ ਨਵਿਆਉਣਯੋਗ ਊਰਜਾ ਸਰੋਤਾਂ ਸੋਲਰ ਪਾਵਰ, ਹਵਾਈ ਪਾਵਰ, ਬੈਟਰੀਆਂ ਰਾਹੀਂ ਊਰਜਾ ਸਟੋਰ, ਨਹਿਰੀ ਪਾਣੀ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਵਰਤੋਂ ਨੂੰ ਪਹਿਲ ਦਿੱਤੀ ਜਾਵੇ।

ਦੇਖਿਆ ਜਾਵੇ ਤਾਂ ਪੱਛਮੀ ਤੇ ਵਿਕਸਤ ਦੇਸ਼ ਸੋਲਰ ਐਨਰਜੀ ਨੂੰ ਮਕਬੂਲ ਕਰਨ ਲਈ ਜੰਗੀ ਪੱਧਰ 'ਤੇ ਯੋਜਨਾਵਾਂ ਉਲੀਕ ਰਹੇ ਹਨ। ਗੁਆਂਢੀ ਮੁਲਕ ਚੀਨ ਦੀ ਗੱਲ ਕਰੀਏ ਤਾਂ ਇਹ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਪ੍ਰਫੁੱਲਿਤ ਕਰਨ ਲਈ ਹਰ ਸੰਭਵ ਹੰਭਲਾ ਮਾਰ ਰਿਹਾ ਹੈ। ਚੀਨ ਦੀ ਸਰਕਾਰ ਚਾਹੁੰਦੀ ਹੈ ਕਿ ਸੋਲਰ ਐਨਰਜੀ ਵਿਚ ਉਹ ਵਿਸ਼ਵ ਲੀਡਰ ਬਣੇ।






# ਸੱਸਾਂ ਵੀ ਮਾਵਾਂ ਨੇ !



ਘਰ ਪਰਿਵਾਰ ਨੂੰ ਸੰਜੋਅ ਕੇ ਰੱਖਣ ਵਿੱਚ ਘਰ ਦੀਆਂ ਔਰਤ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਭਾਵੇਂ ਹਰ ਰਿਸ਼ਤੇ ਵਿੱਚ ਨੋਕ - ਝੋਕ, ਨਿੱਕੀਆਂ ਮੋਟੀਆਂ ਸ਼ਿਕਾਇਤਾਂ, ਸ਼ਿਕਵੇ ਆਮ ਹੁੰਦੇ ਹਨ, ਪਰ ਸਾਰੇ ਰਿਸ਼ਤਿਆ ਵਿਚੋਂ ਨੂੰਹ ਸੱਸ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੈ ਜਿਸਦੀ ਨੋਕ-ਝੋਕ ਦਾ ਜ਼ਿਕਰ ਸਾਡੇ ਲੋਕ ਗੀਤਾਂ, ਲੋਕ-ਕਥਾਵਾਂ, ਅਖਾਣਾ ਵਿੱਚ ਵੀ ਭਰਪੂਰ ਹੋਇਆ ਹੈ। ਨੂੰਹ ਸੱਸ ਦਾ ਰਿਸ਼ਤਾ ਸਾਡੇ ਸਮਾਜਿਕ ਤਾਣੇ ਬਾਣੇ ਦਾ ਇੱਕ ਬਹੁਤ ਹੀ ਅਨਿੱਖੜਵਾਂ ਅੰਗ ਹੈ। ਇਹ ਇੱਕ ਅਜਿਹਾ ਰਿਸ਼ਤਾ ਹੈ ਜੋ ਪਿਆਰ, ਸਤਿਕਾਰ, ਤਲਖੀਆਂ, ਉਲਾਮਿਆਂ ਮਿਹਣਿਆਂ, ਨਿੱਕੀ ਮੋਟੀ ਨੋਕ-ਝੋਕ ਨਾਲ ਭਰਪੂਰ ਹੈ। ਸਾਡੇ ਲੋਕ ਗੀਤਾਂ, ਕਥਾਵਾਂ, ਅਖਾਣਾਂ ਵਿੱਚ ਇਸ ਰਿਸ਼ਤੇ ਦੀਆਂ ਤਲਖੀਆਂ ਨੂੰ ਹੀ ਜਿਆਦਾ ਪੇਸ਼ ਕੀਤਾ ਗਿਆ ਹੈ ਜਿਵੇਂ ਕਿ 'ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਨੀ ਸੱਸੇ ਤੇਰੀ ਮੱਝ ਮਰਜੇ।' ਮਿਹਣਿਆਂ ਦੇ ਰੂਪ ਵਿੱਚ "ਮੇਰੀ ਸੱਸ ਦਾ ਭਤੀਜਾ ਆਇਆ, ਖੰਡ ਦੀਆਂ ਆਉਣ ਬੋਰੀਆਂ।" ਅਜਿਹੀਆਂ ਅਨੇਕਾਂ ਹੀ ਉਦਹਾਰਣਾਂ ਸਾਨੂੰ ਪੰਜਾਬੀ ਅਖਾਣਾਂ, ਬੋਲੀਆਂ ਵਿਚੋਂ ਮਿਲ ਜਾਣਗੀਆਂ। ਪਰ ਇਹਨਾਂ ਵਿੱਚ ਹਮੇਸ਼ਾ ਸੱਸ ਦੇ ਤਾਨਾਸ਼ਾਹੀ ਰੂਪ ਨੂੰ ਹੀ ਦਰਸਾਇਆ ਗਿਆ ਹੈ।

**ਹਰਕੀਰਤ ਕੌਰ**
**9779118066**

ਇਹ ਰਿਸ਼ਤਾ ਪਰਿਵਾਰਿਕ ਸਦਭਾਵਨਾ, ਏਕਤਾ ਦਾ ਥੰਮ੍ਹ ਹੈ। ਜਿਸ ਘਰ ਪਰਿਵਾਰ ਵਿੱਚ ਨੂੰਹ ਸੱਸ ਦੀ ਨੋਕ-ਝੋਕ ਨਹੀ ਹੁੰਦੀ, ਉਹਨਾਂ ਘਰਾਂ ਦੇ ਵਿਹੜਿਆਂ ਵਿੱਚ ਬਰਕਤਾਂ ਹਮੇਸ਼ਾ ਪੈਲਾਂ ਪਾਉਂਦੀਆਂ ਹਨ। ਇਸ ਰਿਸ਼ਤੇ ਨੂੰ ਮਾਵਾਂ ਧੀਆਂ ਦਾ ਰਿਸ਼ਤਾ ਬਣਾਉਣ ਲਈ ਦੋਨਾਂ ਧਿਰਾਂ ਦਾ ਭਾਵ ਕਿ ਨੂੰਹ ਅਤੇ ਸੱਸ ਦਾ ਸਮਝਦਾਰ, ਸੁਹਜ, ਸਬਰ ਭਰਭੂਰ ਹੋਣਾ ਬਹੁਤ ਜਰੂਰੀ ਹੈ। ਸੱਸਾਂ ਨੂੰ ਇਹ ਸਮਝਣਾ ਪਵੇਗਾ ਕਿ ਨੂੰਹਾਂ ਉਹਨਾਂ ਦੀਆਂ ਅਸਲੀ ਧੀਆਂ ਹਨ ਅਤੇ ਨੂੰਹਾਂ ਨੂੰ ਇਹ ਗੱਲ ਉੱਤੇ ਪਹਿਰਾ ਦੇਣਾ ਹੋਵੇਗਾ ਕਿ ਸੱਸ ਹੀ ਉਹਨਾਂ ਦੀ ਅਸਲੀ ਮਾਂ ਹੈ। ਜੇਕਰ ਸੱਸ ਨੂੰਹ ਨੂੰ ਕਿਸੇ ਗੱਲ ਤੇ ਰੋਕ ਟੋਕ ਕਰ ਰਹੀ ਹੈ ਤਾਂ ਨੂੰਹ ਦਾ ਫਰਜ਼ ਬਣਦਾ ਹੈ ਕਿ ਉਸ ਗੱਲ ਨੂੰ ਆਪਣੀ ਹੀਣਤਾ ਨਾ ਸਮਝਦੇ ਹੋਏ, ਇਹ ਸਮਝੇ ਕਿ ਉਸਦੀ ਮਾਂ ਨੇ ਵੀ ਕਿਸੇ ਵੇਲੇ ਗਲਤੀ ਤੋਂ ਡਾਂਟਿਆ, ਝਿੜਕਿਆ ਹੋਵੇਗਾ, ਕੀ ਉਸ ਸਮੇਂ ਉਸਨੇ ਮਾਂ ਦੀ ਗੱਲ ਦਾ ਗੁੱਸਾ ਕੀਤਾ ਸੀ ? ਇਸੇ ਤਰ੍ਹਾਂ ਸੱਸਾਂ ਨੂੰ ਵੀ ਚਾਹੀਦਾ ਹੈ ਕਿ ਜੇਕਰ ਨੂੰਹ ਕੋਲੋਂ ਕੋਈ ਗਲਤੀ ਹੋ ਰਹੀ ਹੈ ਤਾਂ ਉਸਨੂੰ ਤਾਅਨਾ ਜਾਂ ਮਿਹਣਾ ਦੇਣ ਦੀ ਜਗ੍ਹਾ ਪਿਆਰ ਨਾਲ ਸਮਝਾਇਆ ਜਾਵੇ, ਜਿਵੇਂ ਕਦੇ ਉਸਨੇ ਆਪਣੀ ਧੀ ਨੂੰ ਗਲਤੀ ਤੋਂ ਸਮਝਾਇਆ ਹੋਵੇਗਾ। ਜੇਕਰ ਦੋਵੇ ਧਿਰਾਂ ਇੱਕ ਦੂਸਰੇ ਪ੍ਰਤੀ ਆਕੜ, ਵਿਰੋਧ ਦੀ ਭਾਵਨਾ ਦੀ ਬਜਾਇ ਪਿਆਰ ਅਤੇ ਸਤਿਕਾਰ ਨੂੰ ਪਹਿਲ ਦੇਣ ਤਾਂ ਇਹ ਰਿਸ਼ਤਾ ਹੋਰ ਵੀ ਖੂਬਸੂਰਤ ਬਣ ਸਕਦਾ ਹੈ।

ਪਰਿਵਾਰ ਦੇ ਮਰਦ ਮੈਂਬਰ ਦਿਨ ਭਰ ਦੀ ਮਿਹਨਤ ਅਤੇ ਕੰਮ ਤੋਂ ਥੱਕੇ ਜਦੋਂ ਘਰ ਆਉਂਦੇ ਹਨ ਤਾਂ ਉਹਨਾਂ ਦੀ ਇੱਛਾ ਹੁੰਦੀ ਹੈ ਕਿ ਉਹਨਾਂ ਦੇ ਪਰਿਵਾਰਿਕ ਮੈਂਬਰ ਹੱਸਦੇ ਚਿਹਰਿਆਂ ਨਾਲ ਉਹਨਾਂ ਦੀ ਉਡੀਕ ਕਰਦੇ ਹੋਣ,ਪਰ ਬਹੁਤਾਤ ਮਰਦ ਮੈਬਰਾਂ ਨੂੰ ਸਾਰੇ ਦਿਨ ਦੀ ਥੱਕ ਟੁੱਟ ਤੋਂ ਉਪਰੰਤ ਮਾਂ ਜਾਂ ਪਤਨੀ ਦੇ ਉਦਾਸ ਜਾਂ ਗੁਸੈਲੇ ਚਿਹਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਜਿੱਥੇ ਘਰ ਦਾ ਮਾਹੌਲ ਖਰਾਬ ਹੁੰਦਾ ਹੈ ਨਾਲ ਦੀ ਨਾਲ ਪਰਿਵਾਰਿਕ ਮੈਬਰਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਵੀ ਨੁਕਸਾਨ ਹੁੰਦਾ ਹੈ।

ਅਜਿਹੀ ਸਥਿਤੀ ਵਿੱਚ ਨੂੰਹ ਅਤੇ ਸੱਸ ਦੋਨਾਂ ਦਾ ਫਰਜ਼ ਬਣਦਾ ਹੈ ਕਿ ਉਹ ਘਰ ਦਾ ਮਾਹੌਲ ਅਜਿਹਾ ਬਣਾ ਕੇ ਰੱਖਣ ਕਿ ਬਾਹਰੋਂ ਆਏ ਹੋਰ ਪਰਿਵਾਰਿਕ ਮੈਂਬਰ ਘਰ ਆ ਕੇ ਸਕੂਨ ਮਹਿਸੂਸ ਕਰਨ। ਜੇਕਰ ਨੂੰਹ ਸੱਸ ਵਿੱਚ ਕੋਈ ਕਿਹਾ ਸੁਣੀ ਹੋਈ ਵੀ ਹੈ ਤਾਂ ਉਸਨੂੰ ਆਪਸ ਵਿੱਚ ਬੈਠ ਕੇ ਮਾਵਾਂ ਧੀਆਂ ਵਾਂਗ ਪਹਿਲਾਂ ਹੀ ਸੁਲਝਾ ਲਿਆ ਜਾਵੇ। ਜੇਕਰ ਕੋਈ ਗੰਭੀਰ ਗੱਲ ਹੈ ਤਾਂ ਜਦੋਂ ਸਾਰਾ ਪਰਿਵਾਰ ਇਕੱਠਾ ਹੋਵੇ ਉਸ ਸਮੇਂ ਆਪੋ ਆਪਣੇ ਪੱਖ ਰੱਖ ਕੇ ਮਸਲੇ ਦਾ ਹੱਲ ਕੱਢਿਆ ਜਾਵੇ। ਅਜਿਹਾ ਕਰਨ ਨਾਲ ਛੋਟੇ ਮੋਟੇ ਮਸਲੇ ਵੀ ਹੱਲ ਹੋ ਜਾਂਦੇ ਹਨ ਅਤੇ ਘਰ ਦਾ ਮਾਹੌਲ ਵੀ ਖਰਾਬ ਨਹੀਂ ਹੁੰਦਾ ਹੈ।

ਨੂੰਹਾਂ ਦਾ ਪਹਿਲਾ ਫਰਜ਼ ਹੈ ਕਿ ਉਹ ਆਪਣੀਆਂ ਸੱਸ ਮਾਵਾਂ ਨੂੰ ਸਤਿਕਾਰ ਦੇਣ, ਉਹਨਾਂ ਦੇ ਰੁਤਬੇ ਦਾ ਆਦਰ ਕਰਨ । ਸੱਸਾਂ ਦੀ ਵੀ ਇਹ ਅਹਿਮ ਜਿੰਮੇਵਾਰੀ ਬਣਦੀ ਹੈ ਕਿ ਉਹਨਾਂ ਜਿੰਨੇ ਚਾਵਾਂ ਨਾਲ ਨੂੰਹ ਨੂੰ ਡੋਲੀ ਤੋਂ ਉਤਾਰਿਆ ਸੀ, ਓਨੇਂ ਹੀ ਚਾਵਾਂ ਮਲਾਰਾਂ ਨਾਲ ਉਹਨਾਂ ਨੂੰ ਪਰਿਵਾਰ ਵਿੱਚ ਰੱਖਣ। ਉਸਦੇ ਛੋਟੇ- ਛੋਟੇ ਚਾਵਾਂ ਦਾ ਅਤੇ ਲੋੜਾਂ ਦਾ ਧਿਆਨ ਰੱਖਿਆ ਜਾਵੇ, ਉਸਦੀਆਂ ਲੋੜਾਂ ਨੂੰ ਖਰਚਿਆਂ ਨਾਲ ਨਾ ਜੋੜ ਕੇ ਪੂਰਾ ਕੀਤਾ ਜਾਵੇ, ਜੇਕਰ ਕਿਸੇ ਤਰ੍ਹਾਂ ਦੀ ਆਰਥਿਕ ਤੰਗੀ ਹੈ ਤਾਂ ਉਸਨੂੰ ਘਰ ਦੇ ਹਲਾਤਾਂ ਤੋਂ ਪਿਆਰ ਨਾਲ ਜਾਣੂ ਕਰਵਾਇਆ ਜਾਵੇ। ਅਜਿਹਾ ਕਰਨ ਨਾਲ ਨੂੰਹ ਅਤੇ ਸੱਸ ਦੇ ਰਿਸ਼ਤੇ ਵਿੱਚ ਆਉਣ ਵਾਲੀ ਕੜਵਾਹਟ ਖਤਮ ਹੋ ਜਾਵੇਗੀ। ਹਮੇਸ਼ਾ ਯਾਦ ਰੱਖੋ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ ਪਿਆਰ ਹੋਵੇ ਜਾਂ ਨਫ਼ਰਤ ਉਦੋਂ ਹੀ ਪੂਰ ਚੜ੍ਹਦੇ ਹਨ ਜਦੋਂ ਦੋਨੋਂ ਤਰਫ਼ੋ ਇੱਕ ਜਿਹੇ ਭਾਵਨਾਵਾਂ ਹੋਣ। ਜੇਕਰ ਨੂੰਹਾਂ ਸੱਸਾਂ ਨੂੰ ਮਾਵਾਂ ਸਮਝ ਉਹਨਾਂ ਦੀ ਸੇਵਾ ਅਤੇ ਸਤਿਕਾਰ ਕਰਨਗੀਆਂ ਤਾਂ ਸੱਸਾਂ ਵੀ ਆਪਣੀਆਂ ਨੂੰਹਾਂ ਨੂੰ ਧੀਆਂ ਵਾਂਗ ਰੱਖਣਗੀਆਂ। ਨੂੰਹਾਂ ਸੱਸਾਂ ਨੂੰ ਸਤਿਕਾਰ ਦੇਣ ਅਤੇ ਸੱਸਾਂ ਨੂੰਹਾਂ ਨੂੰ ਪਿਆਰ ਦੀ ਗਲਵੱਕੜੀ ਚ ਲੈ ਮਾਵਾਂ ਵਾਂਗ ਦੁਲਾਰਨ। ਅਜਿਹੇ ਮਾਹੌਲ ਵਿੱਚ ਰਹਿੰਦੀਆਂ ਨੂੰਹਾਂ ਨੂੰ ਦਿਲ ਦੀਆਂ ਗੱਲਾਂ ਸੱਸਾਂ ਨਾਲ ਫਰੋਲਦੀਆਂ ਸਹੁਰੇ ਬੈਠੀਆਂ ਵੀ ਗਾ ਸਕਦੀਆਂ ਨੇ ਕਿ 'ਮਾਵਾਂ ਤੇ ਧੀਆਂ ਦੋਵੇਂ ਰਲ ਬੈਠੀਆਂ ਨੀ ਮਾਏ ਕੋਈ ਕਰਦੀਆਂ ਗਲੋੜੀਆਂ'। ਰਿਸ਼ਤਿਆਂ ਦੀ ਅਹਿਮੀਅਤ ਸਮਝੀਏ ਅਤੇ ਰਿਸ਼ਤੇ ਨੂੰ ਬਣਦਾ ਪਿਆਰ ਅਤੇ ਸਤਿਕਾਰ ਦੇਈਏ ਤਾਂ ਜੋ ਇੱਕ ਚੰਗੀ ਅਤੇ ਸਕੂਨਮਈ ਜ਼ਿੰਦਗੀ ਨੂੰ ਜੀਵਿਆ ਜਾ ਸਕੇ।

# ਲੈਂਡ ਸਰਵੇਅਰ ਕਿਵੇਂ ਬਣਨਾ ਹੈ

ਭੂਮੀ ਨਿਰੀਖਕ ਨਕਸ਼ੇ ਬਣਾਉਣ ਅਤੇ ਹੋਰ ਸਰਕਾਰੀ ਉਦੇਸ਼ਾਂ ਲਈ ਜ਼ਮੀਨ ਬਾਰੇ ਸਹੀ ਅਨੁਮਾਨ ਲਗਾਉਣ ਲਈ ਨਿਰਧਾਰਤ ਜ਼ਮੀਨ ਦੇ ਕੋਣ, ਦੂਰੀ ਅਤੇ ਬਹੁ-ਆਯਾਮੀ ਬਿੰਦੂਆਂ ਵਰਗੀਆਂ ਭੂਮੀ ਸਥਿਤੀਆਂ ਦਾ ਅਨੁਮਾਨ ਲਗਾਉਣ ਲਈ ਜ਼ਿੰਮੇਵਾਰ ਪੇਸ਼ੇਵਰ ਹੈ। ਪੇਸ਼ੇਵਰ ਭੂਮੀ ਨਿਰੀਖਕ ਦੁਆਰਾ ਤਿਆਰ ਕੀਤੀਆਂ ਸਰਵੇਖਣ ਰਿਪੋਰਟਾਂ ਨੂੰ ਜ਼ਮੀਨ ਦੇ ਲੀਜ਼ਾਂ, ਡੀਡਾਂ ਅਤੇ ਵੱਖ-ਵੱਖ ਕਾਨੂੰਨੀ ਦਸਤਾਵੇਜ਼ਾਂ ਲਈ ਜ਼ਮੀਨ ਦੇ ਵਰਣਨ ਲਈ ਵਰਤਿਆ ਜਾਂਦਾ ਹੈ। ਉਸਦੇ ਕੰਮ ਦੇ ਵੇਰਵੇ ਵਿੱਚ ਸਰਵੇਖਣ ਕੀਤੀ ਜਾ ਰਹੀ ਜ਼ਮੀਨ ਦੀ ਸਥਿਤੀ, ਸਮਰੂਪ, ਆਕਾਰ, ਮਾਪ ਅਤੇ ਉਚਾਈ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਵੀ ਸ਼ਾਮਲ ਹੈ। ਸਰਕਾਰੀ ਖੇਤਰ ਵਿੱਚ ਸੀਮਤ ਮੌਕਿਆਂ ਦੇ ਇੱਕ ਖੇਤਰ ਤੋਂ ਲੈ ਕੇ ਅਜੋਕੇ ਸਮੇਂ ਵਿੱਚ ਬੇਅੰਤ ਮੌਕਿਆਂ ਦੇ ਖੇਤਰ ਤੱਕ, ਸੈਂਕੜੇ ਬੁਨਿਆਦੀ ਢਾਂਚੇ ਅਤੇ ਭੂਮੀ ਵਿਕਾਸ ਕੰਪਨੀਆਂ ਦੀ ਬਦੌਲਤ ਲੈਂਡ ਸਰਵੇਅਰ ਦਾ ਦਾਇਰਾ ਵਧਿਆ ਹੈ। ਸ਼ਹਿਰੀਕਰਨ ਵਿੱਚ ਵਾਧੇ ਨੇ ਵੱਖ-ਵੱਖ ਬੁਨਿਆਦੀ ਢਾਂਚੇ ਅਤੇ ਰਿਹਾਇਸ਼ੀ ਵਿਕਾਸ ਗਤੀਵਿਧੀਆਂ ਲਈ ਜ਼ਮੀਨ ਦੀ ਪ੍ਰਾਪਤੀ ਦੀ ਲੋੜ ਕੀਤੀ ਹੈ ਜਿਸ ਨਾਲ ਪ੍ਰਮਾਣਿਤ ਭੂਮੀ ਸਰਵੇਖਣ ਕਰਨ ਵਾਲੇ ਲਈ ਨੌਕਰੀ ਦੇ ਮੌਕੇ ਪੈਦਾ ਹੁੰਦੇ ਹਨ ਕਿਉਂਕਿ ਇਹ ਉਹ ਪੇਸ਼ੇਵਰ ਹਨ ਜੋ ਇਹਨਾਂ ਲਈ ਵਰਤੇ ਜਾਣ ਵਾਲੇ ਜ਼ਮੀਨ ਦੇ ਐਬਸਟਰੈਕਟਾਂ ਦਾ ਸਰਵੇਖਣ ਕਰਕੇ ਅਜਿਹੇ ਪ੍ਰੋਜੈਕਟਾਂ ਦੀ ਸੰਭਾਵਨਾ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਹੁੰਦੇ ਹਨ। ਵਿਕਾਸ ਦੀਆਂ ਗਤੀਵਿਧੀਆਂ ਆਉਣ ਵਾਲੇ ਸਮੇਂ ਵਿੱਚ ਬੁਨਿਆਦੀ ਢਾਂਚਾਗਤ ਵਿਕਾਸ ਗਤੀਵਿਧੀਆਂ ਦੇ ਨਿਰੰਤਰ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਲੈਂਡ ਸਰਵੇਅਰ ਨੂੰ ਕੈਰੀਅਰ ਵਜੋਂ ਅਪਣਾਉਣਾ ਸਹੀ ਫੈਸਲਾ ਹੋ ਸਕਦਾ ਹੈ। ਇੱਕ ਉੱਚ ਤਕਨੀਕੀ ਖੇਤਰ ਹੋਣ ਦੇ ਨਾਤੇ ਭੂਮੀ ਸਰਵੇਖਣ ਕਰਨ ਵਾਲੇ ਨੂੰ ਪ੍ਰਮਾਣੀਕਰਣ ਹਾਸਲ ਕਰਨ ਤੋਂ ਪਹਿਲਾਂ ਸਖਤ ਵਿਦਿਅਕ, ਟੈਸਟਿੰਗ ਅਤੇ ਕੰਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਲਈ ਇੱਕ ਪੇਸ਼ੇਵਰ ਭੂਮੀ ਨਿਰੀਖਕ ਬਣਨ ਲਈ ਇੱਕ ਮਿਹਨਤੀ ਅਤੇ ਵਚਨਬੱਧ ਅਤੇ ਢੁਕਵੀਂ ਯੋਗਤਾ ਹੋਣੀ ਚਾਹੀਦੀ ਹੈ। ਲੈਂਡ ਸਰਵੇਅਰ ਦੀ ਯੋਗਤਾ ਵਿੱਦਿਅਕ ਯੋਗਤਾ ਲੈਂਡ ਸਰਵੇਅਰ ਬਣਨ ਲਈ, ਘੱਟੋ-ਘੱਟ ਲੋੜੀਂਦੀ ਯੋਗਤਾ 10ਵੀਂ ਜਮਾਤ ਹੈ ਅਤੇ ਉਸ ਤੋਂ ਬਾਅਦ ਲੈਂਡ ਸਰਵੇ ਵਿੱਚ ਡਿਪਲੋਮਾ/ਸਰਟੀਫਿਕੇਸ਼ਨ ਕੋਰਸ ਹੋਣਾ ਚਾਹੀਦਾ ਹੈ। ਲੈਂਡ ਸਰਵੇਅਰ ਲਈ ਲੋੜੀਂਦੇ ਹੁਨਰ ਭੂਮੀ ਸਰਵੇਖਣ ਕਰਨ ਵਾਲਿਆਂ ਕੋਲ ਗਣਿਤ ਅਤੇ ਕੰਪਿਊਟਰ ਲਈ ਮਜ਼ਬੂਤ ? ?ਯੋਗਤਾ ਹੋਣੀ ਚਾਹੀਦੀ ਹੈ; ਵਸਤੂਆਂ, ਦੂਰੀਆਂ ਅਤੇ ਆਕਾਰਾਂ ਦੀ ਕਲਪਨਾ ਕਰਨ ਦੀ ਯੋਗਤਾ; ਸਟੀਕ ਇਲੈਕਟ ?ਰਾਨਿਕ ਸਰਵੇਖਣ ਯੰਤਰਾਂ ਨਾਲ ਬਾਹਰ ਕੰਮ ਕਰਨ ਦੀ ਯੋਗਤਾ। ਉਹਨਾਂ ਕੋਲ ਮਜ਼ਬੂਤ ਵਿਸ਼ਲੇਸ਼ਕ ਅਤੇ ਸੰਗਠਨਾਤਮਕ ਹੁਨਰ ਹਨ; ਬਹੁਤ ਜ਼ਿਆਦਾ ਕੰਮ ਕਰਨ ਵਾਲਾ ਧੀਰਜ ਅਤੇ ਵੇਰਵੇ ਵੱਲ ਧਿਆਨ; ਇੱਕ ਟੀਮ ਵਾਤਾਵਰਣ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਯੋਗਤਾ. ਉਹਨਾਂ ਕੋਲ ਚੰਗੇ ਸੰਚਾਰ ਹੁਨਰ ਹੋਣੇ ਚਾਹੀਦੇ ਹਨ; ਸਾਜ਼-ਸਾਮਾਨ ਅਤੇ ਯੰਤਰਾਂ ਦੀ ਸਹੀ ਅਤੇ ਸਹੀ ਢੰਗ ਨਾਲ ਵਰਤੋਂ ਕਰਨ ਦੇ ਯੋਗ। ਉਹਨਾਂ ਨੂੰ ਸਿਹਤ ਅਤੇ ਸੁਰੱਖਿਆ ਦਾ ਗਿਆਨ ਹੋਣਾ ਚਾਹੀਦਾ ਹੈ; ਮਜ਼ਬੂਤ ਸੰਚਾਰ, ਗੱਲਬਾਤ ਅਤੇ ਪੇਸ਼ਕਾਰੀ ਦੇ ਹੁਨਰ; ਤਰਜੀਹ ਦੇਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾਉਣ ਦੀ ਯੋਗਤਾ; ਇੱਕ ਟੀਮ ਦੇ ਹਿੱਸੇ ਵਜੋਂ ਕੰਮ ਕਰਨ ਦੀ ਯੋਗਤਾ. ਲੈਂਡ ਸਰਵੇਅਰ ਕਿਵੇਂ ਬਣਨਾ ਹੈ ? ਕੁਝ ਦਹਾਕੇ ਪਹਿਲਾਂ ਭੂਮੀ ਨਿਰੀਖਕ ਬਣਨ ਲਈ ਰਸਮੀ ਸਿਖਲਾਈ ਲਈ ਜਾਣ ਦੀ ਕੋਈ ਲੋੜ ਨਹੀਂ ਸੀ। ਇੱਕ ਸਰਵੇਖਣ ਅਮਲੇ ਵਿੱਚ ਇੱਕ ਚਾਲਕ ਦਲ ਦੇ ਮੈਂਬਰ ਵਜੋਂ ਸ਼ਾਮਲ ਹੋਣਾ ਅਤੇ ਨੌਕਰੀ ਦਾ ਤਜਰਬਾ ਹਾਸਲ ਕਰਨਾ ਹੀ ਇੱਕੋ ਇੱਕ ਚੀਜ਼ ਸੀ ਜੋ ਚਾਹਵਾਨ ਉਮੀਦਵਾਰਾਂ ਨੂੰ ਲਾਇਸੰਸਸ਼ੁਦਾ ਸਰਵੇਖਣਕਰਤਾ ਬਣਨ ਲਈ ਕਰਨਾ ਪੈਂਦਾ ਹੈ। ਤਕਨਾਲੋਜੀ ਦੀ ਵੱਧ ਰਹੀ



ਵਰਤੋਂ ਅਤੇ ਕਲਾ ਦੇ ਵਿਕਾਸ ਨੇ ਇਸ ਨੂੰ ਉੱਚ ਤਕਨੀਕੀ ਖੇਤਰ ਬਣਾ ਦਿੱਤਾ ਹੈ ਜਿਸ ਲਈ ਸ਼ਾਨਦਾਰ ਰਸਮੀ ਸਿੱਖਿਆ ਅਤੇ ਪ੍ਰਮਾਣੀਕਰਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਤੁਹਾਨੂੰ ਉੱਚ ਯੋਗਤਾ ਪ੍ਰਾਪਤ ਅਤੇ ਪ੍ਰਮਾਣਿਤ ਭੂਮੀ ਸਰਵੇਖਣਕਾਰ ਬਣਨ ਲਈ ਕਿਸੇ ਚੰਗੇ ਸੰਸਥਾ ਤੋਂ ਸਬੰਧਤ ਖੇਤਰ ਵਿੱਚ ਡਿਗਰੀ ਪ੍ਰਾਪਤ ਕਰਨੀ ਚਾਹੀਦੀ ਹੈ। ਸਰਵੇਖਣਕਾਰ ਬਣਨ ਲਈ ਉਮੀਦਵਾਰਾਂ ਲਈ ਲੋੜੀਂਦੀ ਮੁੱਢਲੀ ਯੋਗਤਾ ਸਿਵਲ ਇੰਜੀਨੀਅਰਿੰਗ ਵਿੱਚ ਬੈਚਲਰ ਡਿਗਰੀ ਹੈ। ਹਾਲਾਂਕਿ, ਇੱਥੇ ਕਈ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਅਤੇ ਕਾਲਜ ਹਨ ਜੋ ਭੂਮੀ ਸਰਵੇਖਣ ਅਤੇ ਸਰਵੇਖਣ ਤਕਨਾਲੋਜੀ ਵਿੱਚ ਵੀ ਡਿਗਰੀਆਂ ਪ੍ਰਦਾਨ ਕਰਦੇ ਹਨ। ਹਾਲਾਂਕਿ, ਉਹ ਤੁਹਾਨੂੰ ਲੈਂਡ ਸਰਵੇਖਣ ਲਾਇਸੈਂਸ ਦੀ ਪੇਸ਼ਕਸ਼ ਨਹੀਂ ਕਰਨਗੇ ਜਿਸਦੀ ਤੁਹਾਨੂੰ ਕੰਮ ਕਰਨ ਦੀ ਲੋੜ ਹੋਵੇਗੀ। ਕਦਮ 1 10ਵੀਂ ਜਮਾਤ ਪਾਸ ਕਰਨ ਤੋਂ ਬਾਅਦ ਇੱਛੁਕ ਉਮੀਦਵਾਰ ਨੂੰ ਦਾਖਲੇ




**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਵਿੱਚ ਹਾਜ਼ਰ ਹੋਣਾ ਪਵੇਗਾ। ਪ੍ਰਵੇਸ਼ ਪ੍ਰੀਖਿਆ ਵਿੱਚ ਉਮੀਦਵਾਰ ਦੇ ਦਰਜੇ ਦੇ ਅਨੁਸਾਰ ਡਿਪਲੋਮਾ ਕਾਲਜਾਂ ਵਿੱਚ ਦਾਖਲਾ ਲੈਣ ਲਈ ਵੱਖ-ਵੱਖ ਰਾਜ ਸਰਕਾਰਾਂ ਦੇ ਤਕਨੀਕੀ ਸਿੱਖਿਆ ਬੋਰਡਾਂ ਦੁਆਰਾ ਕਰਵਾਏ ਗਏ ਟੈਸਟ। ਇਹ ਇਮਤਿਹਾਨ ਆਮ ਤੌਰ 'ਤੇ ਮਈ-ਜੂਨ ਦੇ ਮਹੀਨੇ ਵਿੱਚ ਆਯੋਜਿਤ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਅੰਗਰੇਜ਼ੀ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਗਣਿਤ ਅਤੇ ਯੋਗਤਾ ਦੇ ਵਿਸ਼ੇ 'ਤੇ ਉਦੇਸ਼ ਕਿਸਮ ਦੇ ਪ੍ਰਸ਼ਨ ਹੁੰਦੇ ਹਨ। ਕਦਮ 2 ਡਿਪਲੋਮਾ ਕੋਰਸ ਦੇ ਤਿੰਨ ਸਾਲਾਂ ਦੇ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਕੋਈ ਵੀ ਜੂਨੀਅਰ ਇੰਜੀਨੀਅਰ ਪੱਧਰ ਦੀ ਨੌਕਰੀ ਵਿੱਚ ਸ਼ਾਮਲ ਹੋ ਸਕਦਾ ਹੈ ਜਾਂ ਰਾਜ ਦੇ ਕੁਝ ਖੇਤਰੀ ਇੰਜੀਨੀਅਰਿੰਗ ਕਾਲਜਾਂ ਦੁਆਰਾ ਪ੍ਰਦਾਨ ਕੀਤੇ ਗਏ ਇੰਜੀਨੀਅਰਿੰਗ ਕੋਰਸ ਵਿੱਚ ਡਿਗਰੀ ਦੇ ਦੂਜੇ ਸਾਲ ਵਿੱਚ ਦਾਖਲਾ ਲੈਣ ਲਈ ਮੁਕਾਬਲਾ ਕਰ ਸਕਦਾ ਹੈ। ਜਾਂ ਕੋਈ ਵੀ AMIE (ਇੰਜੀਨੀਅਰਾਂ ਦੀ ਸੰਸਥਾ ਦੀ ਐਸੋਸੀਏਟ ਮੈਂਬਰਸ਼ਿਪ) ਦੁਆਰਾ ਆਪਣੀ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰ ਸਕਦਾ ਹੈ - ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰਨ ਲਈ ਇੱਕ ਵਿਕਲਪਿਕ ਵਿਕਲਪ, AMIE ਗੈਰ-ਰਸਮੀ ਇੰਜੀਨੀਅਰਿੰਗ ਸਿੱਖਿਆ ਪ੍ਰੋਗਰਾਮ ਪੇਸ਼ ਕਰਦਾ ਹੈ, ਜਿਸ ਦੀ ਸਫਲਤਾਪੂਰਵਕ ਪੂਰਤੀ ਨੂੰ ਭਾਰਤ ਸਰਕਾਰ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ, ਰਾਜ ਸਰਕਾਰਾਂ ਅਤੇ ਜਨਤਕ/ਨਿਜੀ ਖੇਤਰ ਦੀਆਂ ਸੰਸਥਾਵਾਂ ਦੁਆਰਾ ਇੰਜੀਨੀਅਰਿੰਗ ਦੀ ਡਿਗਰੀ ਦੇ ਬਰਾਬਰ ਮਾਨਤਾ ਪ੍ਰਾਪਤ ਹੈ। ਦੂਜਾ ਵਿਕਲਪ ਇਹ ਹੈ ਕਿ ਇੰਜੀਨੀਅਰਿੰਗ ਦੇ ਚਾਹਵਾਨ 10+2 ਦੀ ਚੋਣ ਕਰ ਸਕਦੇ ਹਨ ਅਤੇ ਉਸ ਤੋਂ ਬਾਅਦ ਡਿਗਰੀ ਕਾਲਜ ਵਿਚ ਦਾਖਲਾ ਲੈ ਸਕਦੇ ਹਨ। ਇੰਜੀਨੀਅਰਿੰਗ ਵਿੱਚ ਡਿਗਰੀ ਕੋਰਸ ਵਿੱਚ ਸ਼ਾਮਲ ਹੋਣ ਲਈ ਯੋਗ ਹੋਣ ਲਈ ਇੱਕ 10+2 ਕਲਾਸ ਪਾਸ ਹੋਣਾ ਚਾਹੀਦਾ ਹੈ ਜਾਂ ਜ਼ਿਆਦਾਤਰ ਵੱਕਾਰੀ ਕਾਲਜਾਂ ਲਈ ਪੀਸੀਐਮ ਵਿੱਚ ਘੱਟੋ-ਘੱਟ 60% ਅੰਕਾਂ ਦੇ ਨਾਲ ਭੌਤਿਕ ਵਿਗਿਆਨ, ਰਸਾਇਣ ਅਤੇ ਗਣਿਤ ਦੇ ਨਾਲ ਮੁੱਖ ਵਿਸ਼ਿਆਂ ਦੇ ਨਾਲ ਗੈਰ-ਮੈਡੀਕਲ ਸਟਰੀਮ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ। ਕਦਮ 1 ਯੋਗ ਉਮੀਦਵਾਰਾਂ ਨੂੰ ਰਾਜ ਦੀਆਂ ਵੱਖ-ਵੱਖ ਰਾਜ ਯੂਨੀਵਰਸਿਟੀਆਂ (ਜਿਵੇਂ ਕਿ ਦਿੱਲੀ ਯੂਨੀਵਰਸਿਟੀ ਦੁਆਰਾ ਦਿੱਲੀ ਸੀ.ਈ.ਈ. ਆਦਿ), ਕੇਂਦਰੀ ਸਰਕਾਰ ਦੀਆਂ ਸੰਸਥਾਵਾਂ ਜਿਵੇਂ ਕਿ ਸਾਂਝੀ ਦਾਖਲਾ ਪ੍ਰੀਖਿਆ (ਮੈਨਾ) ਅਤੇ ਸੁਤੰਤਰ ਸੰਸਥਾ (ਜਿਵੇਂ ਕਿ ਆਈ.ਆਈ.ਟੀ.-ਜੇ.ਈ.ਈ. , BITS ਪਿਲਾਨੀ ਆਦਿ) ਭਾਰਤ ਵਿੱਚ ਵੱਖ-ਵੱਖ ਥਾਵਾਂ 'ਤੇ ਮੌਜੂਦ ਹਨ। ਉਮੀਦਵਾਰ ਇਹਨਾਂ ਕਾਲਜਾਂ ਵਿੱਚ ਚਾਰ ਸਾਲਾ ਡਿਗਰੀ ਪ੍ਰੋਗਰਾਮ ਲਈ ਲਈ ਗਈ ਪ੍ਰੀਖਿਆ ਵਿੱਚ ਉਹਨਾਂ ਦੀ ਯੋਗਤਾ ਅਤੇ ਉਹਨਾਂ ਦੁਆਰਾ ਚੁਣੇ ਗਏ ਉਹਨਾਂ ਦੀ ਦਿਲਚਸਪੀ ਦੀ ਧਾਰਾ ਅਨੁਸਾਰ ਦਾਖਲਾ ਪ੍ਰਾਪਤ ਕਰਦਾ ਹੈ। ਕਦਮ 2 ਸਫਲਤਾਪੂਰਵਕ ਡਿਗਰੀ ਕੋਰਸ ਜਾਂ ਬਰਾਬਰ ਦੀ ਸਹੀ ਯੋਗਤਾ ਪੂਰੀ ਕਰਨ ਤੋਂ ਬਾਅਦ ਤੁਹਾਨੂੰ MNC's ਵਿੱਚ ਕੰਮ ਕਰਨ ਲਈ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸਦੇ ਲਈ, ਤੁਹਾਨੂੰ ਨੈਸ਼ਨਲ ਕਾਉਂਸਿਲ ਆਫ਼ ਐਗਜ਼ਾਮੀਨਰਜ਼ ਫਾਰ ਇੰਜੀਨੀਅਰਿੰਗ ਐਂਡ ਸਰਵੇਇੰਗ (NCEES) ਦੀ ਪ੍ਰੀਖਿਆ ਪਾਸ ਕਰਨੀ ਚਾਹੀਦੀ ਹੈ ਅਤੇ ਕੁਝ ਸਮੇਂ ਲਈ ਸਹਾਇਕ ਸਰਵੇਖਣ ਕਰਨ ਵਾਲੇ ਵਜੋਂ ਕੰਮ ਕੀਤਾ ਹੈ। ਹਰੇਕ ਦੇਸ਼ ਦੀ ਆਪਣੀ ਲਾਇਸੰਸਿੰਗ ਪ੍ਰੀਖਿਆ ਹੁੰਦੀ ਹੈ, ਅਤੇ ਲੋੜਾਂ ਦੇਸ਼ ਤੋਂ ਦੂਜੇ ਦੇਸ਼ ਵਿੱਚ ਵੱਖ-ਵੱਖ ਹੋਣਗੀਆਂ। ਵੱਖ-ਵੱਖ ਦੇਸ਼ਾਂ ਨੂੰ ਪ੍ਰਤੀ ਸਾਲ ਪੂਰਾ ਕਰਨ ਲਈ ਕੁਝ ਘੰਟਿਆਂ ਦੀ ਸਿਖਲਾਈ ਦੀ ਵੀ ਲੋੜ ਹੋ ਸਕਦੀ ਹੈ। ਲੈਂਡ ਸਰਵੇਅਰ ਦੀ ਨੌਕਰੀ ਦਾ ਵੇਰਵਾ ਉਹ ਸਹੀ ਮਾਪ ਕਰਦੇ ਹਨ ਅਤੇ ਜਾਇਦਾਦ ਦੀਆਂ ਹੱਦਾਂ ਵੀ ਨਿਰਧਾਰਤ ਕਰਦੇ ਹਨ। ਇਸ ਤੋਂ ਇਲਾਵਾ, ਉਹ ਇੰਜੀਨੀਅਰਿੰਗ, ਨਕਸ਼ੇ ਬਣਾਉਣ, ਮਾਈਨਿੰਗ, ਜ਼ਮੀਨ ਦੇ ਮੁਲਾਂਕਣ, ਉਸਾਰੀ ਅਤੇ ਹੋਰ ਉਦੇਸ਼ਾਂ ਲਈ ਧਰਤੀ ਦੀ ਸਤਹ 'ਤੇ ਜਾਂ ਨੇੜੇ ਜ਼ਮੀਨ ਜਾਂ ਜ਼ਮੀਨ ਦੀਆਂ ਵਿਸ਼ੇਸ਼ਤਾਵਾਂ ਦੇ ਆਕਾਰ, ਸਮਰੂਪ, ਗੁਰੂਤਾਕਰਸ਼ਣ, ਸਥਾਨ, ਉਚਾਈ, ਜਾਂ ਮਾਪ ਨਾਲ ਸੰਬੰਧਿਤ ਡੇਟਾ ਪ੍ਰਦਾਨ ਕਰਦੇ ਹਨ। ਭੂਮੀ ਸਰਵੇਖਣ ਕਰੀਅਰ ਦੀਆਂ ਸੰਭਾਵਨਾਵਾਂ ਭੂਮੀ ਸਰਵੇਖਣਕਰਤਾ ਦੇ ਕੰਮ ਦੇ ਵੇਰਵੇ ਵਿੱਚ ਜ਼ਮੀਨੀ ਸਰਵੇਖਣ ਕਰਨ ਵਾਲੇ ਦੁਆਰਾ ਰਾਡਾਰ, ਲੇਜ਼ਰ, ਕੈਮਰੇ ਅਤੇ ਹੋਰ ਸਾਜ਼ੋ-ਸਾਮਾਨ ਵਰਗੀ ਤਕਨਾਲੋਜੀ ਦੀ ਵਰਤੋਂ ਕਰਨ ਤੋਂ ਬਾਅਦ ਮਹੱਤਵਪੂਰਨ ਡੇਟਾ ਨੂੰ ਸੰਕਲਿਤ ਕਰਨਾ ਸ਼ਾਮਲ ਹੁੰਦਾ ਹੈ ਤਾਂ ਜੋ ਪ੍ਰੋਜੈਕਟ ਦੀ ਸੰਭਾਵਨਾ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ। ਉਹ ਸਰਕਾਰ ਦੇ ਬੁਨਿਆਦੀ ਢਾਂਚਾ ਵਿਕਾਸ ਸੰਗਠਨ ਜਿਵੇਂ ਕਿ ਵੱਖ-ਵੱਖ ਰਾਜ ਸਰਕਾਰਾਂ ਦੇ PWD, NHI ਦੇ ਨਾਲ-ਨਾਲ ਉਸਾਰੀ ਜਾਂ ਰੀਅਲ ਅਸਟੇਟ ਕੰਪਨੀਆਂ ਦੇ ਨਿੱਜੀ ਸਲਾਹਕਾਰ ਨਾਲ ਰੁਜ਼ਗਾਰ ਲੱਭ ਸਕਦੇ ਹਨ। ਲੈਂਡ ਸਰਵੇਅਰ ਦੀ ਤਨਖਾਹ ਸਰਕਾਰੀ ਖੇਤਰ ਵਿੱਚ ਪ੍ਰਮਾਣਿਤ ਭੂਮੀ ਨਿਰੀਖਕ ਨੂੰ ਸ਼ੁਰੂਆਤੀ ਤਨਖਾਹ ਵਜੋਂ ਲਗਭਗ 30,000 ਰੁਪਏ ਤੋਂ 40,000 ਰੁਪਏ ਮਿਲ ਸਕਦੇ ਹਨ। ਜਦੋਂ ਕਿ ਨਿੱਜੀ ਖੇਤਰ ਵਿੱਚ ਇਹ ਪੇਸ਼ੇਵਰ ਸਲਾਹਕਾਰ ਵਜੋਂ ਕੰਮ ਕਰ ਸਕਦਾ ਹੈ ਅਤੇ ਚੰਗੀ ਕਮਾਈ ਕਰ ਸਕਦਾ ਹੈ ਇਕਰਾਰਨਾਮੇ ਦੇ ਆਧਾਰ 'ਤੇਨਿੱਜੀ ਖੇਤਰ ਵਿੱਚ, ਤਜਰਬੇ ਅਤੇ ਯੋਗਤਾ ਵਾਲੇ ਪੇਸ਼ੇਵਰਾਂ ਲਈ ਕੋਈ ਸੀਮਾ ਨਹੀਂ ਹੈ।

# ਗਰਮੀ ਨੇ ਮਾਰ ਦਿੱਤਾ ਓਏ....

*''ਹੀਟਵੇਵ ਦੌਰਾਨ ਘਰ ਤੋਂ ਬਾਹਰ ਜ਼ਿਆਦਾ ਦੇਰ ਰਹਿਣ ਨਾਲ ਥਕਾਵਟ, ਕਮਜ਼ੋਰੀ, ਚੱਕਰ ਆਉਣੇ, ਸਿਰਦਰਦ, ਬੇਹੋਸ਼ੀ, ਖੁਸ਼ਕੀ ਤੇ ਚਮੜੀ ਦਾ ਰੰਗ ਬਦਲਣਾ, ਬੁਖਾਰ ਵਗੈਰਾ ਲੱਛਣ ਦੇਖਣ ਨੂੰ ਮਿਲ ਰਹੇ ਹਨ। ਲਾਪ੍ਰਵਾਹੀ ਜਾਂ ਗੰਭੀਰ ਹਾਲਤ ਵਿੱਚ ਡਾਕਟਰੀ ਮਦਦ ਲੈਣੀ ਪੈ ਸਕਦੀ ਹੈ'' - ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਸੋਸ਼ਲ ਐਕਟੀਵਿਟ*




ਗਰਮੀ ਦੀ ਲਹਿਰ ਯਾਨਿ ਹੀਟਵੇਵ ਨੇ ਧਰਤੀ 'ਤੇ ਰਹਿਣ ਵਾਲੇ ਹਰ ਜੀਵ ਦੇ ਵੱਟ ਕੱਢ ਦਿੱਤੇ ਹਨ। ਜਦੋਂ ਵਾਯੂਮੰਡਲ ਦਾ ਜ਼ਿਆਦਾ ਦਬਾਅ ਲਗਾਤਾਰ ਕੁੱਝ ਦਿਨ ਬਣਿਆ ਰਹਿੰਦਾ ਹੈ। ਵਾਯੂਮੰਡਲ ਦੇ ਓਪਰਲੇ ਲੈਵਲ ਤੋਂ ਹਵਾ ਧਰਤੀ ਤੱਕ ਪਹੁੰਚਦੇ ਸੰਕੁਚਿਤ ਹੋ ਜਾਣ 'ਤੇ ਤਾਪਮਾਨ ਵਿਚ ਵਾਧਾ ਹੋ ਜਾਂਦਾ ਹੈ। ਮੌਸਮ ਵਿੱਚ ਤਬਦੀਲੀ ਕਰਕੇ ਮਈ-ਜੂਨ ਦੇ ਮਹੀਨੇ ਵਿੱਚ ਗਰਮੀ ਦੀਆਂ ਤੇਜ਼ ਲਹਿਰਾਂ ਸ਼ਰੀਰ ਤੇ ਮਨ ਨੂੰ ਬਿਮਾਰ ਵੀ ਕਰਦੀਆਂ ਹਨ। ਮਨੁੱਖੀ ਸਰੀਰ ਦਾ ਸਿਸਟਮ ਅਜਿਹਾ ਹੈ ਕਿ ਜਦੋਂ ਹਵਾ ਦੁਆਰਾ ਪਸੀਨਾ ਸੁੱਕ ਜਾਂਦਾ ਹੈ ਤਾਂ ਸਰੀਰ ਤੇ ਠੰਢਾ ਅਸਰ ਹੁੰਦਾ ਹੈ। ਜਦੋਂ ਆਦਮੀ ਨੂੰ ਪਸੀਨਾ ਆਉਣਾ ਬੰਦ ਜਾਂ ਘੱਟ ਆਉਣ ਤੇ ਥਕਾਵਟ ਤੋਂ ਹੀਟ ਸਟਰੋਕ ਦੀ ਹਾਲਤ ਵੀ ਆ ਸਕਦੀ ਹੈ। ਦਿਮਾਗ ਦੇ ਖਾਸ ਰਿਫਲੈਕਸ ਕੇਂਦਰ ਸਰੀਰ ਅੰਦਰ ਗਰਮੀ ਦੀ ਪ੍ਰਤੀਕਿਰਿਆ ਨੂੰ ਕੰਟਰੋਲ ਕਰਕੇ ਬਚਾਅ ਕਰਦੇ ਹਨ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਮੌਸਮ ਨੂੰ ਹਮੇਸ਼ਾ ਵਾਚ ਕਰੋ ਵਾਤਾਵਰਣ ਅਤੇ ਹੈਲਥ ਅਥਾਰਟੀ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਕੇ ਪਰਿਵਾਰ ਸਮੇਤ ਮੌਸਮ ਦਾ ਸਹੀ ਆਨੰਦ ਮਾਣੋ। ਚਲ ਰਹੀ ਗਰਮੀ ਦੀ ਲਹਿਰ ਦੌਰਾਨ ਸਰੀਰ ਤੇ ਮਨ ਨੂੰ ਤੰਦਰੁਸਤ ਰੱਖਣ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:

- ਘਰ ਤੋਂ ਬਾਹਰ ਜਾਣ ਵੇਲੇ ਅੰਬਰੇਲਾ, ਹੈਟ, ਕੈਪ ਸਨਸਕ੍ਰੀਨ ਲੋਸ਼ਨ, ਸਨਗਲਾਸ ਵਗੈਰਾ ਵਰਤ ਕੇ ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਆਪਣੀ ਚਮੜੀ ਅਤੇ ਅੱਖਾਂ ਨੂੰ ਬਚਾਓ। ਸਵੇਰੇ-ਸ਼ਾਮ ਹਰ 2-3 ਘੰਟੇ ਬਾਅਦ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰ ਕੇ ਆਰਾਮ ਮਹਿਸੂਸ ਕਰੋ।
- ਮਾਸਪੇਸ਼ੀਆਂ ਦੀ ਸਹੀ ਕ੍ਰਿਆ ਲਈ ਸਰੀਰ ਅੰਦਰ ਇਲੈਕਟ੍ਰੋਲਾਈਟ ਜ਼ਰੂਰੀ ਤੱਤ ਦੀ ਲੋੜ ਹੁੰਦੀ ਹੈ।
- ਹਾਈਡ੍ਰੇਸ਼ਨ ਦੇ ਉੱਚ ਪੱਧਰ ਨੂੰ ਬਣਾਈ ਰੱਖਣ ਅਤੇ ਡੀਹਾਈਡ੍ਰੇਸ਼ਨ ਤੋਂ ਬਚਣ ਲਈ ਮਿੱਠਾ ਨਿੰਬੂ-ਪਾਣੀ ਵਿਚ ਪਿੰਕ ਸਾਲਟ ਮਿਕਸ ਕਰਕੇ ਪਿਆਸ ਨਾ ਲੱਗਣ ਦੀ ਹਾਲਤ ਵਿਚ ਬਾਰ-ਬਾਰ ਪੀਂਦੇ ਰਹੋ।
- ਅਲਕੋਹਲਿਕ ਡ੍ਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਸ਼ਰਾਬ ਡੀਹਾਈਡ੍ਰੇਸ਼ਨ ਨੂੰ ਹੋਰ ਬਦਤਰ ਬਣਾ ਸਕਦੀ ਹੈ।
- ਸਰੀਰ ਅੰਦਰ ਪਾਚਕ ਗਰਮੀ ਬਰਾਬਰ ਰੱਖਣ ਲਈ ਪ੍ਰੋਟੀਨਯੁਕਤ ਪਦਾਰਥ ਦਹੀਂ, ਦੁੱਧ, ਕੱਚਾ ਪਨੀਰ, ਟੋਫੂ, ਅੰਡੇ, ਦਾਲਾਂ, ਸੀਡਜ, ਫੱਲ-ਸਬਜੀਆਂ ਦੇ ਸ਼ੇਕ ਠੰਢਾ, ਆਮਪਣਾ ਅਤੇ ਨਿੰਬੂ-ਪਾਣੀ ਦਾ ਜਿਆਦਾ ਅਤੇ ਭਾਰੀ ਮਸਾਲੇਦਾਰ ਚਿਕਨ, ਬੀਫ, ਮੱਛੀ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।
- ਗਰਮ ਮੌਸਮ ਠੰਡਕ ਬਰਕਰਾਰ ਰੱਖਣ ਲਈ ਹਲਕੇ ਕੋਟਨ ਦੇ ਲਾਈਟ ਰੰਗ ਦੇ ਕਪੜੇ ਪਹਿਨ ਕੇ ਸਰੀਰ ਦੇ ਤਾਪਮਾਨ, ਪਸੀਨੇ ਤੇ ਹਵਾ ਦੇ ਆਵਾਗਮਨ ਬਰਾਬਰ ਰੱਖੋ।
- ਹਟਿਵੇਵ ਦੌਰਾਣ ਸਰੀਰ ਦੀ ਸਹਿਨ ਸ਼ਕਤੀ ਮੁਤਾਬਕ ਹਲਕੀ ਕਸਰਤ ਕਰੋ। ਘਰ ਤੋਂ ਬਾਹਰ ਸਿੱਧੀ ਧੁੱਪ ਵਿਚ ਗਤੀਵਿਧੀਆਂ ਬਿਮਾਰੀ ਦੇ ਨਾਲ ਸਟ੍ਰੈਸ ਵੀ ਵੱਧ ਜਾਂਦਾ ਹੈ।
- ਸਮੇਂ ਦੇ ਮੁਤਾਬਿਕ ਠੰਢਾ ਸ਼ਾਵਰ ਲਵੋ। ਕੋਵਿਡ ਦੇ ਵੱਧ ਰਹੇ ਆਂਕੜੇ ਕਰਕੇ ਪਬਲਿਕ ਪੂਲ, ਸਪਲੈਸ਼ ਪੈਡ ਅਤੇ ਬੀਚ ਤੇ ਆਨੰਦ ਲੈਣ ਤੋਂ ਪਹਿਲਾਂ ਸੇਫਟੀ ਦਾ ਧਿਆਣ ਰੱਖੋ।
- ਆਪਣੇ ਪਾਲਤੂ ਜਾਨਵਰ ਨੂੰ ਖਾਣ ਲਈ ਕੁੱਝ ਬਰਫ ਦੇ ਟੁਕੜੇ ਦਿੰਦੇ ਰਹੋ। ਕੁੱਤੇ ਅਕਸਰ ਕਰੰਚੀ ਚੀਜ਼ਾਂ ਦਾ ਆਨੰਦ ਲੈਂਦੇ ਹਨ। ਇਹ ਤਰੀਕਾ ਉਨਾਂ ਨੂੰ ਠੰਢਾ ਰੱਖਣ ਵਿਚ ਹੈਲਪ ਕਰਦਾ ਹੈ।

ਨੋਟ: ਹੀਟ ਵੇਵ ਦੌਰਾਨ ਗਰਭਵਤੀ ਔਰਤਾਂ, ਛੋਟੇ ਬੱਚੇ, ਬਜ਼ੁਰਗਾਂ ਦਾ ਅਤੇ ਰੋਗੀਆਂ ਦਾ ਆਪਣੇ ਪਾਲਤੂ ਜਾਨਵਰਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਕੋਈ ਹੈਲਥ ਇਸ਼ੂ ਦੀ ਹਾਲਤ ਵਿਚ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।



# ਗੁਣਾਂ ਦੀ ਖਾਨ ਹੈ ਖਰਬੂਜ਼ਾ

ਗਰਮੀਆਂ ਵਿੱਚ ਕਈ ਤਰ੍ਹਾਂ ਦੇ ਫਲ ਮਾਰਕੀਟ ਵਿੱਚ ਵਿਕਣ ਲਈ ਆ ਜਾਂਦੇ ਹਨ। ਅੰਬ ਤਾਂ ਫਲਾਂ ਦਾ ਰਾਜਾ ਹੈ ਹੀ। ਪਰ ਜਿਵੇਂ ਜਿਵੇਂ ਗਰਮੀ ਵਧਦੀ ਹੈ ਕਈ ਹੋਰ ਕਿਸਮ ਦੇ ਫਲ ਵੀ ਲੋਕਾਂ ਦਾ ਮਨ ਲਲਚਾਉਣ ਲਗਦੇ ਹਨ। ਗਰਮੀ ਦੇ ਇਨ੍ਹਾਂ ਫਲਾਂ ਵਿੱਚ ਖਰਬੂਜ਼ੇ ਅਤੇ ਮਤੀਰੇ ਦੀ ਸਰਦਾਰੀ ਹੈ। ਖਰਬੂਜ਼ਾ ਸਾਡੇ ਭਾਰਤ ਤੋਂ ਲੈ ਕੇ ਅਫ਼ਰੀਕਾ ਤੱਕ ਲਗਭਗ ਹਰ ਦੇਸ਼ ਵਿੱਚ ਉਗਾਇਆ ਅਤੇ ਖਾਇਆ ਜਾਂਦਾ ਹੈ। ਪਰ ਅਸਲ ਚ ਇਹ ਇਰਾਨ, ਅਨਾਟੋਲੀਆਂ ਅਤੇ ਅਰਮੀਨੀਆ ਮੂਲ ਦਾ ਫਲ ਹੈ। ਖਰਬੂਜ਼ੇ ਦੇ ਕਈ ਤਰ੍ਹਾਂ ਦੇ ਬੀਜ ਇਜ਼ਾਦ ਹੋਣ ਕਾਰਨ ਵੱਖ ਵੱਖ ਅਕਾਰਾਂ ਦੇ ਖ਼ਰਬੂਜ਼ੇ ਵੀ ਸਾਨੂੰ ਵੇਖਣ-ਖਾਣ ਨੂੰ ਮਿਲਦੇ ਹਨ। ਆਮ ਤੌਰ ਤੇ ਇਸਦਾ ਦਾ ਸਾਈਜ਼ ਫੁੱਟਬਾਲ ਤੋਂ ਥੋੜਾ ਜਿਹਾ ਛੋਟਾ ਹੁੰਦਾ ਹੈ ਤੇ ਔਸਤ ਭਾਰ ਲੱਗਭਗ ਇਕ ਕਿੱਲੋ। ਪਰ ਇਸ ਸੀਜ਼ਨ ਵਿੱਚ ਛੋਟੇ-ਛੋਟੇ ਆਕਾਰ ਦੇ (ਲਗਭਗ ਗੇਂਦ ਤੋਂ ਥੋੜ੍ਹੇ ਜਿਹੇ ਵੱਡੇ) ਖਰਬੂਜ਼ੇ ਵੀ ਵਿਕਣ ਲਈ ਮਾਰਕੀਟ ਵਿੱਚ ਆਏ ਹਨ। ਇਸ ਦੇ ਛਿਲਕੇ ਆਮ ਤੌਰ 'ਤੇ ਹਰਿਆਈ ਭਾਅ ਮਾਰਦੇ ਹੁੰਦੇ ਹਨ। ਪਰ ਅੰਦਰੋਂ ਇਹ ਪੀਲੇ ਜਾਂ ਚਿੱਕੇ ਜਿਹੇ ਸੰਤਰੀ ਹੁੰਦੇ ਹਨ। ਕਈਆਂ ਦੇ ਛਿਲਕੇ ਲਾਈਨਦਾਰ ਹੁੰਦੇ ਹਨ ਅਤੇ ਕਈਆ ਦੇ ਜਾਲੀਦਾਰ। ਸੁਆਦ ਵਿੱਚ ਇਹ ਮਿੱਠਾ ਹੁੰਦਾ ਹੈ। ਕਈ ਕਿਸਮਾਂ ਤਾਂ ਸ਼ਹਿਦ ਵਰਗੀਆਂ ਮਿੱਠੀਆਂ ਹੁੰਦੀਆਂ ਹਨ। ਖੁਸ਼ਬੂ ਵੀ ਇਸਦੀ ਬਹੁਤ ਉਮਦਾ ਹੁੰਦੀ ਹੈ।

ਭਾਰਤ ਵਿਚ ਖਰਬੂਜ਼ਾ ਉਗਾਉਣ ਵਾਲੇ ਸੂਬਿਆਂ ਵਿੱਚ ਪੰਜਾਬ, ਤਾਮਿਲਨਾਡੂ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਪ੍ਰਮੁੱਖ ਹਨ। ਇਹ ਡੂੰਘੀ, ਉਪਜਾਊ ਅਤੇ ਜਲਦੀ ਪਾਣੀ ਦਾ ਨਿਕਾਸ ਕਰਨ ਵਾਲੀ ਮਿੱਟੀ ਵਿੱਚ ਜਲਦੀ ਵੱਧਦਾ ਹੈ। ਹਰਾ ਮਧੂ, ਪੰਜਾਬ ਸੁਨਹਿਰੀ ਬੌਬੀ ਅਤੇ ਪੰਜਾਬ ਹਾਈਬ੍ਰਿਡ ਇਸਦੀਆਂ ਪ੍ਰਮੁੱਖ ਕਿਸਮਾਂ ਹਨ। ਖਰਬੂਜ਼ੇ ਦੀ ਬਿਜਾਈ ਲਈ ਅੱਧ ਫਰਵਰੀ ਦਾ ਸਮਾਂ ਸਹੀ ਮੰਨਿਆਂ ਜਾਂਦਾ ਹੈ। ਇਹ ਕੱਦੂ ਪਰਿਵਾਰ ਦੀ ਫਸਲ ਹੈ। ਜਿਸਨੂੰ ਕੁਕੂਮਿਸ ਮੇਲੋ ਵਜੋਂ ਵੀ ਜਾਣਿਆ ਜਾਂਦਾ ਹੈ। ਜਿਸ ਨੂੰ ਇੱਕ ਨਕਦ ਫਸਲ ਵਜੋਂ ਉਗਾਇਆ ਜਾਂਦਾ ਹੈ। ਇਸ ਦੇ ਪੌਦੇ ਵੇਲਾਂ ਦੇ ਰੂਪ ਵਿੱਚ ਉੱਗਦੇ ਹਨ। ਇਸ ਦੇ ਫਲ ਖਾਣ ਲਈ ਖਾਸ ਤੌਰ 'ਤੇ ਵਰਤੇ ਜਾਂਦੇ ਹਨ, ਜੋ ਮਿੱਠੇ ਅਤੇ ਸੁਆਦੀ ਹੁੰਦੇ ਹਨ। ਇਸ ਦੇ ਬੀਜਾਂ ਨੂੰ ਮਠਿਆਈਆਂ ਵਿੱਚ ਵਰਤਿਆ ਜਾਂਦਾ ਹੈ। ਇਸ ਦੀ ਤਾਸੀਰ ਠੰਡੀ ਹੁੰਦੀ ਹੈ।

ਸੰਜੀਵ ਝਾਂਜੀ, ਜਗਰਾਉਂ
8004910000

ਖਰਬੂਜ਼ੇ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ, ਪਾਣੀ, ਊਰਜਾ, ਫਾਸਫੋਰਸ, ਆਇਰਨ, ਪੋਟਾਸ਼ੀਅਮ, ਕੈਲੋਰੀਜ਼, ਖੁਰਾਕੀ ਫਾਈਬਰ, ਚਰਬੀ, ਮੈਗਨੀਸ਼ੀਅਮ, ਜ਼ਿੰਕ, ਸੋਡੀਅਮ, ਕਈ ਤਰ੍ਹਾਂ ਦੇ ਵਿਟਾਮਿਨ, ਥਿਆਮੀਨ ਆਦਿ ਦੀ ਭਰਪੂਰ ਹੁੰਦੀ ਹੈ। ਇਹ ਵਿਟਾਮਿਨ ਏ ਅਤੇ ਵਿਟਾਮਿਨ ਸੀ ਦਾ ਵਧੀਆ ਸ੍ਰੋਤ ਹੈ। ਇਸੇ ਲਈ ਇਹ ਊਰਜਾ ਦੇਣ ਅਤੇ ਅੰਦਰੂਨੀ ਤਾਕਤ ਵਧਾਉਣ ਵਾਲਾ ਫਲ ਮੰਨਿਆ ਜਾਂਦਾ ਹੈ। ਇਸਦੇ ਵਿੱਚ 90% ਪਾਣੀ ਅਤੇ 9% ਕਾਰਬੋਹਾਈਡਰੇਟ ਹੁੰਦੇ ਹਨ। ਜ਼ਿਆਦਾ ਪਾਣੀ ਗਰਮੀਆਂ ਵਿੱਚ ਡੀ-ਹਾਈਡਰੇਸ਼ਨ ਤੋਂ ਬਚਾਉਂਦਾ ਹੈ ਖਰਬੂਜ਼ਾ ਸਰੀਰ ਨੂੰ ਅੰਦਰੋਂ ਠੰਡਾ ਰੱਖਦਾ ਹੈ ਅਤੇ ਪਾਣੀ ਦੀ ਕਮੀਂ ਨਹੀਂ ਹੋਣ ਦਿੰਦਾ। ਇਸ ਵਿਚ ਮੌਜੂਦ ਐਂਟੀ ਐਕਸੀਡੈਂਟਸ, ਵਿਟਾਮਿਨ ਅਤੇ ਖਣਿਜ ਤੁਹਾਨੂੰ ਹੋਰ ਬਿਮਾਰੀਆਂ ਤੋਂ ਵੀ ਬਚਾਉਣ ਵਿਚ ਸਹਾਇਤਾ ਕਰਦੇ ਹਨ।

100 ਗ੍ਰਾਮ ਖਰਬੂਜ਼ੇ ਵਿੱਚ 34 ਕੈਲੋਰੀ ਊਰਜਾ ਹੁੰਦੀ ਹੈ। ਜੋ ਸਰੀਰ ਨੂੰ ਤੁਰੰਤ ਊਰਜਾ ਦੇਣ ਦਾ ਕਾਰਜ ਕਰਦੀ ਹੈ। ਕਾਰਬੋਹਾਈਡਰੇਟ ਦੀ ਮਾਤਰਾ 8 ਗ੍ਰਾਮ, ਪ੍ਰੋਟੀਨ 0.8 ਗ੍ਰਾਮ, ਫੈਟ 0.2 ਗ੍ਰਾਮ, ਸੋਡੀਅਮ 16 ਮਿਲੀਗ੍ਰਾਮ ਅਤੇ ਪੋਟਾਸ਼ੀਅਮ 267 ਮਿਲੀਗ੍ਰਾਮ ਹੁੰਦਾ ਹੈ। ਇਸ ਵਿੱਚ ਕੁਦਰਤੀ ਖੰਡ ਵੀ ਹੁੰਦੀ ਹੈ। ਇੰਨੀ ਜ਼ਿਆਦਾ ਨਿਊਟ ?ਰੀਸ਼ਨ ਵੈਲਯੂ ਹੋਣ ਕਰਕੇ ਇਹ ਸਿਹਤ ਲਈ ਵਧੀਆ ਮੰਨਿਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾਉਂਦਾ ਹੈ। ਕਹਿੰਦੇ ਹਨ ਕਿ ਇਹ ਕਬਜ਼ ਦੂਰ ਕਰਨ, ਆਂਤੜੀਆਂ ਦੀ ਸਫਾਈ ਕਰਨ, ਨਜ਼ਰ ਤੇਜ਼ ਕਰਨ ਅਤੇ ਇਮਊਨਟੀ ਵਧਾਉਣ ਵਿੱਚ ਸਹਾਈ ਹੈ ਫ਼ਾਈਬਰ ਦੀ ਚੰਗੀ ਮਾਤਰਾ ਹੋਣ ਕਰਕੇ ਇਹ ਪਾਚਨ ਵਿੱਚ ਵੀ ਸੁਧਾਰ ਕਰਦਾ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਇਹ ਨਜ਼ਰ ਵੀ ਤੇਜ਼ ਕਰਦਾ ਹੈ ਅਤੇ ਗੁਰਦੇ ਵਿਚਲੀ ਪਥਰੀ ਨੂੰ ਵੀ ਖੋਰਦਾ ਹੈ। ਇੰਨ੍ਹੇ ਜ਼ਿਆ ਗੁਣ ਹੋਣ ਕਰਕੇ ਇਸਨੂੰ ਗੁਣਾਂ ਦੀ ਖਾਨ ਵੀ ਕਿਹਾ ਜਾਂਦਾ ਹੈ।

ਖਾਣ ਤੋਂ ਪਹਿਲਾਂ ਇਸਨੂੰ ਕੁਝ ਦੇਰ ਪਾਣੀ ਵਿੱਚ ਭਿਓਂਕੇ ਰੱਖ ਦੇਣਾ ਚਾਹੀਦਾ ਹੈ। ਇਸ ਨਾਲ ਇਸ ਵਿਚਲੀ ਬਾਹਰੀ ਮੌਸਮੀ ਗਰਮੀ ਨਿਕਲ ਜਾਂਦੀ ਹੈ। ਜਿੰਨੀ ਵਧ ਗਰਮੀ ਪਵੇ, ਓਨ੍ਹੀ ਵਧ ਇਸ ਵਿੱਚ ਮਿਠਾਸ ਹੁੰਦੀ ਹੈ। ਠੰਡਾ ਕਰਨ ਲਈ ਇਸਨੂੰ ਫਰਿਜ਼ ਵਿੱਚ ਨਹੀਂ ਰੱਖਣਾ ਚਾਹੀਦਾ ਕਹਿੰਦੇ ਹਨ ਕਿ ਇਸ ਨੂੰ ਖਾਣ ਉਪਰੰਤ ਕੁਝ ਦੇਰ ਪਾਣੀ ਨਹੀਂ ਪੀਣਾ ਚਾਹੀਦਾ।

ਫਰ ਫਿਰ ਵੀ, ਇੰਨੇ ਜ਼ਿਆਦਾ ਇਸ ਵਿੱਚ ਗੁਣ ਹੋਣ ਅਤੇ ਸ਼ਰੀਰ ਲਈ ਲਾਹੇਵੰਦ ਹੋਣ ਕਰਕੇ ਇਸ ਨੂੰ ਚੰਗੀ ਸਿਹਤ ਦਾ ਰਾਹਦਸੇਰਾ ਮੰਨਿਆ ਜਾਂਦਾ ਹੈ ਆਓ ਇਹਨਾਂ ਗਰਮੀਆਂ ਵਿੱਚ ਇਸਦੀ ਵੱਧ ਤੋਂ ਵੱਧ ਵਰਤੋਂ ਕਰਕੇ ਸਿਹਤ ਨੂੰ ਚੰਗਾ ਬਣਾਈਏ, ਸ਼ਰੀਰ ਨੂੰ ਨਰੋਆ ਰੱਖੀਏ ਅਤੇ ਗਰਮੀ ਕਾਰਨ ਹੋਣ ਵਾਲੀ ਡੀ-ਹਾਈਡਰੇਸ਼ਨ ਤੋਂ ਬਚੀਏ।



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਐਹ ਹਨੇਰੀ ਕੀ ਕੀ ਲੈ ਆਈ ਵੇ ਬਾਬਲਾ

ਐਹ ਹਨੇਰੀ ਕੀ ਕੀ ਲੈ ਆਈ ਵੇ ਬਾਬਲਾ ਓਇ ਐਹ ਹਨੇਰੀ ਕੀ ਕੀ ਲੈ ਆਈ,
ਐਹ ਹਨੇਰੀ ਵੀ ਕੀ ਕੀ ਲਿਆਈ ਨੀ ਮਾਏਂ ਮੇਰੀਏ ਹਨੇਰੀ ਕੀ ਕੀ ਲੈ ਆਈ,
ਪਤਾ ਨਹੀਂ ਵਗਦੀਆਂ ਘੁੰਮਣਘੇਰੀਆਂ ਵਿੱਚ ਮਨੁੱਖਤਾ ਦੇ ਰਿਸ਼ਤੇ ਜਾਂਦੀ ਖਾਈ ..

ਇਹ ਕਿ ਆਈ ਹਨੇਰੀ ਲਾਲਚ ਦੇ ਵੱਸ ਵੱਡੇ ਵੱਡੇ ਦਾਜ ਦੀ ਮੰਗ ਵੀ ਕਰਦੀ ਆ,
ਇਹੇ ਹਨੇਰੀ ਔਰਤ ਦੇ ਖੁੱਲ੍ਹ ਜੀਊਣ ਦੀ ਭਾਸ਼ਾ ਬਾਰੇ ਤਲਾਸ਼ ਵੀ ਤੰਗ ਕਰਦੀ ਆ,
ਕੈਸੇ ਨੇ ਦਸਤੂਰ ਆ ਵਿਛ ਰਹੇ ਏਥੇ ਜੋ ਔਰਤ-ਹੱਕਾਂ ਨੂੰ ਜਾਂਦੇ ਸ਼ਰੇਆਮ ਛੁਪਾਈ ..

ਏਸ ਹਨੇਰੀ ਵਿੱਚ ਕੁੱਝ ਐਸੇ ਖਾਲੀ ਵਿਆਹ ਹੁੰਦੇ ਜੋ ਬਿਨਾਂ ਦੱਸਿਆਂ ਟੁੱਟਦੇ ਜਾਂਦੇ ,
ਇੱਕ ਦੋ ਹੋਰ ਵੀ ਲਾਵਾਂ ਵਿੱਚ ਸੌਕਣਾਂ ਤੋਂ ਸਾਡੀਆਂ ਧੀਆਂ ਦੇ ਦਿਲ ਘੁੱਟਦੇ ਜਾਂਦੇ ਨੇ,
ਸਮਾਜਿਕ ਅਤੇ ਕੁਦਰਤੀ ਰਿਵਾਉਤਾਂ ਨੂੰ ਰੱਦਕੇ,ਪਿਰਤਾਂ ਨੂੰ ਜਾ ਰਹੇ ਹੱਥੀਂ ਢਾਹੀ,..

ਏਸ ਹਨੇਰੀ ਵਿੱਚ ਕਈ ਕਈ ਵਲੀ ਫਰੇਬੀ ਹੁੱਬੇ ਹੋਏ ਫਿਰਦੇ ਨੇ ਢਕੌਂਚੀ ਕਿਰਦਾਰ,
ਸ਼ੌਂਕ ਜੋ ਅੰਦਰਲੇ ਤਨਹਾਈ ਭਰਦੇ ਤਰਸਾਈ ਵੇਦਨਾ 'ਚ ਗਿੜਦੇ ਰਹਿੰਦੇ ਨੇ ਪਿਆਰ ,
ਪਰ ਏਸ ਕੰਬਖਤ ਜ਼ਮਾਨੇ ਨੇ ਕੈਸੀ ਭਿਆਨਕ ਰੌਂਸ ਲਿਆ ਕੇ ਅੱਗੇ ਹੈ ਘੁਮਾਈ..

ਏਸ ਹਨੇਰੀ ਵਿੱਚ ਫਰੇਬੀ,ਗੂੰਗੀ ਸਦਮੇਂ ਤੰਗੀਆਂ,ਇਕੱਲਤਾ ਸਹਿਕਦੀ ਬਾਤ ਤੁਰੇ,
ਮਾਪਿਆਂ ਵੱਲ ਨੂੰ ਕਿਤੇ ਪਿਛੇ ਨਹੀਂ ਮੁੜਨਾ,ਇਹੋ ਹਨੇਰੇ 'ਚ ਖਾਤਮਾ ਵਾਫਾਤ ਤੁਰੇ,
ਆਖਿਰ ਆਦਤਨ ਕਿਹਾ ਜਾਂਦੈ ਕਿ ਕਿਸੇ ਕੁੜੀ ਨੇ ਕਾਹਤੋ ਨਰਕੀ ਜੂਨ ਲਿਖਾਈ ..

ਦਿਨ ਹੋਵੇ ਜਾਂ ਰਾਤ ਇਹੀ ਜਿਦੀਆ ਅੜੀਅਲ ਜਹੀ ਹਨੇਰੀ ਨੀਂ ਥੰਮਦੀ ਕਦੇ ਵੀ, ,
ਮਰਦਾਂ ਦਾ ਆਖਰ ਕੀ ਫੈਸਲਾ,ਧੱਕਿਆਂ ਦੀ ਬੋਲੀ ਹਰ ਥਾਂ ਨਹੀਂ ਹੰਭਦੀ ਕਦੇ ਵੀ,,
ਤਰਸੇਵਿਆਂ ਦੀ ਕੋਈ ਬਾਂਹ ਨਾ ਫੜ ਲਵੇ,ਕੌਣ ਸੁਣਦੈ ਹੈ ਚੀਕਾਂ ਵਾਲੀ ਦੁਹਾਈ ! ..

ਗੂੰਗਾਪਣ, ਜ਼ਾਮੀਰ ਈਨ ਬੌਣਾਪਣ ਸ਼ਿਕਵੇ ਏਸ ਜਮੀਂ 'ਚ ਸਦਾ ਨੱਪੇ ਹੀ ਰਹਿੰਦੇ ,
ਮਰਦ ਔਰਤ ਦੀ ਅਸਲ ਸਾਂਝ ਕੀ ਹੈ,ਸੁਆਲਾਂ ਦੇ ਘੇਰੇ 'ਚ ਟਿਕਾ ਰੱਖੇ ਹੀ ਰਹਿੰਦੇ,
ਕਿਓਂ ਕੁੜੀਆਂ ਚਿੜੀਆਂ ਦੇ ਦਾਅਵਿਆਂ ਬਾਰੇ ਤੁਰਦੀ ਨਹੀਂ ਸ਼ਬਦਾਂ ਦੀ ਸਿਆਹੀ !

ਊਚ ਨੀਚ ਤੇ ਨੀਵਾਂ ਦਿਖਾਉਣ ਦੇ ਕਿਹੜੇ ਮੀਲ ਪੱਥਰ ਅਸੀ ਗੱਡ ਰਹੇ ਆਂ ਅਜੇ,
ਸ਼ਾਂਤ ਸਧਾਰਨ ਤੇ ਸਹਿਜ ਜੀਊਣ ਦੀਆਂ ਕਾਹਤੋਂ ਜੜ੍ਹਾਂ ਅਸੀਂ ਵੱਢ ਰਹੇ ਆਂ ਅਜੇ,
ਕਿਹੜਾ ਹਿਮਾਲਿਆ ਆਪਾਂ ਸਰ ਕਰਨਾ ਹੈ, ਕਾਹਤੋ ਪੁੱਠੇ ਰਾਹੇ ਸੁਰਤੀ ਜਾ ਪਾਈ,

ਆਓ ਕੁੜੀਆਂ ਵਾਲਿਓ ਮੁੰਡਿਆਂ ਵਾਲਿਓ ਕੋਈ ਫਸਲ ਉਗਾਈਏ ਸੰਤੁਸ਼ਟੀ ਦੀ,
ਆਓ ਬੀਜੀਏ ਰਿਸ਼ਤੇ ਐਸੇ ਕਿ ਸਨਦ ਭਰੀਏ ਸਮਾਜਿਕੀ ਸਾਰਥਿਕੀ ਪੁਸ਼ਟੀ ਦੀ,
ਨਰਕ ਸਵਰਗ ਏਥੇ ਹੀ ਹੈਗਾ, ਕਿਉਂ ਜਾਂਦੇ ਓ ਬੇਕਦਰਿਓ ਕਦਰਾਂ ਕੀਮਤਾਂ ਢਾਈ।



ਸੁਖਦੇਵ ਸਿੱਧੂ

## ਦਰਦ

ਕਿੱਥੋਂ ਕਲਮ ਲਿਆਵਾਂ ਮਾਵਾਂ ਦੇ ਦੁੱਖ ਵੰਡਾਉਣੇ ਲਈ,
ਕਿਹੜੇ ਸ਼ਬਦਾਂ ਦੀ ਲੜੀ ਪਰੋਵਾਂ ਮੈਂ ਪੁੱਤਰਾਂ ਦਾ ਦਰਦ ਵੰਡਾਉਣ ਲਈ,
ਹਰ ਰੋਜ ਪਤਾ ਨਹੀਂ ਕਿੰਨੀਆਂ ਮਾਵਾਂ ਹਾਉਕੇ ਭਰਦੀਆਂ ਨੇ,
ਮਾਰ ਦੁਹਥੜਾ ਰੋਂਦੀਆਂ ਤੇ ਬਿਲੀ ਪਾਪ ਕਰਦੀਆਂ ਨੇ।
ਬੱਚਾ ਜਰਾ ਕੁ ਘਰ ਨਾ ਆਵੇ ਤਾਂ ਮਾਂ ਵੇਖਦੀ ਵਾਰ ਵਾਰ ਖੋਲਕੇ ਕੁੰਡਾ,
ਸਾਹ ਵਿੱਚ ਸਾਹ ਹੋਣ ਕਾਰਣ,
ਬੁੜਬੁੜਾਉਦੀ ਪਤਾ ਨਹੀਂ ਵਾਪਸ ਕਿਉਂ ਨਾ ਆਇਆ ਮੁੰਡਾ
ਢਿੱਡ ਦੀ ਸਾਂਝ ਬੁਰੀ ਹੈ ਯਾਰੋ, ਕਿਤਿਓ ਨਾ ਹੁੰਦੀ ਪੂਰੀ
ਖਾਲੀ ਘਰ ਵੱਢ-ਵੱਢ ਖਾਂਦਾ, ਦਰਦ ਹੀ ਝੱਲਣਦੀ ਹੋ ਜਾਂਦੀ ਮਜਬੂਰੀ
ਮੌਤ ਰਸਤੇ ਟੁਰ ਗਏ ਪੁੱਤਰਾਂ ਦਾ, ਨਾ ਪਤਾ ਨਾ ਟਿਕਾਣਾ,
ਨਹੀਂ ਤਾਂ ਮਾਂ ਨੇ ਵਾਰ-ਵਾਰ, ਸੀ ਸਿਰਨਾਵੇ ਬਾਲਬਾਰਾਜ ਪੜਾਉਣਾ
ਮੰਜੇ ਤੇ ਪਈ ਝੇੜੇ ਕਰਦੀ, ਰੱਬਾ ਤੂੰ ਇਹ ਕੀ ਕੀਤਾ
ਸ਼ੁਭਦੀਪ ਮੇਰਾ ਪਹਿਲਾ ਹੀ ਲੈ ਗਿਆ, ਮੈਂ ਤਾਂ ਅਜੇ ਵਿਆਹ ਵੀ ਨਹੀਂ ਸੀ ਕੀਤਾ।
ਵੰਸ਼ ਮੇਰੇ ਲਈ ਕੀ ਸੋਚਿਆ ਪਲਿਆ ਪੁੱਤਰ ਲੈ ਗਿਆ,
ਬੁੱਢੇਵਾਰੇ ਦੀ ਡੰਗੋਰੀ ਕਿਸਨੂੰ ਫੜਨ ਲਈ ਕਹਿ ਗਿਆ
ਐਨੇ ਡੂੰਘੇ ਜ਼ਖਮ ਹੋ ਗਏ, ਜਿਗਰ ਮੇਰਾ ਰਹਿਣਾ ਅੱਲਾ,
ਮੇਰੇ ਜਖਮ ਕਦੇ ਨਾ ਭਰਨੇ, ਭਾਵੇਂ ਜੱਗਕਰ ਰਿਹਾ ਬੱਲਾ ਬੱਲਾ।
ਖੇਤਾਂ ਨੂੰ ਵੀ ਜਾਣ ਜੋਗੀ ਨਾ ਰਹਿ ਗਈ,ਪੁੱਤ ਦਾਬੁੱਤ ਉਥੇ ਧਰਿਆ,
ਇੱਕ ਵੀ ਨਾ ਸ਼ਬਦ ਬੋਲਿਆ, ਮੈਂ ਮੂੰਹ ਚੁੰਮਿਆ ਤੇ ਸਿਰ ਹੱਥ ਧਰਿਆ।
ਪਾਲ ਪੋਸ ਕੇ ਪੜ੍ਹਾ ਲਿਖਾ ਕੇਤੇਰੇ ਹਵਾਲੇ ਕੀਤਾ,
ਮੈਂ ਤਾਂ ਹੁਣ ਇਹੀ ਸੋਚਦੀ, ਲੋਹੇ ਦੀ ਧਰਤੀ ਨੇ ਮੈਨੂੰ ਵਿਰਲ ਕਿਉ ਨਾ ਦਿੱਤਾ
ਜਿਨ੍ਹਾਂ ਮਾਪਿਆਂ ਦੇ ਪੁੱਤਰ ਟੁਰ ਜਾਂਦੇ, ਉਹ ਜਿਉਂਦੇ ਜੀ ਮਰਦੇ,
ਆਪਣੀ ਜਾਨ ਉਹ ਕੱਢ ਨਹੀਂ ਸਕਦੇ, ਤੇਰਾ ਭਾਣਾ ਮਿੱਠਾ ਕਰਕੇ ਮੰਨਦੇ
ਜੰਡਾ ਆਖੇ ਰੱਬਾ ਇਸ ਤਰ੍ਹਾਂ ਕਦੇ ਕਿਸੇ ਨਾਲ ਨਾ ਹੋਵੇ,
ਇਸ ਝੰਬਣੀ ਨੇ ਜੱਗ ਝੰਬਿਆ, ਹਰ ਕੋਈ ਮੁੱਸ-ਮੁੱਸ ਰੋਵੇ।



ਮਨਜੀਤ ਕੌਰ ਜੰਡਾ
9465386379

## ਕਬਿੱਤ

ਕਿਵੇਂ ਓਸ ਫਿਜ਼ਾ ਉੱਤੇ ਮਾਣ ਭਲਾ ਕਰੀਏ ਜੀ,
ਜਿਹੜੀ ਫਿਜ਼ਾ ਵਿੱਚ ਰਹਿਣ ਸਾਹ ਸਾਡੇ ਘੁੱਟਦੇ।

ਧੀਆਂ ਗਊਆਂ ਕਾਮਿਆਂ ਨੂੰ ਮਿਲੇ ਸਤਿਕਾਰ ਹੈ ਨਾ,
ਕੁੱਤੇ ਬਿੱਲੇ ਫਿਰਦੇ ਨਜ਼ਾਰੇ ਖ਼ੂਬ ਲੁੱਟਦੇ।

ਹੱਦਾਂ ਸਰਹੱਦਾਂ ਕੁੱਲ ਟੱਪੀਆਂ ਸੁਆਰਥ ਨੇ,
ਮਾਣਦੇ ਨੇ ਛਾਂ ਜਿਹੜੇ ਉਹੀਓ ਜੜ੍ਹੋਂ ਪੁੱਟਦੇ।

ਤਕੜੇ ਦਾ ਸੱਤੀਂ ਵੀਹੀਂ ਸੌ 'ਰੋਡੇ' ਹੋਂਵਦਾ ਏ,
ਮਾੜੇ ਉੱਤੇ ਦੁੱਖਾਂ ਦੇ ਪਹਾੜ ਰਹਿਣ ਟੁੱਟਦੇ।



ਹਰਵਿੰਦਰ ਸਿੰਘ ਰੋਡੇ

## ਜੂਨ

ਐਤਕੀਂ 2023 ਦਾ ਜੂਨ ਮਹੀਨਾ ਐਸਾ ਚੜ੍ਹਿਆ,
ਬੱਦਲ ਗਰਜਦੇ ਵੀ ਨੇ, ਬਰਸਦੇ ਵੀ ਨੇ ?।
ਬਾਹਰ ਕੋਈ ਨਿਕਲਦਾ ਨ੍ਹੀਂ, ਬੁਖਾਰ ਚੜਿਆ ਕਿ ਚੜਿਆ,
ਕਿਤੇ ਪੈਂਦੀਆਂ ਬੁਛਾੜਾਂ,ਗੜ੍ਹੇ, ਕਿਤੇ ਬੂੰਦ ਬੂੰਦ ਨੂੰ ਤਰਸਦੇ ਨੇ।

ਜੂਨ ਬੰਦੇ ਦੀ ਕੈਸੀ ਹੋਗੀ,ਘਰ ਘਰ ਹੋਗੇ ਰੋਗੀ,
ਮੋਬਾਈਲ ਕੰਨਾਂ ਨਾਲ ਚਿਮਟੇ ਰਹਿੰਦੇ।
ਖ਼ੁਦਗਰਜ਼ੀ ਦੇ ਪੁਤਲੇ ਬਣਗੇ,ਕੰਮ ਕਰਨ ਘਰੋਗੀ ,
ਦੂਜੇ ਦੀ ਗੱਲ ਕਦੇ ਨੀਂ ਸੁਣਦੇ,
ਆਪਣੀਆਂ ਜੱਭਲੀਆਂ ਤੇ ਸਿਮਟੇ ਰਹਿੰਦੇ।

ਕਹਾਵਤ ਹੈ ਕਿ ਬੰਦਿਆ ਤੇਰੀ ਜੂਨ ਬੁਰੀ,
ਮਰਦੇ ਨੂੰ ਅੱਕ ਚੱਬਣਾ ਪੈਂਦਾ।
ਧੰਨ ਦੌਲਤ ਤੇ ਛਾਪਲਿਆ ਬੈਠਾ, ਚਲਦਾ ਵਾਂਗ ਛੁਰੀ,
ਬਹਾਨਾ ਕੋਈ ਨਾ ਕੋਈ ਲੱਭਣਾ ਪੈਂਦਾ।

ਜੂਨ ਮਹੀਨਾ ਗਰਮੀ ਦਾ, ਅੱਧਾ ਜੇਠ ਤੇ ਅੱਧਾ ਹਾੜ,
ਹੁਣ ਬੰਦੇ ਨਾ ਗਰਮੀ ਨਾ ਠੰਡ ਸਕਦੇ ਝੱਲ।
ਨਾਲੇ ਰਾਮ ਰਾਮ ਕਰੀ ਜਾਂਦੇ,ਨਾਲੇ ਰੱਬ ਨੂੰ ਕੋਸੀ ਜਾਂਦੇ,
ਇਹੋ ਜਿਹੇ ਮਾਹੌਲ 'ਚ ਕਿਵੇਂ ਬਣੂ ਕੋਈ ਗੱਲ।



ਅਮਰਜੀਤ ਸਿੰਘ ਤੂਰ
9878469639

## .ਗ਼ਜ਼ਲ

ਬੇਇਨਸਾਫ਼ੀ, ਬੇਈਮਾਨੀ ਦੀ ਨਿਉਂ ਧਰ, ਸੰਸਦ ਹੋਰ ਉਸਾਰੀ ਹੈ
ਨਫ਼ਰਤ ਦੰਗੇ ਕਤਲ ਫ਼ਸਾਦਾਂ ਦੀ, ਪੂਜਾ ਕਰਦੈ ਫੇਰ ਪੁਜਾਰੀ ਹੈ

ਜੰਤਰ ਮੰਤਰ ਉੱਪਰ ਧਰਨਾ, ਦਿੱਤੈ ਲੁੱਟੀਆਂ ਧੀਆਂ ਨੇ
ਰਾਜ ਸਭਾ ਵਿਚ ਦੁਰਦੋਯਨ ਨੇ, ਫਿਰ ਪੀੜਤ ਕੀਤੀ ਨਾਰੀ ਹੈ

ਬਦਮਾਸ਼ ਸਿਰੇ ਦੇ ਨੇਤਾ ਹਨ, ਨੇਤਾਵਾਂ ਹੱਥ ਬਰੂਦ ਫੜੇ
ਵਿੱਚ ਵਜ਼ਾਰਤ ਕਿਰਦਾਰ ਵਿਹੂਣਾ, ਹਾਕਮ ਅੱਤਿਆਚਾਰੀ ਹੈ

ਪੁੱਤ ਖਪਾਏ ਲੁੱਟੀਆਂ ਧੀਆਂ, ਰਾਮ ਕਿਹੀ ਮਰਿਯਾਦਾ ਏ
ਪੱਤ ਲੁਟਾ ਕੇ ਵਿੱਚ ਅਦਾਲਤ, ਧੀ ਫਿਰਦੀ ਮਾਰੀ ਮਾਰੀ ਹੈ

ਦਿੱਲੀ ਦਿੱਲੀ ਕੂਕ ਰਹੇ ਸਭ, ਅਖ਼ਬਾਰ ਰਸਾਲੇ ਦੁਨੀਆਂ ਦੇ
ਕਿਉਂ ਖੌਫ਼ ਡਰਾਵੇ ਕਲਮਾਂ ਨੂੰ, ਕਿਉਂ ਸਹਿਮੀ ਪੱਤਰਕਾਰੀ ਹੈ

ਕਾਨੂੰਨ ਨਹੀਂ ਇਨਸਾਫ਼ ਨਹੀਂ, ਦਰਦ ਨਹੀਂ 'ਤੇ ਫਰਿਆਦ ਨਹੀਂ
ਅਪਰਾਧੀ ਦਾ ਹੀ ਚੱਲੇ ਸਿੱਕਾ, ਕੈਸੀ ਇਹ ਲਾਚਾਰੀ ਹੈ

ਮੂਰਖ ਲਾਣਾ ਹੱਥ ਚੜਾ ਕੇ, ਵਿਗਲ ਵਜਾਵਣ ਲੱਗੇ ਕੈਸਾ
ਰਾਮ ਰਟਾ ਕੇ ਹਰ ਤੋਤੇ ਨੂੰ, ਪਿੰਜਰਾ ਪਾਵਣ ਦੀ ਵਾਰੀ ਹੈ

ਜ਼ੁਮਲੇਵਾਜ਼ ਚਲਿੱਤਰ ਕਰਦੇ, 'ਬਾਲੀ' ਵਿਸ਼ਵ ਗੁਰੂ ਬਣ ਜਾਣੈ
ਸੱਤਾ ਮੁੜ ਹਥਿਆਉਣ ਲਈ ਕੀ, ਖੇਡੀ ਹਾਕਮ ਨੇ ਪਾਰੀ ਹੈ

ਚੰਨ ਮੰਗਲ 'ਤੇ ਦੁਨੀਆ ਪੁੱਜੀ, ਭਾਰਤ ਪੱਥਰ ਯੁੱਗਾਂ ਵੱਲੀਂ
'ਬਾਲੀ' ਦੇਖੋ ਮੇਰੇ ਤਾਨਾਸ਼ਾਹ ਦੀ, ਅਕਲ ਗਈ ਜੜਾਂ 'ਚੋਂ ਮਾਰੀ ਹੈ।



ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'
91 9465129168

## ਕਵਿਤਾ

ਜਰਾ ਦੇਖ, ਮੈਂ ਕਿੱਥੋਂ, ਕਿੱਥੇ ਤੱਕ ਆ ਗਿਆ,
ਮਨ ਦਾ ਚਿਹਰਾ, ਚਿਹਰੇ ਦੇ ਸ਼ੀਸ਼ੇ 'ਤੇ ਆ ਗਿਆ।

ਮੈਂ ਕਦੇ ਆਪਣੇ ਮਨ ਦੇ ਸਿਰ 'ਤੇ ਚੜ੍ਹ ਕੇ ਬੋਲਦਾ ਸੀ,
ਫਿਰ ਮੇਰੀਆਂ ਦਲੀਲਾਂ ਨੂੰ, ਸਿਆਣਪ ਦਾ ਬਿੰਦੂ ਖਾ ਗਿਆ।

ਮੈਂ ਮੇਰੇ ਸਕਿਆਂ ਨੂੰ, 'ਪਿਛਲੀ ਸਦੀ ਦੇ ਲੋਕ' ਲਿਖਿਆ,
ਮੇਰਾ ਅੰਦਰਲਾ ਯੁੱਗ, ਕੁਝ ਇਸ ਤਰ੍ਹਾਂ ਪਲਟਾ ਖਾ ਗਿਆ।

ਇੱਕ ਉਹ ਜੋ ਸਦੀਆਂ ਤੋਂ ਕਰਦੇ ਸੀ ਅਭਿਆਸ ਪਵਿੱਤਰਤਾ ਦਾ,
ਇੱਕ ਮੈਂ, ਜਿਸਨੇ ਸਵੀਕਾਰਿਆ ਗੰਧਲਾਪਣ, ਤੇ ਭਾਅ ਗਿਆ।

ਜ਼ਿੰਦਗੀ ਦੀ ਸਿਖਰਲੀ ਡੋਡੀ 'ਤੇ, ਮੁੜ ਤੋਂ ਬੱਚਾ ਖਿੜ ਪਿਆ,
ਸਿਆਣਪ ਦਾ ਘੜਾ ਫੁੱਟਿਆ, ਜਦ ਸਮਝ ਸਭ ਕੁਝ ਆ ਗਿਆ।

ਫਿਲਹਾਲ ਇਹ ਗ਼ਜ਼ਲ-ਗੁਫਤਗੂ, ਮੇਰੀ ਮੇਰੇ ਨਾਲ ਹੀ ਹੈ,
ਪਰ ਇਸ 'ਮੇਰੇ' 'ਚ ਵੀ ਪਤਾ ਨਹੀਂ, ਕੌਣ-ਕੌਣ ਆ ਗਿਆ।



ਨਿਆਜ਼

## ਹੱਕਾਂ ਦੀ ਦਸਤਾਨ

ਹੱਕਾਂ ਖਾਤਰ ਧਰਨੇਂ ਤੇ ਬੈਠਣ ਵਾਲਿਓ ਓ
ਅੱਜ ਤੁਹਾਡਾ ਏਨ ਬੁਰਾਂ ਕਿਉਂ ਹਾਲ, ਹੋਇਆ
ਖਿੱਚ ਧੂ ਪੈਦੀਆਂ ਵੇਖ ਚੀਕਾਂ
ਵੇਖ ਤੁਹਾਨੂੰ ਅੱਜ ਸਾਰਾ ਸੰਸਾਰ, ਰੋਇਆ

ਤੁਸੀ ਨਾਂ ਉੱਚਾ ਕੀਤਾ ਦੇਸ਼ ਆਪਣੇ ਦਾ
ਉਚੀਆਂ ਖੇਡ ਜਗਤ ਚ ਮੱਲਾਂ,ਮਾਰੀਆਂ ਨੇਂ
ਅੱਜ ਹੱਕ ਮੰਗਣੇ ਗੁਨਾਹ ਹੋ ਗਏ
ਅੱਜ ਪਤਾ ਲੱਗਾ ਨੀਤਾਂ, ਹੰਕਾਰੀਆਂ ਨੇਂ

ਚੰਗਾਂ ਕੰਮ ਸੀ ਖੇਡਾਂ ਨਾਲ ਤੁਸੀ ਜੁੜੇ
ਗੱਲਾਂ ਰੁਜਗਾਰ ਦੀਆਂ ਬਹੁਤ, ਕੀਤੀਆਂ ਸੀ
ਧੂ ਧੂ ਕੇ ਚੀਕਾਂ ਪੈਦੀਆਂ ਸੀ
ਅੱਖਾਂ ਵੇਖ ਰੋਈਆਂ ਚੁੱਪ, ਚਪੀਤੀਆਂ ਸੀ

ਗੱਲ ਧਿਆਨ ਨਾਲ ਸੁਣ ਲਵੋ ਸਤਾ ਦਿਓ ਕਾਬਜੋ ਓ
ਜੁਵਾਨੀ ਨਸ਼ੇ ਵੱਲ ਤੇ ਵਿਦੇਸ਼ਾ ਨੂੰ, ਜਾ ਰਹੀ ਏ
ਚੰਗਾਂ ਰਾਹ ਚੁਣਿਆ ਸੀ ਖਿਡਾਰੀਆਂ ਨੇਂ
ਏਹਨਾਂ ਨੂੰ ਭਵਿੱਖ ਦੀ ਚਿੰਤਾਂ ਸਤਾ ਰਹੀ ਏ

ਜੁਵਾਨੀ ਦੇਸ਼ ਦਾ ਭਵਿੱਖ ਹੁੰਦੀਂ ਕਹਿੰਦੇਂ ਸਿਆਣੇ
ਗੱਲਬਾਤ ਨਾਲ ਮਸਲਾ ਸੁਲਜਾ ਲਵੋ
ਕਾਹਨੂੰ ਰੋਲਦੇ ਖੇਡ ਦਿਆਂ ਹੀਰਿਆਂ ਨੂੰ
ਸਮਾਂ ਅਜੇ ਵੀ ਗਲ ਨਾਲ ਲਾ ਲਵੋ



ਗੁਰਚਰਨ ਸਿੰਘ ਧੰਜੂ
ਪਟਿਆਲਾ

## ਕਵਿਤਾ

ਪਿਆਰ ਮੁਹੱਬਤ, ਰਿਸ਼ਤੇ ਨਾਤੇ ਭੁੱਲਦੇ ਜਾਂਦੇ ਨੇ
ਖ਼ੁਦਗਰਜੀ ਦੇ ਵਿੱਚ ਤਰਾਜ਼ੂ ਤੁਲਦੇ ਜਾਂਦੇ ਨੇ।

ਹੋਇਆ ਖ਼ੂਨ ਸਫੇਦ,ਅੱਜ ਕੱਲ੍ਹ ਨਵੇਂ ਜ਼ਮਾਨੇ ਦਾ
ਤਾਂਹੀਉ ਮਾਪੇ ਬਿਰਧ ਘਰਾਂ ਵਿੱਚ ਰੁਲਦੇ ਜਾਂਦੇ ਨੇ।

ਪਹਿਲਾਂ ਵਾਲਾ ਪਿਆਰ ਰਿਹਾ ਨਾ ਸਗੇ ਭਰਾਂਵਾਂ ਚ,
ਨਫਰਤ ਵਾਲੇ ਭੇਦ ਦਿਨੋਂ ਦਿਨ ਖੁਲਦੇ ਜਾਂਦੇ ਨੇ।

ਆਪਣਿਆਂ ਲਈ ਜੋ ਜਾਨ ਦੀ ਬਾਜੀ ਲਾਉਂਦੇ ਸੀ,
ਸਾਫ ਸੁਨਹਿਰੇ ਅਕਸ਼ ਉਹਨਾਂ ਦੇ ਧੁਲਦੇ ਜਾਂਦੇ ਨੇ।

ਦਵਾ ਦੇ ਬਾਝੋਂ ਨੀਂਦ ਕਿਸੇ ਨੂੰ ਆਉਂਦੀ ਨਾ
ਚੌਵੀ ਘੰਟੇ ਵਿੱਚ ਤਣਾਉ ਦੇ ਘੁਲਦੇ ਜਾਂਦੇ ਨੇ।

ਕੈਸੀ ਖੇਡ ਰਚਾਈ ਇਸ ਮਾਇਆ ਨਾਗਣ ਨੇ,
ਦੇਖ ਕੋਠੀਆਂ ਕਾਰਾਂ ਨੂੰ ਇਹ ਫੁੱਲਦੇ ਜਾਂਦੇ ਨੇ।

ਜੋ ਬੀਜਿਆ ਏ ਉਹੀ ਵੱਢਣਾ ਪੈਣਾ ਏ ਬੰਦਿਆ,
ਪਾਣੀ ਸਦਾ ਹੀ ਕਹਿੰਦੇ ਹੇਠੋਂ ਪੁਲ ਦੇ ਜਾਂਦੇ ਨੇ।

ਕਹੇ ਗਰਗ ਇਹ ਮਾਂ ਬਾਪ ਨੂੰ ਕਦੇ ਭੁਲਾਇਉ ਨਾ,
ਇਹਨਾਂ ਸਦਕਾ ਹੀ ਸਭ ਝੰਡੇ ਝੁੱਲਦੇ ਜਾਂਦੇ ਨੇ।

ਹਾਲੇ ਵੀ ਕੁਝ ਵਿਗੜਿਆ ਨਾ,ਚੁੱਕ ਝੋਲੀ ਪਾਲੈ ਤੂੰ,
ਨਿਰਮਲ ਜਿਹੜੇ ਬੇਰ ਇਹ ਹੱਥੋਂ ਡੁੱਲਦੇ ਜਾਂਦੇ ਨੇ।



ਨਿਰਮਲਾ ਗਰਗ

## ਕਵਿਤਾ

ਖ਼ੁਦੀ ਤੱਕ ਪਹੁੰਚਣਾ ਕੋਈ ਸਫ਼ਰ ਨਹੀਂ
ਫਿਰ ਵੀ ਤਹਿ ਕਰਦਿਆਂ ਜ਼ਿੰਦਗੀ ਲੱਗ ਜਾਂਦੀ
ਵੈਸੇ ਤਾਂ ਪਹੁੰਚੇ ਹੋਏ ਨੇ ਸਭ ਹੀ
ਜਾਨਣ ਚ ਜ਼ਿੰਦਗੀ ਲੱਗ ਜਾਂਦੀ
ਬਹੁਤ ਹਠੀ ਹੈ ਮਨ ਸਾਡਾ
ਸਦਾ ਰਹਿੰਦਾ ਦੂਜਿਆਂ ਦੇ ਪਾਪ ਧੋਂਦਾ
ਪਰ ਕਦੀ ਖ਼ੁਦ ਨਾਲ ਮਿਲਣਾ ਨਹੀਂ ਚਾਹੁੰਦਾ
ਜਦ ਹੁੰਦੀ ਫੁਰਨਿਆਂ ਚ ਅਪਣੱਤ
ਤਾਂ ਬਣ ਵਿਚਾਰ ਉਜਾਗਰ ਹੁੰਦੀ
ਸ਼ਬਦਾਂ ਦੀ ਗੂੜ੍ਹੀ ਮਿਤਰਤਾ ਵਿਚਾਰਾਂ ਸੰਗ
ਸ਼ਬਦ ਕਾਗਜ਼ ਤੇ ਕਲਮ ਸੰਗ ਅਨੰਦਿਤ ਹੁੰਦਾ
ਨਿਮਾਣੀ ਸਮਝ ਜਾਂਦੀਓ ਵੇਦਨਾ ਅੰਦਰ ਦੀ
ਤਾਂ ਜ਼ਿੰਦਗੀ ਦਾ ਸਮਾਂ ਇਉਂ ਅਜਾਈਂ ਨਾ ਜਾਂਦਾ
ਵਿਅਰਥ ਹੀ ਵਿਅਸਤ ਰਹੇ ਅਰਥਹੀਨਾਂ ਚ
ਅਹਿਸਾਨਮੰਦ ਹਾਂ ਤਲਿਸਮੀ ਕਲਮ ਦੇ
ਜੋਂ ਰੁੱਝੀ ਰਹਿੰਦੀ ਸਾਡੇ ਫੁਰਨਿਆਂ ਚ
ਸ਼ਬਦਾੱ ਨੂੰ ਅਰਥਪੂਰਨ ਤਰਤੀਬ ਦਿੰਦੀ ਰਹਿੰਦੀ।



ਨਵਜੋਤ ਕੌਰ ਨਿਮਾਣੀ

ਭਲਵਾਨ ਕੁੜੀਆਂ ਦੇ ਨਾਂ ਰਚਨਾ

## ਅੰਨ੍ਹੇ ਕਾਨੂੰਨ

ਨਾ ਆਈ ਧਰਤ ਸਾਡੇ ਹਿੱਸੇ
ਨਾ ਆਇਆ ਇਹ ਆਸਮਾਨ
ਨਾ ਵਰਤਮਾਨ ਜਿਉਣ ਜੋਗ
ਨਾ ਭਵਿੱਖ ਦਾ ਕੋਈ ਅਰਮਾਨ
ਸਾਡੇ ਲਈ ਇਹ ਦੇਸ਼ ਸ਼ਮਸਾਨ

ਹਿਰਨੀਆ ਦੇ ਝੁੰਡ ਨੂੰ ਪੈਂਦੇ
ਇਹ ਸਿਆਸੀ, ਲੱਕੜਬੱਗੇ
ਨੋਚਣਾ ਲੋਚਦੇ ਇਹ ਚੰਮ
ਪਾਰਲੀਮੈਂਟ ਇੰਨਾ ਦੀ ਸਰਾ ਲੱਗੇ
ਇਹ ਚਿੱਟੇ ਪਾਉਦੇ, ਜੋ ਝੱਗੇ

ਹੱਕ ਦੀ ਲੜਾਈ ਲੜਦਿਆਂ
ਜੁਲਮ ਖਿਲਾਫ ਉੱਠੀ, ਆਵਾਜ ਜਿੱਥੇ
ਹਰ ਵਾਰੀ ਸੰਘੀ ਘੁੱਟ
ਗਲ ਚਂ ਦਭਾ ਦਿੱਤੀ
ਕਾਹਦਾ ਆਖਣ, ਲੋਕ ਰਾਜ ਇੱਥੇ

ਜਿੱਥੇ ਮੰਗਾਂ ਮੰਨਣ ਦਾ ਐਲਾਨ
ਕਰਦੀਆਂ ਪੁਲਸ ਦੀਆਂ ਡਾਂਗਾਂ
ਤੇ ਕਰਦੇ ਨੇ ਅੰਨ੍ਹੇ ਕਾਨੂੰਨ
ਪੁੱਛੋ ਤਾਂ ਇੰਨਾ ਦੋਗਲਿਆਂ ਤੋਂ
ਬੇਟੀ ਬਚਾਓ ਬੇਟੀ ਪੜਾਓ
ਦਾ ਕੇ ਇਹੋ ਸੀ ਜਨੂੰਨ

ਪੁੱਛਿਉ ਖਾਹ, ਹਾਕਮ ਗੁੰਡਿਆਂ ਤੋਂ
ਕਿਉ ਕੀਤੀਆਂ ਬੇਟੀਆਂ ਗ੍ਰਿਫਤਾਰ
ਰਾਸ਼ਟਰੀ ਝੰਡੇ ਪੈਰਾਂ 'ਚ ਰੋਲ
ਦਿੰਦੇ ਸੀ ਫਤਵਾ ਦੇਸ਼ ਧ੍ਰੋਹੀ
ਕੀ ਜੇਲ੍ਹਾਂ ਦੇ ਬੂਹੇ ਖੋਲ

ਇਹੋ ਭਾਰਤ ਦੇਸ਼, ਜਿੱਥੇ
ਭਾਲੋ, ਅਫਸਰਸ਼ਾਹੀ ਤੋਂ ਇਨਸਾਫ
ਇੱਕੋ ਨੇ, ਬਲਾਤਕਾਰੀ, ਬਾਬੇ, ਨੇਤਾ
ਰਿੱਕਵੀਰ ਥੁੱਕ ਕੇ, ਜਾਵਨ ਚੱਟ
ਫਿਰ ਵੀ ਰੱਖਣ, ਦਾਮਨ ਸਾਫ
ਚਿੱਟ ਕੱਪੜੀਏ, ਰੱਖਣ ਦਾਮਨ ਸਾਫ



**ਰਿੱਕਵੀਰ ਰਿੱਕੀ,**
98157 43544

## ਜਿਸ ਦੇ ਰੋਟੀ ਲਈ

ਜਿਸ ਦੇ ਰੋਟੀ ਲਈ ਤਰਸਣ ਬਾਲ ਭਰਾਵਾ,
ਉਸ ਦਾ ਕੋਈ ਨਾ ਪੁੱਛੇ ਹਾਲ ਭਰਾਵਾ।
ਜਦ ਬੰਦੇ ਉੱਤੇ ਮਾੜਾ ਸਮਾਂ ਆਉਂਦਾ ਹੈ,
ਫੇਰ ਖੜੇ ਨਾ ਕੋਈ ਉਸ ਨਾਲ ਭਰਾਵਾ।
ਜਦ ਘਰ ਛੱਡ ਕੇ ਤੁਰਿਆ ਪੁੱਤ ਬਦੇਸ਼ਾਂ ਨੂੰ,
ਮਾਂ ਨੇ ਕਰ ਲਈਆਂ ਅੱਖਾਂ ਲਾਲ ਭਰਾਵਾ।
ਪੈਸੇ ਬਿਨਾਂ ਨਾ ਬਣੇ ਕੋਈ ਮਿੱਤਰ ਇੱਥੇ,
ਪੈਸੇ ਨਾ' ਵੱਜੇ ਉੱਚੀ ਛਾਲ ਭਰਾਵਾ।
ਅੱਜ ਕੱਲ੍ਹ ਉਹ ਹੀ ਸੌਖੇ ਸਾਹ ਲੈ ਸਕਦਾ ਹੈ,
ਜੋ ਖ਼ੁਦ ਹੀ ਆਪਣਾ ਰੱਖੇ ਖਿਆਲ ਭਰਾਵਾ।
ਨੇਤਾਵਾਂ ਦਾ ਜੋਸ਼ ਉਦੋਂ ਵੇਖ ਨਾ ਹੁੰਦਾ,
ਜਦ ਚੱਲਦੇ ਗਰੰਟੀ ਵਾਲੀ ਚਾਲ ਭਰਾਵਾ।
ਆ ਜਾ ਕੱਠੇ ਹੋ ਕੇ ਹਿਲਾਈਏ ਹਾਕਮ ਨੂੰ,
ਸੁੱਤਾ ਰਹੇ ਨਾ ਕਿਤੇ ਪੰਜੇ ਸਾਲ ਭਰਾਵਾ।



**ਮਹਿੰਦਰ ਸਿੰਘ ਮਾਨ**
9915803554

## ਚੜ੍ਹਦੀਕਲਾ

ਸ਼ਾਨਦਾਰ ਜਿੰਦਗੀ ਜੇ ਜੀਓਣੀ
ਚੜ੍ਹਦੀਕਲਾ 'ਚ ਰਹਿਣਾ ਸਿਖੋ

ਜਿੰਦਾ ਦਿਲ ਕਦੀ ਨਾ ਢਹਿੰਦਾ
ਦੁੱਖ ਨੂੰ ਹੱਸ ਕੇ ਸਹਿਣਾ ਸਿਖੋ

ਚੋਰ ਹੈ ਚਾਰ ਦਿਨਾ ਦਾ ਰਾਜਾ
ਵੱਲ ਇਮਾਨ ਦੇ ਬਹਿਣਾ ਸਿਖੋ

ਪਰਬਤ ਵਰਗਾ ਹੌਂਸਲਾ ਰੱਖ ਕੇ
ਤੂਫਾਨਾ ਦੇ ਨਾਲ਼ ਖਹਿਣਾ ਸਿਖੋ
ਸੱਚ ਬੋਲੋ ਜੀ ਛਾਤੀ ਠੋਕ ਕੇ
ਝੂਠ ਨੂੰ ਝੂਠ ਵੀ ਕਹਿਣਾ ਸਿਖੋ



**ਬਿੰਦਰ ਸਾਹਿਤ ਇਟਲੀ**

## ਔਰਤ ਅਬਲਾ ਨਹੀਂ ਨਾਰੀ

ਔਰਤਾਂ ਕਿੱਸੇ ਅਤੇ ਕਹਾਣੀਆਂ ਦੀਆਂ
ਦੁਖਾਂਤਕ ਪਾਤਰ ਹੀ ਨਹੀਂ ਹੁੰਦੀਆਂ
ਲਿਖਾਰੀ ਵੀ ਹੁੰਦੀਆਂ
ਜੋ ਵਾਲਮੀਕ ਦੇ ਹੱਥੋਂ ਕਲਮ ਫੜ੍ਹ
ਨਿਰਧਾਰਿਤ ਕਰ ਸਕਦੀਆਂ
ਇਸ ਮਰਦ-ਪ੍ਰਧਾਨ ਸਮਾਜ ਲਈ ਵੀ
ਇਕ ਲਕਸ਼ਮਣ ਰੇਖਾ

ਔਰਤਾਂ ਦੇਵ-ਦਾਸੀਆਂ ਹੀ ਨਹੀਂ ਹੁੰਦੀਆਂ
ਖਿਡਾਰੀ ਵੀ ਹੁੰਦੀਆਂ
ਜੋ ਧੋਬੀ ਪਛਾੜ ਲਾ
ਹਵਸ ਵਿੱਚ ਅੰਨ੍ਹੇ
ਵੱਡੇ-ਵੱਡੇ ਮਹਾਂਰਥੀਆਂ ਨੂੰ
ਪਟਕਾ ਦਿੰਦੀਆਂ
ਅਸਮਾਨ ਤੋਂ ਧਰਤੀ ਉੱਤੇ
ਇਕ ਹੀ ਝਟਕੇ ਵਿੱਚ


ਔਰਤਾਂ ਅਬਲਾ ਹੀ ਨਹੀਂ ਹੁੰਦੀਆਂ
ਨਾਰੀ ਵੀ ਹੁੰਦੀਆਂ
ਜੋ ਦੁਰਗਾ ਦਾ ਰੂਪ ਧਾਰ
ਮਹਿਖਾਸੁਰ ਸੁੰਭ ਨਿਸੁੰਭ
ਦੈਂਤਾਂ ਦਾ ਵਧ ਕਰ
ਸਿਉਂ ਲੈਂਦੀਆਂ
ਆਪਣਾ ਰੱਤਾ ਸਾਲੂ

ਔਰਤਾਂ ਸੂਖ਼ਮ ਸੋਹਲ
ਪੱਤੀਆਂ ਹੀ ਨਹੀਂ ਹੁੰਦੀਆਂ
ਗੁਲਾਬ ਕੌਰ ਵੀ ਹੁੰਦੀਆਂ
ਜੋ ਖੜ੍ਹ ਜਾਂਦੀਆਂ ਹਕੂਮਤ ਅੱਗੇ
ਸਰਾਭੇ ਦੀਆਂ ਵਾਰਿਸ ਹੋ

ਔਰਤਾਂ ਬਲਬੀਰੋ ਭਾਬੀ ਹੀ ਨਹੀਂ ਹੁੰਦੀਆਂ
ਦੁਰਗਾ ਭਾਬੀ ਵੀ ਹੁੰਦੀਆਂ
ਜੋ ਉਡਾ ਦਿੰਦੀਆਂ
ਕਿਸੇ ਸਾਂਡਰਸ ਦੇ ਸਿਰ ਦਾ ਤਾਜ

ਔਰਤਾਂ ਹਮੇਸ਼ਾਂ ਸਰਾਪੀ
ਅਹੱਲਿਆ ਹੀ ਨਹੀਂ ਹੁੰਦੀਆਂ
ਸਗੋਂ ਖ਼ੁਦ ਰਿਸ਼ੀਵਰ ਹੋ
ਬਣ ਸਕਦੀਆਂ ਕਿਸੇ
ਸਿਰ ਫਿਰੇ ਇੰਦਰ ਦਾ ਕਾਲ

ਜੇਕਰ ਮਰਦ ਸ਼ੈਤਾਨ ਹੋ ਜਾਵੇ
ਔਰਤ ਅਬਲਾ ਨਹੀਂ ਰਹਿੰਦੀ
ਤਿੱਖੀ ਸ਼ਮਸ਼ੀਰ ਹੋ ਜਾਂਦੀ।



**ਵਿਰਕ ਪੁਸ਼ਪਿੰਦਰ**

## ਨੀ ਕੁੜੀਏ

ਨਾ ਨਾਨਕ ਨੇ ਮੁੜ ਕੇ ਆਉਣਾ,
ਨਾ ਨਾਨਕ ਨੂੰ ਭਾਲ ਨੀ ਕੁੜੀਏ।

ਹੁਣ ਵਿਚਾਰੀ ਬਣ ਨਹੀਂ ਸਰਨਾ,
ਆਪਣੀ ਹੋਸ਼ ਸੰਭਾਲ ਨੀ ਕੁੜੀਏ।

ਦੁੱਲੇ ਵੀਰੇ ਨਸ਼ਿਆਂ ਖਾ ਲਏ,
ਛੱਡ ਰੱਖੜੀ ਦਾ ਖਿਆਲ ਨੀ ਕੁੜੀਏ।

ਹੀਣਾ ਸਮਝ ਕੇ ਖੁਦਕੁਸ਼ੀ ਕਰਨਾ,
ਵੰਸ਼ ਤੇਰੇ ਲਈ ਗਾਲ ਨੀ ਕੁੜੀਏ।

ਇੱਜ਼ਤ ਆਬਰੂ ਕੁੱਖ ਸੁਖੀ ਨਾ,
ਸਮੇਂ ਸਮੇਂ ਦੀ ਚਾਲ ਨੀ ਕੁੜੀਏ।

ਡਰ ਜਾਣਾ ਮਰ ਜਾਣ ਬਰਾਬਰ,
ਚੁੱਕ ਲੈ ਹੱਥ ਮਸ਼ਾਲ ਨੀ ਕੁੜੀਏ।

ਸ਼ਿਕਰੇ ਬਾਜਾਂ ਨੂੰ ਹੱਥ ਪਾਵੀਂ,
ਲੈ 'ਰਾਜਨ' ਨੂੰ ਨਾਲ ਨੀ ਕੁੜੀਏ।



**ਰਜਿੰਦਰ ਸਿੰਘ ਰਾਜਨ**
96538-85032

## ਕੂਕ

ਨੀ ਚਿੜੀਏ, ਚੱਲ ਉਡ ਚੱਲੀਏ,
ਜਿਥੇ ਸੁਣੇ ਨਾ ਕੋਈ ਬਾਤ
ਮੈਂ ਉਥੇ ਰਹਿਣਾ ਨਹੀਂ।
ਮੈਂ ਉਥੇ ਰਹਿਣਾ ਨਹੀਂ।
ਚਿੜੀਏ ਨੀ ਚਿੜੀਏ
ਮੈਂ ਬੜਾ ਕੁਰਲਾਈ।
ਹਾਲ ਪਾਰਿਆ ਮੈਂ ਬੜੀ
ਦਿੱਤੀ ਦੁਹਾਈ?
ਕਿਸੇ ਭੜੂਏ ਨਾ ਮੇਰੀ
ਪੀੜ ਵੰਡਾਈ।
ਮੈਂ ਇਥੇ ਰਹਿਣਾ ਨਹੀਂ
ਸਾਵਾ ਮੈਂ ਇਥੇ ਰਹਿਣਾ ਨਹੀਂ
ਕਾਵਾਂ ਨਾਲ ਰਲ ਜਾਵੇ
ਕਹਿੰਦੇ ਜਿਥੇ ਬਾਜ਼ ਨੀ
ਅੰਨ੍ਹੇ, ਬੋਲਿਆ ਦੇ ਹੱਥ
ਆਜੇ ਜਦੋਂ ਰਾਜ ਨੀ
ਆਪਣਿਆਂ ਦਾ ਜਿਥੇ
ਰਹਿਣ ਲੱਗਜੇ ਲਿਹਾਜ ਨੀ।
ਮੈਂ ਇਥੇ ਰਹਿਣਾ ਨਹੀਂ
ਸਾਵਾ ਮੈਂ ਇਥੇ ਰਹਿਣਾ ਨਹੀਂ।
ਜਿਥੇ ਗਿਰ ਜਾਣ ਇਖਲਾਕ
ਮੈਂ ਇਥੇ ਰਹਿਣਾ ਨਹੀਂ
ਜਿਥੇ ਮੁਕ ਜਾਏ ਨਿਆਂ ਦੀ ਝਾਕ
ਮੈਂ ਇਥੇ ਰਹਿਣਾ ਨਹੀਂ?
ਦਿਲ ਵਿੱਚੋਂ ਨਿਕਲੀ ਸੀ
ਉੱਚੀ ਉੱਚੀ ਕੂਕ ਨੀ
ਸਮਝ ਗਈ ਪੀੜਾ ਮੇਰੀ
ਪੂਰੀ ਮਖਲੂਕ ਨੀ।
ਅਲੀ ਦੁਨੀਆਂ 'ਚ ਗੂੰਜੇਗੀ ਆਵਾਜ਼।
ਮੈਂ ਇਥੇ ਰਹਿਣਾ ਨਹੀਂ
ਨੀ ਚਿੜੀਏ ਚੱਲ ਉੱਡ ਚੱਲੀਏ।
ਮੁਖਤਿਆਰ ਅਲੀ



**ਸ਼ਾਹਪੁਰ ਕਲਾਂ**
98728 96450

## ਫ਼ੋਟੋ ਸੰਗ ਸੰਵਾਦ !

ਨਹੀਂ! ਨਹੀਂ!
ਇਹ ਕੱਚਾ ਨਹੀਂ,
ਇਸ 'ਤੇ,
ਤਰ ਸਕਦਾ ਕੋਈ।
ਤਰ ਕੇ, ਇਸ 'ਤੇ,
ਨਹੀਂ, ਮਰ ਸਕਦਾ ਕੋਈ।
ਰੂਹਾਂ ਦੇ ਰੰਗ,
ਜ਼ਖ਼ਮ ਵੀ,
ਨਾਲ ਨੇ ਰਿਸਦੇ।
ਭਰੇ ਨੇ, ਜੋ ਖੁਣ ਕੇ,
ਨਹੀਂ, ਭਰ ਸਕਦਾ ਕੋਈ।
ਟਿਕੀ ਹੈ ਨਜ਼ਰ,
ਦਰਾਂ 'ਤੇ 'ਜੱਸੀ'।
ਮਿੱਠੜੇ ਜੇ,
ਬੋਲਾਂ ਨੂੰ ਅਜੇ ਤੱਕ,
ਹੈ ਤਰਸਦਾ ਕੋਈ।



**ਜਸਪਾਲ ਜੱਸੀ**

## ਜੂਨ 84

ਬਹੁਤੇ ਸੀ ਆਪਣੇ ਥੋੜ੍ਹੇ ਸੀ ਗੈਰ
ਕਿਸੇ ਆਣ ਕੇ ਪਾ ਲਿਆ
ਸਿੱਖਾਂ ਦੇ ਮੱਕੇ ਨਾਲ ਵੈਰ।।

ਚਲਦੇ ਬਾਣੀ ਦੇ ਪ੍ਰਵਾਹ ਤੇ,
ਢਾਹਿਆ ਸੀ ਟੈਂਕਾ ਨਾਲ ਕਹਿਰ।।

ਖ਼ੂਨ ਇਉਂ ਵਗਿਆ,
ਜਿਵੇਂ ਵਗੇ ਕੋਈ ਨਹਿਰ।।

ਦੁਨੀਆ ਨਾਲੋਂ ਤੋੜਤਾ ਸੀ,
ਨਗਰੀ ਗੁਰੂ ਦੀ ਅੰਮ੍ਰਿਤਸਰ ਸ਼ਹਿਰ।

ਅਣਖੀ ਸਿੱਖ ਸੂਰਮੇ ਕਦੇ
ਪਹਿਲਾਂ ਨਾ ਪਾਉਂਦੇ ਵੈਰ

'ਕਾਂਝਲਿਆ' ਥਾਪੜਾ ਹੈ ਗੁਰੂ ਦਾ,
ਸਦਾ ਪਾਪੀਆਂ ਨੂੰ ਕਰਾਉਂਦੇ
ਨਰਕਾਂ ਦੀ ਸੈਰ।।



**ਬਲੌਰ ਸਿੰਘ ਕਾਂਝਲਾ**
94643-91194

## ਸਵਾਰਥੀ ਰਿਸ਼ਤੇ

ਭੀੜ ਵਿਚੋਂ ਮਨੁੱਖਤਾ ਮੈਂ ਰਹੀ ਭਾਲਦੀ।
ਸਵਾਰਥੀ ਇਹ ਰਿਸ਼ਤੇ ਮੈਂ ਰਹੀ ਪਾਲਦੀ।

ਧੁੱਪਾਂ ਨਾਲ ਲੜ ਕੇ ਮਸਾਂ ਲੱਭੀਆਂ ਸੀ ਛਾਵਾਂ,
ਪਤਝੜਾਂ ਆਈਆਂ ਨੂੰ ਮੈਂ ਰਹੀ ਟਾਲਦੀ।

ਅਪਣੱਤ ਤੇ ਪਿਆਰ ਦੀਆਂ ਇੱਟਾਂ ਲਾ ਕੇ,
ਰੇਤ ਵਾਲੇ ਮਹਿਲ ਮੈਂ ਰਹੀ ਉਸਾਰਦੀ।

ਆਪਣਾ ਕਦੀ ਕੋਈ ਮੇਰਾ ਬਣਿਆ ਨਾ,
ਝੂਠੇ ਮਖੌਟਿਆਂ ਨੂੰ ਮੈਂ ਰਹੀ ਪਿਆਰ ਦੀ।

ਰਿਸ਼ਤੇ ਬਚਾਉਣ ਲਈ ਸੀ ਆਪਾ ਵਾਰਿਆ,
ਦਿਨ ਰਾਤ ਉਹਨਾਂ ਨੂੰ ਮੈਂ ਰਹੀ ਨਿਹਾਰਦੀ।

ਆਪਣੇ ਨੂੰ ਹਮੇਸ਼ ਸੀ ਅਣਗੌਲਦੀ ਰਹੀ,
ਦੂਸਰਿਆਂ ਦੇ ਘਰ ਮੈਂ ਰਹੀ ਸੰਵਾਰਦੀ।

ਸੁਹਿਰਦ ਪਿਆਰ ਕਦੀ ਮਿਲਿਆ ਨਹੀਂ,
ਜੋ ਮਿਲਿਆ ਉਸੇ ਨਾਲ ਮੈਂ ਰਹੀ ਸਾਰਦੀ।

ਸ਼ਕਾਇਤਾਂ ਜ਼ਿੰਦਗੀ ਨੂੰ ਮੈਂ ਬਹੁਤ ਕੀਤੀਆਂ,
ਇਸ ਲਈ ਸੀ ਬੜਾ ਕੁੱਝ ਮੈਂ ਰਹੀ ਵਾਰਦੀ।

ਬੜੀਆਂ ਉਮੀਦਾਂ ਨਾਲ ਮੈਂ ਕਦਮ ਮਿਲਾਏ,
ਖ਼ੁਆਬਾਂ ਤੇ ਖ਼ੁਆਹਿਸ਼ਾਂ ਨੂੰ ਮੈਂ ਰਹੀ ਮਾਰਦੀ।

ਸੰਘਰਸ਼ ਤੋਂ ਬਾਅਦ ਸੀ ਮਹਿਕਣਾ ਚਾਹਿਆ,
ਫੇਰ ਵੀ ਮੈਂ ਜ਼ਿੰਦਗੀ ਵਿੱਚ ਰਹੀ ਹਾਂ ਹਾਰਦੀ।

**ਪ੍ਰਕਾਸ਼ ਕੌਰ ਪਾਸ਼ਾਂ**

## ਨਿਰਾਲੇ ਦਿਨ

ਅਸੀਂ ਪੜ੍ਹਨੀ ਮੁਹਾਰਨੀ,
ਉੜਾ ਐੜਾ ਪਾਈ ਜਾਣਾ।
ਵਾਰੀ ਵਾਰੀ ਲਿਖ ਲੈਣਾ,
ਉਹੀ ਫਿਰ ਢਾਈ ਜਾਣਾ।
ਸਲੇਟ ਉੱਤੇ ਥੁੱਕ ਕੇ ਤੇ,
ਹੱਥ ਨੂੰ ਘਸਾਈ ਜਾਣਾ।
ਸਲੇਟੀ ਅਤੇ ਗਾਚੀ
ਲੱਗਣੀ ਸਵਾਦ ਸਾਨੂੰ,
ਝੋਲੇ ਵਿੱਚ ਮੂੰਹ ਪਾ ਕੇ,
ਚੋਰੀ ਚੋਰੀ ਖਾਈ ਜਾਣਾ।
ਜੈ ਹਿੰਦ ਕਹਿਣਾ ਮੱਥੇ
ਉੱਤੇ ਹੱਥ ਰੱਖ,
ਇੱਕ ਨੰਬਰ ਦੋ ਨੰਬਰ
ਮੈਡਮ ਨੂੰ ਸਤਾਈ ਜਾਣਾ।
ਕਈ ਵਾਰੀ ਕੰਨ ਫੜ ਕੁੱਕੜ
ਸੀ ਬਣੇ ਅਸੀਂ,
ਮੰਨਣੀ ਨਾ ਸ਼ਰਮ ਭੋਰਾ
ਹੱਸੀ ਤੇ ਹਸਾਈ ਜਾਣਾ।
ਕਰਨਾ ਨਾ ਕੰਮ
ਅਸੀਂ ਜੇ ਸਕੂਲ ਦਾ,
ਭੈਣ ਜੀ ਨੇ ਸਾਥੋਂ ਬੈਠਕਾਂ
ਕਢਾਈ ਜਾਣਾ।
ਇੱਕ ਦੋ ਤਿੰਨ ਨਾਲੇ
ਅਸੀਂ ਬੋਲਣਾ
ਭੈਣ ਜੀ ਨੇ ਬੈਠ ਕੇ
ਡੰਡੇ ਨੂੰ ਹਲਾਈ ਜਾਣਾ।
ਘੰਟੀ ਜਦੋਂ ਵੱਜਣੀ ਜਾ ਕੇ
ਗਰਾਊਂਡ ਵਿੱਚ,
ਚੋਰ ਤੇ ਸਿਪਾਹੀ ਕਹਿ
ਇੱਕ ਦੂਜੇ ਨੂੰ ਭਜਾਈ ਜਾਣਾ।
ਮੋਢੇ ਵਿੱਚ ਝੋਲ ?ਾ ਤੇ
ਹੱਥ ਵਿੱਚ ਫੱਟੀ ਹੋਣੀ,
ਕਮਲਿਆ ਵਾਂਗੂ ਉਸ ਨੂੰ
ਘੁਮਾਈਂ ਜਾਣਾ।
ਆੜੀ ਟੂ ਕਰਕੇ ਫੇਰ
ਅਸੀਂ ਪਾ ਲੈਣੀ,
ਸਭ ਕੁਝ ਭੁੱਲ ਇੱਕ ਦੂਜੇ
ਨੂੰ ਬੁਲਾਈ ਜਾਣਾ।
ਹਰਪ੍ਰੀਤ ਪੱਤੋ ਉਹ ਦਿਨ
ਹੀ ਨਿਰਾਲੇ ਸੀ।
ਦੱਸ ਦੇਣਾ ਸਾਰਿਆਂ ਨੂੰ
ਨਾਲੇ ਚੀਜ਼ ਨੂੰ ਛਪਾਈ ਜਾਣਾ।

**ਹਰਪ੍ਰੀਤ ਪੱਤੋ**
94658-21417

## ਬੱਦਲਾਂ ਨੂੰ

ਆਹ ਮਹੀਨਾ ਚੱਲੇ ਜੇਠ
ਗੱਲ ਸੁਣ ਆ ਕੇ ਹੇਠ
ਬਿਨਾਂ ਮੌਸਮ ਤੋਂ ਕਿਉਂ?
ਵਰ੍ਹੀ ਜਾਨੈ ਫਰਜ਼ੀ
ਕੀ ਤੂੰ ਸਾਉਣ ਵਿੱਚ
ਛੁੱਟੀ ਦੀ ਲਗਾਈ ਅਰਜ਼ੀ?

ਵਾਅਦਾ ਸਾਉਣ ਦਾ ਸੀ ਕੀਤਾ
ਪਰ ਝੂਠੇ ਤੇਰੇ ਲਾਰੇ
ਤੂੰ ਤਾਂ ਵੇਖਦਾ ਏਂ ਥਾਵਾਂ
ਮਾਰ ਮਾਰ ਲਿਸ਼ਕਾਰੇ
ਚੋਈ ਕੱਲ੍ਹ ਦਾ ਹੀ ਜਾਂਦਾ
ਮੇਰਾ ਕੱਚਾ ਘਰ ਜੀ
ਕੀ ਤੂੰ ਸਾਉਣ ਵਿੱਚ
ਛੁੱਟੀ ਦੀ ਲਗਾਈ ਅਰਜ਼ੀ?

-ਖੁਸ਼ੀ ਦੂਹੜਿਆਂ ਦਾ' ਆਖੇ
ਪਾਈ...ਰੱਖਦੈਂ .. ਭੁਲੇਖੇ
ਆਉਣ ਦਿੰਦਾ ਨਹੀਂ ਤੂੰ ਵੱਤ
ਔਖੇ ਫਸਲਾਂ ਦੇ ਰਾਖੇ
ਬੰਦਾ ਬਣ ਕੇ ਤੂੰ ਦੱਸ,
ਤੇਰੀ ਕੀ ਹੈ ਮਰਜ਼ੀ
ਕੀ ਤੂੰ ਸਾਉਣ ਵਿੱਚ
ਛੁੱਟੀ ਦੀ ਲਗਾਈ ਅਰਜ਼ੀ?



**ਖੁਸ਼ੀ ਮੁਹੰਮਦ 'ਚੱਠਾ'**

## ਕਵਿਤਾ

ਜੇ ਮਿਲ ਜਾਂਦਾ ਓ ਤੇ ਗੱਲ ਕਾਹਦੀ ਸੀ
ਚਲ ਮੇਰੇ ਚ' ਈ ਮਗਰੂਰੀ ਜ਼ਿਆਦੀ ਸੀ

ਕਿ ਉਹਦੇ ਖ਼ੁਆਬ ਸਨ ਚੰਨ ਨੂੰ ਭਰਨੇ ਦੇ
ਮੈਂ ਤੇ ਉਹਦੀ ਨੁੱਕਰ ਵਿੱਚ ਵੀ ਰਾਜੀ ਸੀ

ਬੜਾ ਮਾਹਿਰ ਏ ਉਂਞ ਦਾਅ ਦੂ ਲਾਵਣ 'ਚ
ਪਰ ਮੇਰੇ ਨਾਂ ਤੇ ਕਿਹੜੀ ਖੇਡੀ ਬਾਜੀ ਸੀ

ਕੰਨ ਪੜਾਵਾਂਦਾ ਜਾਂ ਕੋਈ ਤਪ ਕਰਦਾ ਓ
ਨਾ! ਫਤਵਾ ਸੁਣਾ ਗਿਆ ਓ ਕਾਜੀ ਸੀ

ਆਸ ਨੀ ਹੁਣ ਮੇਰਾ ਹੋਵੇ ਸੱਤੇ ਜਨਮਾਂ ਤੀਕ
ਗੱਲ ਤੇ ਕਹਿਨੀ ਪਰ ਇਕ ਰਿਵਾਜੀ ਸੀ

ਕਿਹੜੇ ਰੱਬ ਲਈ ਮੈਨੂੰ ਰੱਬ ਰੋਲ ਗਿਐ
ਸਿਮਰ ਦੀ ਮੰਜ਼ਿਲ ਤੇ ਕੋਈ ਸ਼ਹਿਜ਼ਾਦੀ ਸੀ

ਜੇ ਮਿਲ ਜਾਂਦਾ ਓ ਤੇ ਗੱਲ ਕਾਹਦੀ ਸੀ
ਚਲ ਮੇਰੇ 'ਚ ਈ ਮਗਰੂਰੀ ਜਿਆਦੀ ਸੀ



**ਸਿਮਰਨਜੀਤ ਕੌਰ ਸਿਮਰ**

## ਇਕ-ਇਕ ਰੁੱਖ

ਮਾਂਵਾਂ ਵਾਂਗ ਉੱਚੀ ਕੋਈ ਥਾਂ ਨ੍ਹੀਂ ਲੱਭਣੀ
ਪਿੱਪਲ ਬੋਹੜ ਜਿਹੀ ਛਾਂ ਨ੍ਹੀਂ ਲੱਭਣੀ
ਨਿੰਮ ਪੂਰਾ ਲੱਗੇ ਦਰਵੇਸ਼-ਪੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਧੀਆਂ ਅਤੇ ਧ੍ਰੇਕਾਂ ਹੋਣ ਸ਼ਾਨ ਵਿਹੜੇ ਦੀ
ਬਣ ਦੀਆਂ ਸਦਾ ਨੇ ਸਰੋਤ ਖਿਹੜੇ ਦੀ
ਸਮੇਂ ਨੇ ਪਿਆਰ ਕਰ ਦਿੱਤਾ ਲੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਜੋ ਲੋਕ ਰੁੱਖਾਂ ਨਾਲ ਲਾਉਣ ਯਾਰੀਆਂ
ਇੱਛਾ ਪੂਰੀ ਹੋਣ ਉਨ੍ਹਾਂ ਦੀਆਂ ਸਾਰੀਆਂ
ਰੁੱਖਾਂ ਹੇਠ ਬਹਿ ਗਾਉਣ ਉਹ ਹੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਇਨ੍ਹਾਂ ਹੇਠ ਕੱਟ ਲਓ ਭਾਵੇਂ ਜੇਠ ਜੀ
ਹਾੜ ਵੀ ਬਿਤਾ ਲਓ ਭਾਵੇਂ ਰੁੱਖਾਂ ਹੇਠ ਜੀ
ਪੱਤਲਾਂ 'ਤੇ ਰੱਖ ਖਾਓ ਪੂੜੇ ਖੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

ਕਰੋਨੇ ਨੇ ਦੱਸਿਆ ਜਹਾਨ ਨੂੰ ਸਾਰੇ
ਰੁੱਖਾਂ ਬਿਨ ਬੰਦਾ ਜਿੱਤੀ ਬਾਜੀ ਵੀ ਹਾਰੇ
ਹੁਣ ਹੀ ਤੂੰ ਕਰਲੈ ਖਿਆਲ ਬੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਰੁੱਖਾਂ ਦੀ ਕਟਾਈ ਬੜੀ ਭਾਰੀ ਪੈ ਗਈ
ਭੂਮੀ-ਖੋਰ ਧਰਤੀ ਬਹਾ ਕੇ ਲੈ ਗਈ
ਮੁੱਕ ਚੱਲਿਆ ਏ ਧਰਤੀ ਦਾ ਨੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

ਕੰਦ-ਮੂਲ ਫ਼ਲ ਸਾਰੇ ਰੁੱਖ ਨੇ ਦਿੰਦੇ
ਰੁੱਖਾਂ 'ਤੇ ਕੁਹਾੜੀ ਪਰ ਕੋਈ ਨਾ ਨਿੰਦੇ
ਰੋਕ ਦਿਓ ਚੱਲ ਰਹੀ ਸ਼ਮਸ਼ੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

**ਵੀਨਾ ਬਟਾਲਵੀ**
ਸ ਸ ਸ ਸਕੂਲ ਕਿਲ੍ਹਾ ਟੇਕ ਸਿੰਘ-ਬਟਾਲਾ

Josayih Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD